# ਵਤਨੋਂ ਦੂਰ


## ਇਸ ਅੰਕ ਵਿਚ

ਲੇਖ : ਲਾਸ਼ਾਂ ਦਾ ਸ਼ਹਿਰ – ਭੁਪਾਲ / ਵੈਨਕੂਵਰ ਸੱਥ (ਸੁਖਵੰਤ ਹੁੰਦਲ, ਸਰਵਣ ਬੋਲ, ਸਾਧੂ, ਮੱਖਣ ਟੁੱਟ)
ਸਾਮਰਾਜੀ ਪ੍ਰਬੰਧ ਦੇ ਕਾਰੇ : ਇਥੋਪੀਆ ਵਿਚ ਭੁੱਖਮਰੀ ਨੇ ਲੱਖਾਂ ਨਿਗਲ ਲਏ / ਜੈਕਾਰਾ ਦਸੰਬਰ '84
ਕੱਚੀ ਨੀਂਦ ਉਠੇ ਲੇਖਕਾਂ ਨੂੰ ਜਵਾਬ / ਸੁਖਪਾਲ
ਲੀਡਰਾਂ ਦੀ ਕੋਝੀ ਨੀਤੀ ਦਾ ਸ਼ਿਕਾਰ ਲੋਕ / ਹਰਦੇਵ ਵਿਰਕ

ਨਾਟਕ : ਬਾਬਾ ਬੋਲਦਾ ਹੈ / ਗੁਰਸ਼ਰਨ ਸਿੰਘ (ਸਮਤਾ)

ਕਹਾਣੀ : ਸਰਾਪ / ਕਮਲਾ ਦੱਤ (ਅਨੁਵਾਦਕ : ਸੁਖਵੰਤ ਹੁੰਦਲ)

ਰਿਪੋਰਟਾਂ : ਐਂਟੀ-47 ਫਰੰਟ ਵੱਲੋਂ ਗੁਰਦੁਆਰਾ ਫਰੀਮੌਂਟ ਦੇ ਪਾਜ਼ੂ ਪੋਲ ਦੀ ਵਿਸ਼ੇਸ਼ ਰਿਪੋਰਟ /
ਜਿਦ ਸਿੰਘ 'ਬਾਬਾ', ਲਖਵਿੰਦਰ ਲਿਟ
ਵੈਨਕੂਵਰ ਸੱਥ ਦਾ ਦੂਜਾ ਸੱਭਿਆਚਾਰਕ ਅਤੇ ਸਾਹਿਤਕ ਪ੍ਰੋਗਰਾਮ / ਸਰਵਣ ਬੋਲ
ਕਮਿਊਨਿਟੀ ਵਿਚ ਸੱਦ-ਭਾਵਨਾਂ ਦੇ ਮਸਲੇ ਸਬੰਧੀ ਮੀਟਿੰਗ / ਸਤਵੰਤ

ਕਵਿਤਾਵਾਂ : ਫੈਜ਼ ਅਹਿਮਦ ਫੈਜ਼, ਸਾਧੂ, ਗੁਰਚਰਨ ਰਾਮਪੁਰੀ, ਇਕਬਾਲ ਰਾਮੂਵਾਲੀਆ, ਰਜਵੀਰ,
ਸੁਖਪਾਲ, ਜਗਤਾਰ ਢਾਅ, ਸੁਰਿੰਦਰ ਧੰਜਲ, ਮੱਖਣ ਟੁੱਟ, ਅਜਮੇਰ ਰੋਡੇ, ਮਿੱਤਰ ਰਾਸ਼ਾ

ਖਤ, ਪ੍ਰੈਸ ਰੀਲੀਜ਼ : ਫਲਮਣ ਸਿੰਘ ਗੋਸਲ, ਜਗਤਾਰ ਢਾਅ, ਬਲਦੇਵ ਬਾਵਾ


# WATNO DUR


**Jan.-Feb. 1985**

**Vol. 12 No. 104**

**Date of issue: Jan 23, 1985**

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

**Date of issue: Jan 23,1985**

(Started in July 1973)

2nd Class Mail Reg. No. 3233 | **Jan.-Feb. 1985** | **Vol. 12 No.104**

Editorial Board:

Satwant Deepak, Edmonton .................. 461-1917
Laat Bhinder, Edmonton .................. 435-7469
Avtar Gill, Sherwood Park .................. 464-3851
Karnail Randhawa, Edmonton .................. 462-2712

Watno Dur Representatives:

- British Columbia

Sadhu, Burnaby .................. 437-9014
Sukhwant Hundal, Vancouver .................. 321-9221
Amarjit Chahal, Surrey .................. 581-0406
Paul Binning, Richmond .................. 270-9467
Gurcharan Tallewalia, Burnaby .................. 298-3431
Tej Sandhu, Quesnel .................. 992-6775
Avtar Rodhey, Quesnel .................. 992-7578
Inderjit Rode, Vancouver .................. 430-4104

- Ontario

Surinder Dhanjal, Hamilton ..................

## ਇਹ ਕੈਸੀ ਆਜ਼ਾਦੀ ਹੈ?

ਪਿਛਲੇ 35 ਵਰ੍ਹਿਆਂ ਤੋਂ 26 ਜਨਵਰੀ ਦੇ ਅਖੌਤੀ ਗਣਤੰਤਰਤਾ ਦਿਵਸ ਦਾ ਡਰਾਮਾਂ ਭਾਰਤ ਤੇ ਬਦੇਸ਼ਾਂ ਵਿਚਲੀਆਂ ਸਰਮਾਏਦਾਰੀ ਦੀ ਰਖੇਲ ਭਾਰਤੀ ਸਰਕਾਰ ਦੀਆਂ ਝੋਲੀ ਚੁੱਕ ਸੰਸਥਾਵਾਂ ਬੜੇ ਜ਼ੋਰ-ਸ਼ੋਰ ਨਾਲ ਖੇਡ ਰਹੀਆਂ ਹਨ। ਮੌਜੂਦਾ ਭਾਰਤੀ ਰਾਜ ਅੰਦਰ ਜਿਸ 'ਆਜ਼ਾਦੀ' ਦੀ ਅੱਜ ਸਰਕਾਰੀ ਟੁਕੜਬੋਚ ਢੋਲੇ ਕੌਮੀ ਤਰਾਨੇ ਗਾ ਗਾ ਕੇ ਡੌਂਡੀ ਪਿੱਟ ਰਹੇ ਹਨ ਅਤੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੇ ਹਨ – ਜਿਸ ਧੱਕੜਸ਼ਾਹ, ਲੋਟੂ ਰਾਜ-ਪ੍ਰਬੰਧ ਦੇ ਸਹਾਰੇ ਭਾਰਤੀ ਜਨਤਾ, ਖਾਸ ਕਰਕੇ ਘੱਟ-ਗਿਣਤੀ ਅਤੇ ਮਿਹਨਤਕਸ਼ ਲੋਕਾਂ ਨੂੰ ਲੁੱਟਿਆ, ਦਬਾਇਆ, ਕਤਲ ਕੀਤਾ/ਕਰਵਾਇਆ ਜਾ ਰਿਹਾ ਹੈ, ਕੀ ਇਸੇ 'ਆਜ਼ਾਦੀ' ਲਈ ਸਾਡੇ ਲੱਖਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਸਨ? ਇਹ ਸਵਾਲ ਸਾਰੀ ਭਾਰਤੀ ਲੁੱਟੀ-ਪੁੱਟੀ ਜਾ ਰਹੀ ਜਨਤਾ ਲਈ ਅੱਜ ਇਕ ਵੰਗਾਰ ਹੈ।

ਸਾਡਾ ਵਿਸ਼ਵਾਸ਼ ਹੈ ਕਿ ਅਸਲੀ ਆਜ਼ਾਦੀ ਦਾ ਦਿਨ ਤਦ ਹੀ ਮਨਾਇਆ ਜਾਵੇਗਾ ਜਦੋਂ ਮਿਹਨਤਕਸ਼ਾਂ ਦੀ ਅਗਵਾਈ ਵਿਚ ਲੋਕ-ਰਾਜ ਆਵੇਗਾ, ਜਿਸ ਵਿਚ ਧਰਮਾਂ, ਨਸਲਾਂ, ਜਾਤਾਂ, ਫ਼ਿਰਕਿਆਂ ਦਾ ਰੇੜਕਾ ਨਹੀਂ ਰਹੇਗਾ ਅਤੇ ਨਵੀਂ ਜ਼ਿੰਦਗੀ ਦਾ ਆਰੰਭ ਹੋਵੇਗਾ। ਆਓ ਅੱਜ ਇਸ ਅਖੌਤੀ ਆਜ਼ਾਦੀ ਤੇ ਜਮਹੂਰੀਅਤ ਦਾ ਪਰਦਾ ਫਾਸ਼ ਕਰੀਏ ਅਤੇ ਅਸਲੀ ਆਜ਼ਾਦੀ ਲਈ ਆਪਣੀ ਆਪਣੀ ਸਮਰੱਥਾ ਅਨੁਸਾਰ ਸੰਘਰਸ਼ ਤੇਜ਼ ਕਰੀਏ।

- **ANNUAL SUBSCRIPTION**
  - Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
  - Special Rates for subscribers of India (Annual:RS10/-); Mail directly to: 1. Gursharan singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- WATNO DUR (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

ਵਿਸ਼ੇਸ਼ ਲੇਖ :

# ਲਾਸ਼ਾਂ ਦਾ ਸ਼ਹਿਰ – ਭੁਪਾਲ

ਵੈਨਕੂਵਰ ਸੱਥ (ਸੁਖਵੰਤ ਹੁੰਦਲ, ਸਰਵਨ ਬੋਲ, ਸਾਧੂ, ਮੱਖਣ ਟੁੱਟ)

ਮਨੁੱਖ ਨੇ ਜੋ ਹੁਣ ਤੱਕ ਸਨਅਤੀ ਤੌਰ 'ਤੇ ਤਰੱਕੀ ਕੀਤੀ ਹੈ ਉਸਦੇ ਸਿਰਫ਼ ਲਾਭ ਹੀ ਨਹੀਂ ਅਨੇਕਾਂ ਨੁਕਸਾਨ ਵੀ ਹੋਏ ਹਨ। ਸਨਅਤ ਦਾ ਬਹੁਤਾ ਮਾਰੂ ਅਸਰ ਹੌਲੀ ਹੌਲੀ ਲੰਮੇ ਸਮੇਂ ਵਿਚ ਹੋਇਆ ਅਤੇ ਮਨੁੱਖੀ ਜੀਵਨ ਦਾ ਅੰਗ ਬਣ ਜਾਣ ਕਰਕੇ ਇੰਨਾ ਰੜਕਦਾ ਨਹੀਂ। ਪਰ ਸਨਅਤ ਨਾਲ ਸਬੰਧਤ ਹਾਦਸੇ ਸਾਨੂੰ ਝੰਜੋੜਾ ਦੇ ਕੇ ਇਸ ਦੇ ਮਾਰੂ ਅਸਰਾਂ ਬਾਰੇ ਜਗਾ ਜਾਂਦੇ ਹਨ। ਇਹੋ ਜਿਹਾ ਝੰਜੋੜਨ ਵਾਲਾ ਹਾਦਸਾ ਪਿਛਲੇ ਮਹੀਨੇ ਭੁਪਾਲ ਵਿਚ ਹੋਇਆ ਹੈ। ਦਸੰਬਰ ਦੇ ਪਹਿਲੇ ਹਫ਼ਤੇ ਹੋਇਆ ਇਹ ਹਾਦਸਾ ਸਨਅਤ ਨਾਲ ਸਬੰਧਤ ਦੁਰਘਟਨਾਵਾਂ ਵਿਚੋਂ ਸਭ ਤੋਂ ਭਿਆਨਕ ਹਾਦਸਾ ਹੈ।

ਭੁਪਾਲ ਵਿਚ ਲੱਗੇ ਕੀੜੇਮਾਰ ਦਵਾਈਆਂ ਬਣਾਉਣ ਵਾਲੇ ਯੂਨੀਅਨ ਕਾਰਬਾਈਡ ਦੇ ਕਾਰਖਾਨੇ ਦੇ ਨੇੜੇ ਦੇ ਇਲਾਕਿਆਂ ਵਿਚ ਅੱਧੀ ਰਾਤ ਵੇਲੇ ਜਦੋਂ ਗਰੀਬ ਮਜ਼ਦੂਰ ਲੋਕ ਕੰਮਾਂ ਅਤੇ ਤੰਗੀਆਂ ਦੇ ਭੰਨੇ ਸੁੱਤੇ ਪਏ ਸਨ ਤਾਂ ਉਹਨਾਂ ਨੂੰ ਅਚਾਨਕ ਮੌਤ ਨੇ ਆ ਦਬਾਇਆ। ਇਹ ਮੌਤ ਇਸ ਕਾਰਖ਼ਾਨੇ 'ਚੋਂ ਨਿਕਲੀ ਮਿਥਾਈਲ ਆਈਸੋਸਾਈਨੇਟ (METHYL ISOCYNATE – MIC) ਨਾਂ ਦੀ ਗੈਸ ਸੀ। ਇਸ ਗੈਸ ਦੀ ਮਾਰ ਹੇਠਾਂ ਆਏ ਕੁਝ ਲੋਕ ਤਾਂ ਸੁੱਤੇ ਹੀ ਉਠ ਨਾ ਸਕੇ। ਕੁਝ ਲੋਕਾਂ ਦਾ ਜਦੋਂ ਇਸ ਗੈਸ ਨਾਲ ਦਮ ਘੁੱਟਣ ਲੱਗਾ ਤਾਂ ਉਹ ਬਚਾ ਲਈ ਬਾਹਰ ਸੜਕਾਂ 'ਤੇ ਆ ਗਏ। ਇਹਨਾਂ ਬਾਹਰ ਆਏ ਲੋਕਾਂ ਵਿਚੋਂ ਜਿਹੜੇ ਲੋਕ ਕਾਰਖ਼ਾਨੇ ਦੀ ਦਿਸ਼ਾ ਵੱਲ ਚਲੇ ਗਏ ਉਹ ਸਾਰੇ ਮੌਤ ਦਾ ਸ਼ਿਕਾਰ ਹੋ ਗਏ। ਕੁਝ ਲੋਕਾਂ ਨੇ ਆਪਣੀਆਂ ਝੁੱਪੜੀਆਂ ਬੰਦ ਕਰ ਕੇ ਹੀ ਬਚਣ ਦਾ ਸੋਚਿਆ ਪਰ ਬਦਕਿਸਮਤ ਬਚ ਨਾ ਸਕੇ। ਉਨ੍ਹਾਂ ਦੀਆਂ ਝੁੱਪੜੀਆਂ ਉਨ੍ਹਾਂ ਲਈ ਗੈਸ ਚੈਂਬਰ ਬਣ ਗਈਆਂ। ਇਹ ਮੌਤ ਦਾ ਬੱਦਲ ਝੁੱਪੜੀਆਂ ਉਪਰੋਂ ਦੀ ਹੁੰਦਾ ਹੋਇਆ ਭੁਪਾਲ ਦੇ ਰੇਲਵੇ ਸਟੇਸ਼ਨ ਵੱਲ ਵਧਿਆ ਅਤੇ ਉਥੇ ਰੇਲ ਦੇ ਮੁਲਾਜ਼ਮ, ਕੁਲੀ, ਰੇੜ੍ਹੀਆਂ ਵਾਲੇ ਅਤੇ ਸਟੇਸ਼ਨ ਉਤੇ ਮੌਜੂਦ ਮੁਸਾਫ਼ਰ ਇਸ ਮੌਤ ਦਾ ਸ਼ਿਕਾਰ ਹੋਏ। ਕੁਝ ਹੀ ਘੰਟਿਆਂ ਵਿਚ ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਸੜਕਾਂ ਉਪਰ ਲੋਕਾਂ ਅਤੇ ਜਾਨਵਰਾਂ ਦੀਆਂ ਲਾਸ਼ਾਂ ਵਿੱਛਣ ਲੱਗੀਆਂ। ਭੁਪਾਲ ਇਕ ਲਾਸ਼ਾਂ ਦਾ ਸ਼ਹਿਰ ਜਾਪਣ ਲੱਗਾ। ਟੈਲੀਵੀਜ਼ਨ ਕੈਮਰਿਆਂ ਨੇ ਦੁਨੀਆਂ ਭਰ ਨੂੰ ਇਸ ਦੁਰਘਟਨਾ ਦੇ ਦ੍ਰਿਸ਼ ਵਿਖਾਏ ਹਨ ਕਿ ਕਿਵੇਂ ਪਸ਼ੂਆਂ ਦੀਆਂ ਲਾਸ਼ਾਂ ਕਰੇਨਾਂ ਨਾਲ ਸੜਕਾਂ 'ਤੋਂ ਚੁੱਕੀਆਂ ਗਈਆਂ; ਕਿਸ ਤਰ੍ਹਾਂ ਕਿੰਨੇ ਕਿੰਨੇ ਮੁਰਦਾ ਸਰੀਰ ਇਕ ਇਕ ਕਬਰ ਵਿਚ ਦੱਬੇ ਗਏ; ਕਿਸ ਤਰ੍ਹਾਂ ਇਕ ਇਕ ਚਿਖਾ ਤੇ ਕਿੰਨੀਆਂ ਕਿੰਨੀਆਂ ਲਾਸ਼ਾਂ ਫੂਕੀਆਂ ਗਈਆਂ। ਇਸ ਹਾਦਸੇ ਦੇ ਕਾਰਨ 2500 ਤੋਂ ਉੱਪਰ ਲੋਕ ਮਰੇ ਹਨ, 20,000 ਅੰਨ੍ਹੇ ਹੋਏ ਹਨ ਅਤੇ ਦੋ ਲੱਖ ਲੋਕਾਂ ਦੀਆਂ ਅੱਖਾਂ, ਫੇਫੜਿਆਂ, ਗੁਰਦਿਆਂ ਅਤੇ ਦਿਮਾਗ ਨੂੰ ਨੁਕਸਾਨ ਪੁਜਾ ਹੈ। ਇਸ ਮਾਰੂ ਗੈਸ ਨੇ ਬੱਚਿਆਂ ਅਤੇ ਕਮਜ਼ੋਰਾਂ ਉੱਪਰ ਬਹੁਤ ਜ਼ਿਆਦਾ ਅਸਰ ਕੀਤਾ ਹੈ। ਇਸ ਦੇ ਪੂਰੇ ਅਸਰ ਬਾਰੇ ਅਜੇ ਡਾਕਟਰ ਤੇ ਵਿਗਿਆਨੀ ਪਤਾ ਨਹੀਂ ਕਰ ਸਕੇ। ਪਰ ਅੰਦਾਜ਼ਾ ਹੈ ਕਿ ਇਸਦਾ ਅਸਰ ਲੋਕਾਂ ਉੱਪਰ ਕਾਫ਼ੀ ਲੰਮਾ ਸਮਾ ਰਹੇਗਾ। ਉਦਾਹਰਣ ਵਜੋਂ ਗਰਭਵਤੀ ਔਰਤਾਂ ਉੱਪਰ ਇਸ ਗੈਸ ਦਾ ਅਸਰ ਹੋਇਆ ਹੈ ਉਹਨਾਂ ਦੀ ਔਲਾਦ ਵੀ ਇਸ ਦੀ ਮਾਰ ਤੋਂ ਨਹੀਂ ਬਚੇਗੀ।

● **ਗੈਸ ਆਈ ਕਿਵੇਂ ?** ਯੂਨੀਅਨ ਕਾਰਬਾਈਡ ਦੇ ਭੁਪਾਲ ਵਿਚ ਲੱਗੇ ਕਾਰਖ਼ਾਨੇ ਵਿਚ ਸੇਵਿਨ (SEVIN) ਨਾਂ ਦੀ ਕੀੜੇਮਾਰ ਦਵਾਈ ਬਣਾਉਣ ਲਈ ਮਿਥਾਈਲ ਆਈਸੋਸਾਈਨੇਟ (MIC) ਗੈਸ ਵਰਤੀ ਜਾਂਦੀ ਹੈ। ਗੈਸ ਖ਼ਤਰਨਾਕ ਹੋਣ ਕਰਕੇ ਇਸਨੂੰ ਧਰਤੀ ਹੇਠਾਂ ਬਣੇ ਟੈਂਕਾਂ ਵਿਚ ਰੱਖਿਆ ਜਾਂਦਾ ਹੈ। ਹਾਦਸੇ ਵਾਲੀ ਰਾਤ ਇਕ ਟੈਂਕ, ਜਿਸ ਵਿਚ ਗੈਸ ਦੀ ਮਿਕਦਾਰ ਸੁਰੱਖਿਅਤ ਦਰਜੇ ਤੋਂ ਕਿਤੇ ਜ਼ਿਆਦਾ ਸੀ, ਦਾ ਪ੍ਰੈਸ਼ਰ ਵਧਣਾ ਸ਼ੁਰੂ ਹੋ ਗਿਆ। ਕਾਰਖ਼ਾਨੇ ਦੇ ਕਰਮਚਾਰੀ ਨੇ ਰਾਤ ਦੇ ਗਿਆਰਾਂ ਵਜੇ ਇਹ ਪ੍ਰੈਸ਼ਰ ਵਧਦਾ ਨੋਟ ਕੀਤਾ ਅਤੇ ਆਪਣੇ ਸੁਪਰਵਾਈਜ਼ਰ ਨੂੰ ਇਤਲਾਹ ਦਿੱਤੀ। ਸੁਪਰਵਾਈਜ਼ਰ ਅਤੇ ਦੂਜੇ ਕਰਮਚਾਰੀਆਂ ਨੇ ਇਹਦੇ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਗੱਲ ਵਿਗੜ ਚੁੱਕੀ ਸੀ। ਟੈਂਕ ਵਿਚੋਂ ਗੈਸ ਲੀਕ ਹੋਣੀ ਸ਼ੁਰੂ ਹੋ ਗਈ। ਪੈਂਤੀਆਂ ਮਿੰਟਾਂ ਦੇ ਸਮੇਂ ਵਿਚ 15 ਟਨ ਦੇ ਲੱਗਭਗ ਇਹ ਗੈਸ ਹਵਾ ਵਿਚ ਘੁਲ ਗਈ। ਹਵਾ ਵਿਚ ਇਹਦੀ ਹੋਂਦ ਸੁਰੱਖਿਅਤ ਮਿਕਦਾਰ ਨਾਲੋਂ ਹਜ਼ਾਰ ਗੁਣਾ ਵੱਧ ਸੀ।

● **ਗੈਸ ਹੈ ਕੀ ?** ਇਹ ਗੈਸ ਇਸੇ ਹੀ ਕਾਰਖ਼ਾਨੇ ਵਿਚ ਬਣਾਈ ਜਾਂਦੀ ਹੈ। ਇਸ ਨੂੰ ਬਣਾਉਣ ਦਾ ਤਰੀਕਾ ਕਾਫ਼ੀ ਖ਼ਤਰਨਾਕ ਹੈ। ਸਭ ਤੋਂ ਪਹਿਲਾਂ ਕਾਰਬਨ ਮੋਨੋਆਕਸਾਈਡ ਗੈਸ (ਜਿਹੜੀ ਖ਼ੁਦ ਹੀ ਭਿਆਨਕ ਹੱਦ ਤੱਕ ਜ਼ਹਿਰੀਲੀ ਹੈ) ਨੂੰ ਕਲੋਰੀਨ ਗੈਸ ਨਾਲ ਮਿਲਾ ਕੇ ਫ਼ਾਸਜੀਨ (PHOSGENE) ਗੈਸ ਬਣਾਈ ਜਾਂਦੀ ਹੈ। ਫਿਰ ਫ਼ਾਸਜੀਨ ਗੈਸ ਨੂੰ ਮਿਥਾਈਲ ਲੈਮਾਈਨ (METHYL LAMINE) ਨਾਲ ਮਿਲਾ ਕੇ ਮਿਥਾਈਲ ਆਈਸੋਸਾਈਨੇਟ ਗੈਸ ਬਣਦੀ ਹੈ। ਫ਼ਾਸਜੀਨ ਗੈਸ ਜਰਮਨੀ ਅਤੇ ਅਮਰੀਕਾ ਨੇ ਪਹਿਲੀ ਸੰਸਾਰ ਜੰਗ ਵੇਲੇ ਇਕ ਮਾਰੂ ਹਥਿਆਰ ਵਜੋਂ ਵਰਤੀ ਸੀ। ਮਿਥਾਈਲ ਆਈਸੋਸਾਈਨੇਟ ਗੈਸ ਫ਼ਾਸਜੀਨ ਅਤੇ ਸਾਈਨਾਈਡ, ਜਿਹੜੀ ਹਿਟਲਰ ਨੇ ਯਹੂਦੀਆਂ ਨੂੰ ਮਾਰਨ ਲਈ ਗੈਸ ਚੈਂਬਰਾਂ ਵਿਚ ਵਰਤੀ ਸੀ, ਨਾਲੋਂ ਸੈਂਕੜੇ ਗੁਣਾਂ ਵੱਧ ਖ਼ਤਰਨਾਕ ਹੈ। ਕੀ ਇਹ ਕਮਾਲ ਦੀ ਗੱਲ ਨਹੀਂ ਕਿ ਇਹ ਗੈਸ ਇਕ ਘਣੀ ਅਬਾਦੀ ਵਾਲੇ ਇਲਾਕੇ ਵਿਚ ਬਣਾਉਣ ਦੀ ਕਾਰਖ਼ਾਨੇਦਾਰਾਂ ਨੂੰ ਖੁੱਲ੍ਹੀ ਛੁੱਟੀ ਹੈ?

● **ਯੂਨੀਅਨ ਕਾਰਬਾਈਡ ਕੰਪਨੀ ਦੀ ਭਾਰਤ ਵਿਚ ਆਮਦ ਅਤੇ ਹੋਂਦ :** ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਤੰਦੂਆ ਜਾਲ ਵਿਛਾਈ ਬੈਠੀਆਂ ਵੱਡੀਆਂ ਵੱਡੀਆਂ ਕੰਪਨੀਆਂ, ਜਿਹਨਾਂ ਨੂੰ ਮਲਟੀ ਨੈਸ਼ਨਲ ਕਾਰਪੋਰੇਸ਼ਨਜ਼ (MULTI NATIONAL CORPORATIONS) ਕਿਹਾ ਜਾਂਦਾ ਹੈ, ਬਹੁਤੀਆਂ ਅਮਰੀਕਾ ਦੀਆਂ ਹਨ। ਇਹਨਾਂ ਵਿਚੋਂ ਕਈ ਕਾਰਪੋਰੇਸ਼ਨਾਂ ਬਹੁਤ ਹੀ ਵੱਡੀਆਂ ਅਤੇ ਤਾਕਤਵਰ ਹਨ। ਇਹਨਾਂ 'ਚੋਂ ਕਈਆਂ ਦਾ ਸਾਲ ਦਾ ਬੱਜਟ ਦੁਨੀਆਂ ਦੇ ਕਈ ਦੇਸ਼ਾਂ ਨਾਲੋਂ ਵੀ ਜ਼ਿਆਦਾ ਹੁੰਦਾ ਹੈ। ਯੂਨੀਅਨ ਕਾਰਬਾਈਡ ਅਮਰੀਕਾ ਵਿਚਲੀਆਂ ਕਾਰਪੋਰੇਸ਼ਨਜ਼ ਦੀ ਲੜੀ ਵਿਚ ਚੌਵੀਵੇਂ ਨੰਬਰ 'ਤੇ ਆਉਂਦੀ ਹੈ। ਇਸ ਦਾ ਕਾਰੋਬਾਰ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ। ਇਸ ਦੇ ਬਣਾਏ ਹੋਏ ਮਾਲ ਦੀ ਵਿਕਰੀ 1982 ਵਿਚ 10.3 ਬਿਲੀਅਨ ਡਾਲਰ ਦੇ ਲੱਗਭਗ ਸੀ।

ਭਾਰਤ ਵਿਚ ਇਸ ਕੰਪਨੀ ਨੇ ਆਪਣਾ ਕਾਰੋਬਾਰ ਪੰਜਾਹ ਸਾਲ ਪਹਿਲਾਂ ਅਰੰਭਿਆ ਜਦੋਂ ਇਸਨੇ ਕਲਕੱਤੇ ਵਿਚ ਬੈਟਰੀਆਂ ਬਣਾਉਣ ਦਾ ਕੰਮ ਸ਼ੁਰੂ ਕੀਤਾ। ਅੰਗਰੇਜ਼ ਦੇ ਭਾਰਤ ਛੱਡਣ ਤੋਂ ਬਾਅਦ ਵੀ ਭਾਰਤ ਦੀ ਸਰਕਾਰ ਨੇ ਇਸ ਕੰਪਨੀ ਦੀ ਵਧਣ ਫੁੱਲਣ ਵਿਚ ਮੱਦਦ ਕੀਤੀ। ਇਸ ਦੀ ਆਮਦ ਤੋਂ ਲੈ ਕੇ 1983 ਤੱਕ ਇਸ ਕੰਪਨੀ ਦੇ ਭਾਰਤ ਵਿਚ ਭੁਪਾਲ ਵਰਗੇ ਗਿਆਰਾਂ ਹੋਰ ਕਾਰੋਬਾਰ ਹਨ। ਇਸ ਕੰਪਨੀ ਨੇ 1983 ਵਿਚ 14 ਕਰੋੜ 22 ਲੱਖ ਦਾ ਮੁਨਾਫ਼ਾ ਕਮਾਇਆ।

• ਭੁਪਾਲ ਵਿਚਲਾ ਕੀੜੇਮਾਰ ਦਵਾਈਆਂ ਦਾ ਇਹ ਕਾਰਖ਼ਾਨਾ — ਅਖੌਤੀ ਹਰੇ ਇਨਕਲਾਬ ਨੂੰ ਕਾਮਯਾਬ ਕਰਨ ਲਈ ਭਾਰਤ ਵਿਚ ਕੀੜੇਮਾਰ ਦਵਾਈਆਂ ਦੀ ਜ਼ਰੂਰਤ ਸੀ। ਭੁਪਾਲ ਵਿਚ ਯੂਨੀਅਨ ਕਾਰਬਾਈਡ ਕੰਪਨੀ ਨੇ 1969 ਵਿਚ ਇਹ ਦਵਾਈਆਂ ਬਣਾਉਣ ਲਈ ਕਾਰਖ਼ਾਨਾ ਲਾਇਆ। ਸਰਕਾਰ ਵੱਲੋਂ ਇਸ ਕੰਪਨੀ ਨੂੰ ਟੈਕਸਾਂ ਵਿਚ ਹਰ ਕਿਸਮ ਦੀ ਛੋਟ ਦਿੱਤੀ ਗਈ। ਬਿਜਲੀ ਅਤੇ ਪਾਣੀ ਰਿਆਇਤੀ ਦਰਾਂ 'ਤੇ ਮੁਹੱਈਆ ਕੀਤਾ ਗਿਆ। ਸੰਨ 1975 ਵਿਚ ਇਸ ਕਾਰਖ਼ਾਨੇ ਨੂੰ ਫਾਸਜੀਨ ਤੇ ਮੀਥਾਈਲ ਆਈਸੋਸਾਈਨੇਟ ਵਰਗੀਆਂ ਜ਼ਹਿਰੀਲੀਆਂ ਗੈਸਾਂ ਦੇ ਆਧਾਰ 'ਤੇ ਦਵਾਈਆਂ ਬਣਾਉਣ ਦਾ ਲਾਈਸੈਂਸ ਦਿੱਤਾ ਗਿਆ। ਫੇਰ ਇਹ ਲਾਈਸੈਂਸ 1982 ਵਿਚ ਅਗਲੇ ਸੱਤਾਂ ਸਾਲਾਂ ਲਈ ਮੁੜ ਜਾਰੀ ਕਰ ਦਿਤਾ ਗਿਆ। ਇਹ ਲਾਈਸੈਂਸ ਕਿਵੇਂ ਮਿਲਦੇ ਹਨ ਇਸ ਬਾਰੇ ਅੱਗੇ ਚੱਲ ਕੇ ਵਿਚਾਰ ਕਰਾਂਗੇ।

• ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਅਤੇ ਘੱਟ ਉੱਨਤ ਦੇਸ਼ — ਭੁਪਾਲ ਵਿਚ ਹੋਏ ਹਾਦਸੇ ਵਰਗੀਆਂ ਘਟਨਾਵਾਂ ਬਾਰੇ ਜਾਨਣ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਇਹ ਕੰਪਨੀਆਂ ਗਰੀਬ ਮੁਲਕਾਂ ਵਿਚ ਸਰਮਾਇਆ ਲਾ ਕੇ ਉਸ ਤੋਂ ਮੁਨਾਫ਼ਾ ਕਿਸ ਤਰਾਂ ਕਮਾਉਂਦੀਆਂ ਹਨ ਅਤੇ ਉਹਨਾਂ ਦੇਸ਼ਾਂ ਵਿਚ ਕਿਸ ਤਰਾਂ ਦਾ ਰੋਲ ਨਿਭਾਉਂਦੀਆਂ ਹਨ। ਗਰੀਬ ਦੇਸ਼ਾਂ ਵਿਚ ਕਾਰਖ਼ਾਨੇ ਲਾਉਣ ਦਾ ਇਹਨਾਂ ਦਾ ਮੁੱਖ ਮੰਤਵ ਘੱਟ ਸਰਮਾਇਆ ਲਾਕੇ ਵੱਧ ਮੁਨਾਫ਼ਾ ਕਮਾਉਣਾ ਹੁੰਦਾ ਹੈ। ਵਿਕਾਸ ਕਰ ਰਹੇ ਦੇਸ਼ਾਂ ਨੂੰ ਸਨਅਤ ਵਿਚ ਵਿਕਾਸ ਕਰਨ ਲਈ ਟੈਕਨੌਲੋਜੀ ਅਤੇ ਵਿਦੇਸ਼ੀ ਮੁਦਰਾ ਦੀ ਲੋੜ ਹੁੰਦੀ ਹੈ। ਪਰ ਇਹਨਾਂ ਗਰੀਬ ਦੇਸ਼ਾਂ ਦੀ ਲੋੜ ਤੋਂ ਵੀ ਵੱਧ ਇਹਨਾਂ ਕੰਪਨੀਆਂ ਦੀ ਲੋੜ ਹੁੰਦੀ ਹੈ ਆਪਣਾ ਸਰਮਾਇਆ ਲਾ ਕੇ ਹੋਰ ਪੈਸਾ ਕਮਾਉਣ ਦੀ। ਸਰਮਾਏ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਆਪਣਾ ਪਸਾਰ ਵਧਾਉਂਦਾ ਰਹੇ। ਪਰ ਜਦੋਂ ਇਹ ਵੱਡੀਆਂ ਕੰਪਨੀਆਂ ਗਰੀਬ ਮੁਲਕਾਂ ਵਿਚ ਸਰਮਾਇਆ ਲਾਉਂਦੀਆਂ ਹਨ ਤਾਂ ਹਮੇਸ਼ਾ ਇਹੋ ਜ਼ਾਹਿਰ ਕਰਦੀਆਂ ਹਨ ਕਿ ਉਹ ਉਹਨਾਂ ਦੇਸ਼ਾਂ ਦੀ ਮੱਦਦ ਕਰਨ ਲਈ ਸਰਮਾਇਆ ਲਾ ਰਹੀਆਂ ਹਨ। ਗਰੀਬ ਦੇਸ਼ਾਂ ਦੀ ਵਿਕਾਸ ਕਰਨ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਇਹ ਕੰਪਨੀਆਂ ਬੇਤਹਾਸ਼ਾ ਮੁਨਾਫ਼ਾ ਕਮਾਉਂਦੀਆਂ ਹਨ। ਇਹ ਮੁਨਾਫ਼ਾ ਉਹ ਕਈ ਤਰੀਕਿਆਂ ਨਾਲ ਕਮਾਉਂਦੀਆਂ ਹਨ। ਉਦਾਹਰਣ ਦੇ ਤੌਰ 'ਤੇ ਉਹ ਪੁਰਾਣੀ ਮਸ਼ੀਨਰੀ ਮਨਮਰਜ਼ੀ ਦੇ ਭਾਅ ਇਹਨਾਂ ਦੇਸ਼ਾਂ ਨੂੰ ਵੇਚਦੀਆਂ ਹਨ। ਫੇਰ ਇਸ ਮਸ਼ੀਨਰੀ ਦੀ ਮੁਰੰਮਤ ਲਈ ਪੁਰਜ਼ੇ ਆਦਿ ਮੁਹੱਈਆ ਕਰਨ ਦਾ ਠੇਕਾ ਵੀ ਇਹਨਾਂ ਕੰਪਨੀਆਂ ਕੋਲ ਹੀ ਹੁੰਦਾ ਹੈ। ਇਹਨਾਂ ਦੇ ਮੁਨਾਫ਼ੇ ਵਿਚ ਜਿਹੜੀ ਚੀਜ਼ ਸਭ ਤੋਂ ਵੱਧ ਸਹਾਈ ਹੁੰਦੀ ਹੈ ਉਹ ਹੈ ਇਹਨਾਂ ਮੁਲਕਾਂ ਵਿਚ ਮਿਲਦੀ ਸਸਤੀ ਮਜ਼ਦੂਰੀ। ਅਮੀਰ ਮੁਲਕਾਂ ਦੇ ਮਜ਼ਦੂਰ ਵੀ ਖ਼ੁਸ਼ਹਾਲ ਹੋਣ ਕਰਕੇ ਆਪਣੇ ਆਪ ਨੂੰ ਜਥੇਬੰਦ ਕਰਕੇ ਅਮੀਰ ਮਾਲਕਾਂ ਕੋਲੋਂ ਵੱਧ ਹਿੱਸਾ ਮੰਗਦੇ ਹਨ। ਇਸ ਤੋਂ ਉਲਟ ਗਰੀਬ ਮੁਲਕਾਂ ਵਿਚ ਮਜ਼ਦੂਰ ਬਹੁਤ ਸਸਤੇ ਭਾਅ 'ਤੇ ਕੰਮ ਕਰਨ ਲਈ ਮਜਬੂਰ ਹੁੰਦੇ ਹਨ। ਘੱਟ ਮਜ਼ਦੂਰੀ ਦੇ ਕੇ ਤਿਆਰ ਕੀਤਾ ਹੋਇਆ ਸਮਾਨ ਵੀ ਮਾਰਕਿਟ ਵਿਚ ਉਸੇ ਕੀਮਤ 'ਤੇ ਵਿਕਦਾ ਹੈ ਜਿਸ 'ਤੇ ਵੱਧ ਮਜ਼ਦੂਰੀ ਦੇ ਕੇ ਤਿਆਰ ਕੀਤਾ ਹੋਇਆ ਤੇ ਇਸ ਨਾਲ ਸਿੱਧਾ ਇਹਨਾਂ ਕੰਪਨੀਆਂ ਨੂੰ ਮੁਨਾਫ਼ਾ ਮਿਲਦਾ ਹੈ।

ਇਹ ਕੰਪਨੀਆਂ ਗਰੀਬ ਸਰਕਾਰਾਂ ਉੱਪਰ ਦਬਾਅ ਪਾ ਕੇ ਆਪਣੀ ਮਨਮਰਜ਼ੀ ਕਰਦੀਆਂ ਹਨ। ਉਹਨਾਂ ਕੋਲੋਂ ਟੈਕਸਾਂ ਵਿਚ ਛੋਟ ਲੈਂਦੀਆਂ ਹਨ। ਮਜ਼ਦੂਰਾਂ ਨੂੰ ਜੱਥੇਬੰਦ ਹੋਣ ਤੋਂ ਰੋਕਣ ਲਈ ਸਰਕਾਰੀ ਮੱਦਦ ਲੈਂਦੀਆਂ ਹਨ। ਇਹਨਾਂ ਮੁਲਕਾਂ ਵਿਚ ਲਾਏ ਹੋਏ ਕਾਰਖ਼ਾਨਿਆਂ ਵਿਚ ਸੇਫਟੀ ਸਟੈਂਡਰਡ ਘੱਟ ਤੋਂ ਘੱਟ ਰੱਖਣ ਲਈ ਜ਼ੋਰ ਪਾਉਂਦੀਆਂ ਹਨ। ਸੇਫਟੀ ਸਟੈਂਡਰਡਜ਼ ਦਾ ਸਿੱਧਾ ਸਬੰਧ ਮੁਨਾਫ਼ੇ ਨਾਲ ਹੈ — ਜਿੰਨੇ ਸਟੈਂਡਰਡ ਉੱਚੇ ਉਨਾ ਹੀ ਕੰਪਨੀ ਦਾ ਵੱਧ ਖ਼ਰਚ ਅਤੇ ਮੁਨਾਫ਼ਾ ਘੱਟ!

ਇਹ ਵੱਡੀਆਂ ਕੰਪਨੀਆਂ ਜਦੋਂ ਗਰੀਬ ਮੁਲਕਾਂ ਵਿਚ ਆਪਣੇ ਕਾਰੋਬਾਰ ਸਥਾਪਤ ਕਰਦੀਆਂ ਹਨ ਤਾਂ ਇਹ ਉਥੋਂ ਦੀਆਂ ਸਰਕਾਰਾਂ ਨੂੰ ਇਹਨਾਂ ਕਾਰੋਬਾਰਾਂ ਨਾਲ ਸਬੰਧਤ ਖ਼ਤਰਿਆਂ ਬਾਰੇ ਪੂਰੀ ਈਮਾਨਦਾਰੀ ਨਾਲ ਨਹੀਂ ਦੱਸਦੀਆਂ। ਉਹਨਾਂ ਨੂੰ ਸਿਰਫ਼ ਇੰਨਾ ਹੀ ਦੱਸਿਆ ਜਾਂਦਾ ਹੈ ਕਿ ਕਾਰਖ਼ਾਨੇ ਬਿਲਕੁਲ ਸੁਰੱਖਿਅਤ ਹਨ ਜਦ ਕਿ ਗੱਲ ਬਿਲਕੁਲ ਇਸ ਦੇ ਉਲਟ ਹੁੰਦੀ ਹੈ ਕਿਉਂਕਿ ਕਈ ਵਾਰੀ ਇਹਨਾਂ ਕੰਪਨੀਆਂ ਦੇ ਆਪਣੇ ਦੇਸ਼ ਵਿਚ ਜਿਹਨਾਂ ਚੀਜ਼ਾਂ ਉਪਰ ਪਾਬੰਦੀ ਲੱਗੀ ਹੋਈ ਹੁੰਦੀ ਹੈ ਉਹ ਇਹ ਗਰੀਬ ਮੁਲਕਾਂ ਵਿਚ ਤਿਆਰ ਕਰਦੀਆਂ ਹਨ। ਕਈ ਵਾਰੀ ਉਹ ਵਸਤਾਂ ਜਿਹਨਾਂ ਉਪਰ ਇਹਨਾਂ ਦੇ ਆਪਣੇ ਦੇਸ਼ਾਂ ਵਿਚ ਪਾਬੰਦੀ ਲੱਗ ਜਾਂਦੀ ਹੈ ਇਹ ਉਹ ਵਸਤਾਂ ਗਰੀਬ ਮੁਲਕਾਂ ਦੀਆਂ ਮੰਡੀਆਂ ਵਿਚ ਢੇਰੀ ਕਰ ਦਿੰਦੀਆਂ ਹਨ ਤੇ ਪਰਚਾਰ ਇਹ ਕੀਤਾ ਜਾਂਦਾ ਹੈ ਕਿ ਗਰੀਬ ਮੁਲਕਾਂ ਨੂੰ ਸਹਾਇਤਾ (AID) ਦਿੱਤੀ ਜਾ ਰਹੀ ਹੈ। ਇਸ ਕਿਸਮ ਦੀ ਸਭ ਤੋਂ ਆਮ ਉਦਾਹਰਣ ਦਵਾਈਆਂ ਦੀ ਹੈ। ਤਿਆਰ ਕੀਤੀਆਂ ਦਵਾਈਆਂ ਦੀ ਇਕ ਖ਼ਾਸ ਮਿਆਦ ਹੁੰਦੀ ਹੈ। ਜਦੋਂ ਉਹ ਮਿਆਦ ਲੰਘ ਜਾਵੇ ਤਾਂ ਇਹ ਦਵਾਈਆਂ ਸਿਹਤ ਲਈ ਫਾਇਦੇਮੰਦ ਹੋਣ ਦੀ ਬਜਾਏ ਹਾਨੀਕਾਰਕ ਹੋ ਸਕਦੀਆਂ ਹਨ। ਇਹ ਕੰਪਨੀਆਂ ਜਦੋਂ ਇਹ ਦਵਾਈਆਂ ਅਮੀਰ ਮੁਲਕ ਵਿਚ ਨਹੀਂ ਵੇਚ ਸਕਦੀਆਂ ਤਾਂ ਫੇਰ ਇਹਨਾਂ ਦਵਾਈਆਂ ਨੂੰ ਗਰੀਬ ਮੁਲਕਾਂ ਦੀਆਂ ਮੰਡੀਆਂ ਵਿਚ ਭੇਜ ਦਿੱਤਾ ਜਾਂਦਾ ਹੈ। ਇਹੋ ਜਿਹੀਆਂ ਹੋਰ ਵੀ ਕਈ ਉਦਾਹਰਣਾਂ ਹਨ ਜਿਨ੍ਹਾਂ ਰਾਹੀਂ ਇਹ ਕੰਪਨੀਆਂ ਗਰੀਬ ਮੁਲਕਾਂ ਤੋਂ ਮੁਨਾਫ਼ਾ ਕਮਾਉਂਦੀਆਂ ਹਨ।

ਇਸ ਤਰਾਂ ਮੁਨਾਫ਼ੇ ਨੂੰ ਮੁੱਖ ਰੱਖ ਕੇ ਲਾਏ ਕਾਰਖ਼ਾਨਿਆਂ ਵਿਚ ਸੇਫਟੀ ਦੇ ਸਟੈਂਡਰਡ ਬੜੇ ਘੱਟ ਹੁੰਦੇ ਹਨ ਅਤੇ ਦੁਰਘਟਨਾ ਹੋਣ ਦੀਆਂ ਸੰਭਾਵਨਾਵਾਂ ਬਹੁਤ ਜ਼ਿਆਦਾ ਹੁੰਦੀਆਂ ਹਨ। ਗਰੀਬ ਮੁਲਕਾਂ ਵਿਚ ਇਨ੍ਹਾਂ ਕਾਰਖ਼ਾਨਿਆਂ ਵਿਚ ਅਕਸਰ ਇੰਞ ਜਿਹੀਆਂ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਕੱਲੇ 1984 ਵਿਚ ਗਰੀਬ ਮੁਲਕਾਂ ਵਿਚ ਤਿੰਨ ਵੱਡੇ ਪੈਮਾਨੇ ਦੀਆਂ ਮਾਰੂ ਘਟਨਾਵਾਂ ਵਾਪਰੀਆਂ ਹਨ। ਪਹਿਲੀ ਘਟਨਾ ਬਰਾਜ਼ੀਲ ਦੇ ਸ਼ਹਿਰ ਕੁਬਾਟੋ ਵਿਖੇ 25 ਫਰਵਰੀ 1984 ਨੂੰ ਵਾਪਰੀ ਜਦੋਂ ਗੈਸ ਦੀ ਪਾਈਪ ਲਾਈਨ ਇਕ ਵੱਡੇ ਧਮਾਕੇ ਦੇ ਰੂਪ ਵਿਚ ਫਟ ਗਈ। ਇਸ ਦੁਰਘਟਨਾ ਵਿਚ 500 ਤੋਂ ਉਪਰ ਲੋਕ ਮਾਰੇ ਗਏ। ਦੂਜੀ ਦੁਰਘਟਨਾ 19 ਨਵੰਬਰ 1984 ਨੂੰ ਮੈਕਸੀਕੋ ਸਿਟੀ ਵਿਚ ਵਾਪਰੀ। ਇਸ ਘਟਨਾ ਵਿਚ ਵੱਡੇ ਪੈਮਾਨੇ 'ਤੇ ਅੱਗ ਲੱਗਣ ਕਰਕੇ 452 ਲੋਕ ਮਾਰੇ ਗਏ, 4248 ਲੋਕ ਜ਼ਖ਼ਮੀ ਹੋਏ ਅਤੇ ਅਜੇ ਤੱਕ 1000 ਦੇ ਲੱਗਭੱਗ ਲੋਕ ਗੁੰਮ ਹਨ (TIME; DEC. 17, 1984) ਮੈਕਸੀਕੋ ਦੀ ਦੁਰਘਟਨਾ ਤੋਂ ਦੋ ਹਫ਼ਤੇ ਬਾਅਦ ਭੁਪਾਲ ਵਿਚ ਭਿਆਨਕ ਦੁਰਘਟਨਾ ਵਾਪਰੀ।

• ਘਟਨਾ ਲਈ ਜ਼ਿੰਮੇਵਾਰ ਕੌਣ? — ਸਥਾਨਕ ਸਰਕਾਰ ਜਾਂ ਕੰਪਨੀ ? ਭੁਪਾਲ ਵਿਚ ਵਾਪਰੀ ਇਸ ਘਟਨਾ ਦੀਆਂ ਖ਼ਬਰਾਂ ਜਦੋਂ ਸਾਰੀ ਦੁਨੀਆਂ ਵਿਚ ਫੈਲਣ ਲੱਗੀਆਂ ਤਾਂ ਲੋਕਾਂ ਸਾਹਮਣੇ ਇਹ ਵੱਡਾ ਸਵਾਲ ਉੱਭਰ ਕੇ ਆਇਆ ਕਿ ਇਸਦਾ ਜ਼ਿੰਮੇਵਾਰ ਕੌਣ ਹੈ। ਕੀ ਇਸ ਦੀ ਜ਼ਿੰਮੇਵਾਰੀ ਭਾਰਤ ਦੀ ਸਰਕਾਰ ਜਾਂ ਮੱਧ-ਪਰਦੇਸ਼ ਦੀ ਸਰਕਾਰ ਦੀ ਹੈ ਜਾਂ ਯੂਨੀਅਨ ਕਾਰਬਾਈਡ ਕੰਪਨੀ ਦੀ ? ਇਸ ਘਟਨਾ ਦੀਆਂ ਖ਼ਬਰਾਂ ਦੇ ਨਾਲ ਨਾਲ ਸਰਕਾਰੀ ਨੁਮਾਇੰਦਿਆਂ ਅਤੇ ਯੂਨੀਅਨ ਕਾਰਬਾਈਡ ਦੇ ਨੁਮਾਇੰਦਿਆਂ ਵੱਲੋਂ ਵੀ ਇਸ ਬਾਰੇ ਬਿਆਨ ਆ ਰਹੇ ਸਨ। ਦੋਵੇਂ ਧਿਰਾਂ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਦੋਵੇਂ ਇਕ ਦੂਜੇ ਦੇ ਦੋਸ਼ੀ ਹੋਣ ਦਾ ਇਲਜ਼ਾਮ ਲਾ ਰਹੀਆਂ ਸਨ। ਪਰ ਜੇ ਦੋਨਾਂ ਧਿਰਾਂ ਵੱਲੋਂ ਆਏ ਵੱਖ ਵੱਖ ਬਿਆਨਾਂ ਨੂੰ, ਦੁਰਘਟਨਾ ਬਾਰੇ ਆਈਆਂ ਰਿਪੋਰਟਾਂ ਅਤੇ ਇਹਦੇ ਬਾਰੇ ਮਾਹਿਰਾਂ ਦੇ ਬਿਆਨਾਂ ਦੀ ਚੰਗੀ ਤਰ੍ਹਾਂ ਘੋਖ-ਪੜਤਾਲ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਦੁਰਘਟਨਾ ਲਈ ਦੋਹੇਂ ਧਿਰਾਂ ਬਰਾਬਰ ਦੀਆਂ ਭਾਈਵਾਲ ਹਨ।

• ਸਰਕਾਰ ਦਾ ਰੋਲ — ਭੁਪਾਲ ਵਿਚਲੇ ਕਾਰਖ਼ਾਨੇ ਵਿਚ ਵਾਪਰੀ ਇਹ ਦੁਰਘਟਨਾ ਇਸ ਕਿਸਮ ਦੀ ਪਹਿਲੀ ਦੁਰਘਟਨਾ ਨਹੀਂ। ਜਦੋਂ ਤੋਂ ਇਸ ਕਾਰਖ਼ਾਨੇ ਵਿਚ ਜ਼ਹਿਰੀਲੀਆਂ ਗੈਸਾਂ ਮੀਥਾਈਲ ਆਈਸੋਸਾਈਨੇਟ ਅਤੇ ਫਾਸਜੀਨ ਵਰਤਣੀ ਸ਼ੁਰੂ ਹੋਈ ਹੈ(1975 ਤੋਂ), ਉਦੋਂ ਤੋਂ ਹੀ ਇਸ ਕਾਰਖ਼ਾਨੇ ਵਿਚ ਹਰ ਸਾਲ ਕੋਈ ਨਾ ਕੋਈ ਦੁਰਘਟਨਾ ਵਾਪਰ ਜਾਂਦੀ ਹੈ। ਕੁਝ ਸਾਲ ਪਹਿਲਾਂ 1978 ਵਿਚ ਗੈਸ ਲੀਕ ਹੋਣ ਕਰਕੇ ਇਥੇ ਛੇ ਮੌਤਾਂ ਹੋਈਆਂ। ਫੇਰ ਦਸੰਬਰ 1981 ਵਿਚ ਫਾਸਜੀਨ ਗੈਸ ਦੀ ਲੀਕ ਕਰਕੇ ਇਕ ਕਾਮਾ ਮਰਿਆ। ਇਸ ਘਟਨਾ ਦੇ ਪੰਦਰਾਂ ਦਿਨਾਂ ਬਾਅਦ ਜਨਵਰੀ 1982 ਵਿਚ ਇਸੇ ਗੈਸ ਦੀ ਲੀਕ ਕਾਰਨ 24 ਲੋਕਾਂ 'ਤੇ ਮਾੜਾ ਅਸਰ ਹੋਇਆ। ਅਕਤੂਬਰ 1983 ਵਿਚ ਅੱਧੀ ਰਾਤ ਨੂੰ ਦੋ ਪਾਈਪਾਂ ਦੇ ਜੋੜ ਵਾਲੀ ਥਾਂ ਤੋਂ ਗੈਸ ਲੀਕ ਹੋ ਕੇ ਆਲੇ ਦੁਆਲੇ ਦੀਆਂ ਝੁੱਗੀਆਂ ਵੱਲ ਚਲੀ ਗਈ। ਇਨ੍ਹਾਂ ਸਭ ਘਟਨਾਵਾਂ ਤੋਂ ਬਾਅਦ ਮੱਧ ਪਰਦੇਸ਼ ਦੀ ਸਰਕਾਰ ਨੇ ਬਿਆਨ ਦਿੱਤਾ ਕਿ ਉਹ ਇਸ ਘਟਨਾ ਬਾਰੇ ਇਨਕੁਆਇਰੀ ਕਰਵਾਊਗੀ। ਪਰ ਕੀਤਾ ਇਸ ਬਾਰੇ ਕੁਝ ਵੀ ਨਾ ਗਿਆ। ਇਸ ਤਰ੍ਹਾਂ ਦੀਆਂ ਘਟਨਾਵਾਂ ਵੱਲ ਵੇਖਦੇ ਹੋਏ ਵੱਖ ਵੱਖ ਸਮੇਂ ਵੱਖ ਵੱਖ ਸੰਸਥਾਵਾਂ ਵੱਲੋਂ ਇਸ ਬਾਰੇ ਸੁਝਾਅ ਦਿੱਤੇ ਜਾਂਦੇ ਰਹੇ ਜਿਸ ਬਾਰੇ ਜਾਂ ਤਾਂ ਸਰਕਾਰ ਨੇ ਅੱਖਾਂ ਮੀਟ ਰੱਖੀਆਂ ਜਾਂ ਸ਼ਰੇਆਮ ਇਨ੍ਹਾਂ ਸੁਝਾਵਾਂ ਦਾ ਵਿਰੋਧ ਕੀਤਾ ਜਿਵੇਂ :

1) ਸੰਨ 1975 ਵਿਚ ਭੁਪਾਲ ਕਾਰਪੋਰੇਸ਼ਨ ਦੇ ਇਕ ਅਧਿਕਾਰੀ ਐਸ. ਐਨ. ਬੁੱਚ ਨੇ ਸਿਫ਼ਾਰਸ਼ ਕੀਤੀ ਸੀ ਕਿ ਇਸ ਕਾਰਖ਼ਾਨੇ ਨੂੰ ਸ਼ਹਿਰ ਦੀ ਹੱਦ ਤੋਂ ਬਾਹਰ ਕੀਤਾ ਜਾਵੇ। ਉਸ ਦੀ ਸਿਫ਼ਾਰਸ਼ ਮੰਨਣ ਦੀ ਬਜਾਏ ਉਸ ਨੂੰ ਕਿਸੇ ਹੋਰ ਥਾਂ ਤਬਦੀਲ ਕਰ ਦਿੱਤਾ ਗਿਆ। ਯੂਨੀਅਨ ਕਾਰਬਾਈਡ ਕੰਪਨੀ ਨੇ ਇਸ ਦੇ ਬਦਲੇ ਸ਼ਹਿਰ ਵਿਚ ਪਾਰਕ ਬਣਾਉਣ ਲਈ 2500 ਡਾਲਰ ਭੁਪਾਲ ਸਿਟੀ ਕਾਰਪੋਰੇਸ਼ਨ ਨੂੰ ਦਾਨ ਕਰ ਦਿੱਤੇ।

2) ਜਦੋਂ 1982 ਵਿਚ ਅਮਰੀਕਾ ਤੋਂ ਇਕ ਤਿੰਨ ਮੈਂਬਰੀ ਕਮੇਟੀ ਉਪਰੇਸ਼ਨਲ ਸੇਫ਼ਟੀ ਸਰਵੇ( OPERATIONAL SAFETY SURVEY) ਦੇ ਨਾਂ ਹੇਠ ਇਸ ਕਾਰਖ਼ਾਨੇ ਦੀ ਪੜਤਾਲ ਕਰਨ ਆਈ ਤਾਂ ਇਸ ਕਮੇਟੀ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ "ਹਾਲਾਤ ਖ਼ਤਰਨਾਕ ਪਾਸੇ ਵੱਲ ਵਧ ਰਹੇ ਹਨ ਅਤੇ ਕੰਪਨੀ ਅਧਿਕਾਰੀ ਬਚਾਉ ਢੰਗਾਂ ਦਾ ਧਿਆਨ ਨਹੀਂ ਰੱਖਦੇ।" ਇਸ ਰਿਪੋਰਟ ਅਤੇ ਪਹਿਲਾਂ ਵਾਲੀਆਂ ਘਟਨਾਵਾਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਜਦੋਂ ਇਕ ਕਮਿਊਨਿਸਟ ਵਿਧਾਇਕ ਨੇ ਵਿਧਾਨ ਸਭਾ ਵਿਚ ਇਸ ਕਾਰਖ਼ਾਨੇ ਦੀ ਸੁਰੱਖਿਆ ਬਾਰੇ ਸੁਆਲ ਉਠਾਇਆ ਤਾਂ ਮੱਧ-ਪਰਦੇਸ਼ ਦੇ ਲੇਬਰ ਮਨਿਸਟਰ ਨੇ ਉਸ ਨੂੰ ਜਵਾਬ ਦਿੱਤਾ ਕਿ "ਇਸ ਕਾਰਖ਼ਾਨੇ ਉੱਪਰ 250 ਲੱਖ ਖ਼ਰਚ ਆ ਚੁੱਕੇ ਹਨ। ਇਹ ਕੋਈ ਪੱਥਰ ਨਹੀਂ ਕਿ ਇਹਨੂੰ ਚੁੱਕ ਕੇ ਸ਼ਹਿਰੋਂ ਬਾਹਰ ਰੱਖਿਆ ਜਾ ਸਕੇ।" ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਸਰਕਾਰ ਨੂੰ ਲੋਕਾਂ ਦੀ ਜਾਨ ਦੀ ਪਰਵਾਹ ਨਹੀਂ ਸਗੋਂ ਕਾਰਖ਼ਾਨੇ ਉੱਪਰ ਲੱਗੇ ਸਰਮਾਏ ਦੀ ਜ਼ਿਆਦਾ ਪਰਵਾਹ ਹੈ।

3) ਜਦੋਂ 1975 ਵਿਚ ਇਸ ਕੰਪਨੀ ਨੂੰ ਲਾਈਸੈਂਸ ਦਿੱਤਾ ਗਿਆ ਅਤੇ ਫਿਰ 1982 ਵਿਚ ਅਗਲੇ ਸੱਤਾਂ ਸਾਲਾਂ ਲਈ। ਲਾਈਸੈਂਸ ਦਵਾਉਣ ਲਈ ਕਿਸੇ ਵੀ ਸਰਕਾਰੀ ਏਜੰਸੀ ਵੱਲੋਂ ਇਸ ਕਾਰਖ਼ਾਨੇ ਦੀ ਸੇਫ਼ਟੀ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਨਹੀਂ ਕੀਤੀ ਗਈ। ਲਾਈਸੈਂਸ ਇਸ ਆਧਾਰ 'ਤੇ ਦਿੱਤਾ ਗਿਆ ਕਿ ਇਸ ਕੰਪਨੀ ਦੇ ਅਮਰੀਕਾ ਵਿਚਲੇ ਕਾਰਖ਼ਾਨੇ ਕੋਲ 20 ਸਾਲ ਦਾ ਪੁਰਾਣਾ ਤਜਰਬਾ ਹੈ, ਸੁਰੱਖਿਆ ਪਰਬੰਧ ਲਈ ਕੰਪਿਊਟਰ ਸਿਸਟਮ ਅਤੇ ਉੱਚ ਪੱਧਰੀ ਤਕਨੀਕ ਹੈ, ਭਵਿੱਖ ਵਿਚ ਹੋਣ ਵਾਲੇ ਹਾਦਸੇ ਦੀ ਸੂਰਤ ਵਿਚ ਇਸ 'ਤੇ ਕਾਬੂ ਪਾਉਣ ਅਤੇ ਇਸ ਦੇ ਅਸਰਾਂ ਨੂੰ ਘਟ ਕਰਨ ਲਈ ਲੋੜੀਂਦੇ ਸਾਜ਼-ਸਮਾਨ ਅਤੇ ਢੰਗ ਮੌਜੂਦ ਹਨ, ਕੰਪਨੀ ਕੋਲ ਸਿੱਖੇ ਹੋਏ ਲੋਕ ਹਨ ਜੋ ਲੋੜ ਪੈਣ 'ਤੇ ਭਾਰਤੀ ਕਾਰਖ਼ਾਨੇ ਦੀ ਮੱਦਦ ਕਰ ਸਕਦੇ ਹਨ। ਇਸ ਆਧਾਰ 'ਤੇ ਲਾਈਸੈਂਸ ਦੇ ਦਿੱਤਾ ਗਿਆ। ਲਾਈਸੈਂਸ ਦੇਣ ਦਾ ਇਹ ਕਿਹੋ ਜਿਹਾ ਮਾਪ ਹੈ?

ਸਵਾਲ ਪੈਦਾ ਹੁੰਦਾ ਹੈ ਕਿ ਇਸ ਕੰਪਨੀ ਦੀਆਂ ਖ਼ਾਮੀਆਂ ਵੱਲੋਂ ਸਰਕਾਰ ਅੱਖਾਂ ਕਿਉਂ ਮੀਟਦੀ ਰਹੀ। ਇਸ ਦਾ ਕਾਰਨ ਬੜਾ ਸਾਫ਼ ਹੈ— ਸਰਕਾਰ ਵਿਚ ਉਹਨਾਂ ਲੋਕਾਂ ਦੇ ਏਜੰਟਾਂ ਦੀ ਚੌਧਰ ਹੈ ਜਿਹਨਾਂ ਨੂੰ ਇਹੋ ਜਿਹੇ ਕਾਰਖ਼ਾਨਿਆਂ ਤੋਂ ਸਿੱਧਾ ਫ਼ਾਇਦਾ ਹੁੰਦਾ ਹੈ। ਵਿਦੇਸ਼ੀ ਕੰਪਨੀਆਂ ਆਪਣੀ ਹੋਂਦ ਕਾਇਮ ਰੱਖਣ ਲਈ ਦੇਸੀ ਏਜੰਟਾਂ ਨੂੰ ਵੀ ਬੜਾ ਬਾਲਾ ਗੰਢ ਕੇ ਰੱਖਦੀਆਂ ਹਨ। ਕੰਪਨੀ ਤੇ ਸਰਕਾਰ ਦੇ ਸਬੰਧਾਂ ਦੀਆਂ ਕੁਝ ਉਦਾਹਰਣਾਂ :

1) ਯੂਨੀਅਨ ਕਾਰਬਾਈਡ ਕੰਪਨੀ ਦਾ ਵਕੀਲ, ਸਥਾਨਕ ਕਾਂਗਰਸ (ਆਈ) ਦਾ ਜਾਣਿਆ ਪਛਾਣਿਆ ਮੈਂਬਰ ਹੈ।

2) ਮੱਧ ਪਰਦੇਸ਼ ਪੁਲੀਸ ਦੇ ਸਾਬਕਾ ਚੀਫ਼ ਨੂੰ ਕਾਰਖ਼ਾਨੇ ਦੀ ਸੁਰੱਖਿਆ (SECURITY) OF PLANT ਕਰਨ ਦਾ ਠੇਕਾ ਦਿੱਤਾ ਗਿਆ ਹੈ।

3) ਮੱਧ-ਪਰਦੇਸ਼ ਦੇ ਸਾਬਕਾ ਸਿੱਖਿਆ ਮੰਤਰੀ ਦੇ ਭਤੀਜੇ ਨੂੰ ਕੰਪਨੀ ਪਬਲਿਕ ਰੀਲੇਸ਼ਨਜ਼ ਆਫ਼ੀਸਰ ਦੇ ਤੌਰ 'ਤੇ ਨੌਕਰੀ ਦਿੱਤੀ ਗਈ ਹੈ।

4) ਸੂਬੇ ਦੇ ਚੀਫ਼ ਸੈਕਟਰੀ ਦੇ ਸਾਲੇ ਨੂੰ ਫੈਕਟਰੀ ਵਿਚ ਇੱਕ ਉੱਚਾ ਅਹੁਦਾ ਦਿੱਤਾ ਗਿਆ ਹੈ।

5) ਯੂਨੀਅਨ ਕਾਰਬਾਈਡ ਵੱਲੋਂ ਸਥਾਨਕ ਪਤਵੰਤਿਆਂ ਨੂੰ ਸਮੇਂ ਸਮੇਂ ਕੰਪਨੀ ਦੇ ਗੈੱਸਟ ਹਾਊਸ ਵਿਚ ਸ਼ਾਨਦਾਰ ਪਾਰਟੀਆਂ ਦਿੱਤੀਆਂ ਜਾਂਦੀਆਂ ਹਨ।

6) ਜਦੋਂ 1983 ਵਿਚ ਕਾਂਗਰਸ(ਆਈ) ਦੀ ਇਲਾਕਾਈ ਕਾਨਫਰੰਸ ਭੁਪਾਲ ਵਿਚ ਹੋਈ ਤਾਂ ਕਾਂਗਰਸ ਪਾਰਟੀ ਦੇ ਖ਼ਾਸ ਖ਼ਾਸ ਮਹਿਮਾਨਾਂ ਨੂੰ ਯੂਨੀਅਨ ਕਾਰਬਾਈਡ ਦੇ ਗੈੱਸਟ ਹਾਊਸ ਵਿਚ ਠਹਿਰਾਇਆ ਗਿਆ।

ਇਹਨਾਂ ਤੇ ਇਹੋ ਜਿਹੀਆਂ ਅਨੇਕਾਂ ਹੋਰ ਸਹੂਲਤਾਂ ਕਰਕੇ ਸਰਕਾਰ ਕੰਪਨੀ ਦੀਆਂ ਗ਼ਲਤੀਆਂ ਵੱਲੋਂ ਅੱਖਾਂ ਨਾ ਮੀਟੇਗੀ ਤਾਂ ਹੋਰ ਕੀ ਕਰੇਗੀ? ਬੇਸ਼ੱਕ ਸਮੇਂ ਸਮੇਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸਰਕਾਰ ਕਈ ਤਰ੍ਹਾਂ ਦੇ ਡਰਾਮੇ ਕਰਦੀ ਰਹਿੰਦੀ ਹੈ। ਇਸੇ ਤਰ੍ਹਾਂ ਦਾ ਇਕ ਡਰਾਮਾ ਉਹਨਾਂ ਨੇ ਯੂਨੀਅਨ ਕਾਰਬਾਈਡ ਕੰਪਨੀ ਦੇ ਪ੍ਰਧਾਨ ਐਂਡਰਸਨ ਦੀ ਗ੍ਰਿਫ਼ਤਾਰੀ ਕਰਕੇ ਹਾਲ ਹੀ ਵਿਚ ਕੀਤਾ। ਦੁਰਘਟਨਾ ਤੋਂ ਬਾਅਦ ਜਦੋਂ ਐਂਡਰਸਨ ਨੇ ਭੁਪਾਲ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਉਸ ਨੂੰ ਸਰਕਾਰ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਉਸ ਨੂੰ ਕੁਝ ਨਹੀਂ ਕਿਹਾ ਜਾਵੇਗਾ। ਪਰ ਜਦ ਉਹ ਯੂਨੀਅਨ ਕਾਰਬਾਈਡ ਦੀ ਭਾਰਤੀ ਸ਼ਾਖਾ ਦੇ ਚੇਅਰਮੈਨ ਕੇ- ਮਹਿੰਦਰਾ ਅਤੇ ਹੋਰ ਅਧਿਕਾਰੀਆਂ ਨਾਲ ਭੁਪਾਲ ਆਇਆ ਤਾਂ ਉਹਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਿਹੜੇ ਦੋਸ਼ ਉਹਦੇ ਉੱਪਰ ਲਾਏ ਗਏ ਉਹਨਾਂ ਦੀ ਸਜ਼ਾ ਸਜ਼ਾਏ-ਮੌਤ ਤੱਕ ਹੋ ਸਕਦੀ ਹੈ ਅਤੇ ਇਹਨਾਂ ਦੋਸ਼ਾਂ ਅਧੀਨ ਮੁਜ਼ਰਿਮ ਦੀ ਜ਼ਮਾਨਤ ਨਹੀਂ ਹੋ ਸਕਦੀ। ਪਰ ਸਾਢੇ ਛੇਆਂ ਘੰਟਿਆਂ ਦੀ 'ਗੈੱਸਟ-ਹਾਊਸ ਅਰੈੱਸਟ' ਬਾਅਦ ਐਂਡਰਸਨ ਨੂੰ ਬਿਨਾਂ ਜੱਜ ਦੇ ਸਾਹਮਣੇ ਪੇਸ਼ ਕੀਤਿਆਂ ਪੁਲੀਸ ਨੇ 2600 ਡਾਲਰ ਦੀ ਜ਼ਮਾਨਤ 'ਤੇ ਰਿਹਾ ਕਰ ਦਿੱਤਾ। ਲੋਕਾਂ ਨਾਲ ਇਸ ਤੋਂ ਵੱਡਾ ਧੋਖਾ ਹੋਰ ਕੀ ਹੋ ਸਕਦਾ ਹੈ। ਪਹਿਲਾਂ ਤਾਂ ਪੁਲੀਸ ਕੋਲ ਉਸ ਨੂੰ ਰਿਹਾ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਪਰ ਫੇਰ ਵੀ ਰਿਹਾ ਕੀਤਾ ਗਿਆ। ਫਿਰ 2600 ਡਾਲਰ ਦੀ ਜ਼ਮਾਨਤ 'ਤੇ? ਜਿਸ ਆਦਮੀ ਦੀ 1983 ਵਿਚ ਸਾਲ ਦੀ ਤਨਖ਼ਾਹ ਗਿਆਰਾਂ ਲੱਖ ਡਾਲਰ ਸੀ, ਉਹਦੇ ਲਈ 2600 ਡਾਲਰ ਕੀ ਮਹੱਤਤਾ ਰੱਖਦੇ ਹਨ?

ਉਪਰ ਕੀਤੇ ਵਿਚਾਰਾਂ ਤੋਂ ਇਹ ਸਾਫ਼ ਜ਼ਾਹਰ ਹੋ ਜਾਂਦੀ ਹੈ ਕਿ ਸਰਕਾਰ ਕੰਪਨੀ ਦੇ ਹੱਥਾਂ ਵਿਚ ਖੇਡਦੀ ਰਹੀ ਹੈ ਅਤੇ ਇਹਨੇ ਕਦੀ ਵੀ ਲੋਕਾਂ ਪ੍ਰਤੀ

ਆਪਣੀ ਜ਼ਿੰਮੇਵਾਰੀ ਮਹਿਸੂਸ ਨਹੀਂ ਕੀਤੀ। ਕਾਰਖ਼ਾਨੇ ਵਿਚਲੇ ਸੇਫਟੀ ਸਟੈਂਡਰਡਜ਼ ਵੱਲੋਂ ਅੱਖਾਂ ਮੀਟੀ ਰੱਖਣ ਕਰਕੇ ਸਰਕਾਰ ਸਿੱਧੇ ਤੌਰ 'ਤੇ ਇਹਨਾਂ ਮੌਤਾਂ ਲਈ ਜ਼ਿੰਮੇਵਾਰ ਹੈ।

• ਯੂਨੀਅਨ ਕਾਰਬਾਈਡ ਕੰਪਨੀ ਦਾ ਰੋਲ — ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਹ ਕੰਪਨੀਆਂ ਅਮਰੀਕਾ ਤੇ ਯੂਰਪ ਵਿਚ ਸੇਫਟੀ ਦੇ ਹੋਰ ਅਤੇ ਗਰੀਬ ਮੁਲਕਾਂ ਵਿਚ ਸੇਫਟੀ ਦੇ ਹੋਰ ਸਟੈਂਡਰਡ ਰੱਖਦੀਆਂ ਹਨ। ਭਾਵੇਂ ਭੁਪਾਲ ਹਾਦਸੇ ਤੋਂ ਬਾਅਦ ਇਸ ਕੰਪਨੀ ਦਾ ਕਹਿਣਾ ਹੈ ਕਿ ਭੁਪਾਲ ਵਿਚਲੇ ਕਾਰਖ਼ਾਨੇ ਵਿਚ ਵੀ ਉਹੋ ਜਿਹੀ ਸੇਫਟੀ ਹੈ ਜਿਹੋ ਜਿਹੀ ਅਮਰੀਕਾ ਵਿਚ ਵੈੱਸਟ ਵਰਜੀਨੀਆਂ ਦੇ ਇਸੇ ਤਰ੍ਹਾਂ (SISTER PLANT) ਦੇ ਕਾਰਖ਼ਾਨੇ ਵਿਚ ਹਨ। ਪਰ ਜੇ ਤੱਥਾਂ ਨੂੰ ਗੌਰ ਨਾਲ ਦੇਖਿਆ ਜਾਵੇ ਤਾਂ ਉਹਨਾਂ ਦਾ ਇਹ ਦਾਅਵਾ ਗਲਤ ਸਿੱਧ ਹੋ ਜਾਂਦਾ ਹੈ। ਉਦਾਹਰਣ ਵਜੋਂ ਕੁੱਝ ਤੱਥ :

1) ਅਮਰੀਕਾ ਵਿਚਲੇ ਪਲਾਂਟ ਵਿਚ ਕੰਪਿਊਟਰ ਸਿਸਟਮ ਹੈ ਜਿਹੜਾ ਪਲਾਂਟ ਵਿਚ ਇਸ ਤਰ੍ਹਾਂ ਦੇ ਹਾਦਸੇ ਬਾਰੇ ਪਹਿਲਾਂ ਹੀ ਚੇਤਾਵਨੀ ਦੇ ਸਕਦਾ ਹੈ। ਪਰ ਭੁਪਾਲ ਵਾਲੇ ਕਾਰਖ਼ਾਨੇ ਵਿਚ ਅਜਿਹਾ ਸਿਸਟਮ ਨਹੀਂ।

2) ਅਮਰੀਕਾ ਵਾਲੇ ਪਲਾਂਟ ਵਿਚ ਚਾਰ ਅਲਾਰਮ ਸਿਸਟਮ ਹਨ ਜਿਹੜੇ ਕਿਸੇ ਵੀ ਹਾਦਸੇ ਬਾਰੇ ਵੱਖ ਵੱਖ ਸਟੇਜ 'ਤੇ ਸੁਚੇਤ ਕਰਦੇ ਹਨ ਪਰ ਭੁਪਾਲ ਵਾਲੇ ਕਾਰਖ਼ਾਨੇ ਵਿਚ ਸਿਰਫ਼ ਇਕ ਆਮ ਚਲਾਉਣ ਵਾਲਾ (MANUALLY OPERATED) ਵਾਰਨਿੰਗ ਸਿਸਟਮ ਹੈ।

3) ਅਮਰੀਕਾ ਵਿਚ ਮੀਥਾਈਲ ਆਈਸੋਸਾਈਨੇਟ ਗੈਸ ਇਕ ਟੈਂਕ ਵਿਚ ਵੱਧ ਤੋਂ ਵੱਧ 1000 ਤੋਂ 2000 ਗੈਲਨ ਤੱਕ ਹੀ ਸਟੋਰ ਕੀਤੀ ਜਾਂਦੀ ਹੈ ਪਰ ਭੁਪਾਲ ਵਿਚ ਇਕ ਟੈਂਕ ਵਿਚ 45 ਟਨ ਗੈਸ ਸਟੋਰ ਕੀਤੀ ਗਈ। ਥੋੜ੍ਹੀ ਥੋੜ੍ਹੀ ਗੈਸ ਸਟੋਰ ਕਰਨ ਲਈ ਕੰਪਨੀ ਨੂੰ ਹੋਰ ਟੈਂਕਾਂ 'ਤੇ ਪੈਸਾ ਖਰਚ ਕਰਨਾ ਪੈਂਦਾ ਸੀ। ਕੰਪਨੀ ਨੇ ਮੁਨਾਫ਼ਾ ਕਾਇਮ ਰੱਖਣ ਲਈ ਪੈਸੇ ਖਰਚ ਕਰਕੇ ਟੈਂਕ ਨਹੀਂ ਬਣਾਏ ਸਗੋਂ ਟੈਂਕਾਂ ਵਿਚ ਜ਼ਿਆਦਾ ਗੈਸ ਸਟੋਰ ਕਰਕੇ ਹਜ਼ਾਰਾਂ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਿਆ।

4) ਭਾਰਤ ਦੇ ਸਨਅਤੀ ਐਕਟ ਮੁਤਾਬਕ ਅਜਿਹੇ ਪਲਾਂਟ ਕੋਲ ਹਾਦਸਾ ਵਾਪਰਨ ਦੀ ਸੂਰਤ ਵਿਚ ਲੋੜੀਂਦਾ ਸਾਜ਼-ਸਮਾਨ, ਲਬਾਰਟਰੀ ਅਤੇ ਹਸਪਤਾਲ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਪਰ ਭੁਪਾਲ ਪਲਾਂਟ ਵਿਚ ਅਤੇ ਆਸ ਪਾਸ ਕੋਈ ਲਬਾਰਟਰੀ ਸਥਾਪਤ ਨਹੀਂ ਕੀਤੀ ਗਈ।

5) ਮੀਥਾਈਲ ਆਈਸੋਸਾਈਨੇਟ ਗੈਸ ਸਟੋਰ ਕਰਨ ਵਾਲੇ ਟੈਂਕਾਂ ਉੱਪਰ ਦੋ ਬਚਾਉ-ਯੰਤਰ (SAFETY DEVICES) ਲੱਗੇ ਹੋਏ ਸਨ। ਪਰ ਇਸ ਦੁਰਘਟਨਾ ਵਕਤ ਇਨ੍ਹਾਂ ਦੋਹਾਂ ਯੰਤਰਾਂ ਨੇ ਕੰਮ ਨਹੀਂ ਕੀਤਾ। ਇਹਨਾਂ ਯੰਤਰਾਂ ਨੂੰ ਸਮੇਂ ਸਮੇਂ ਚੈੱਕ ਕਰਨਾ ਜ਼ਰੂਰੀ ਹੈ, ਪਰ ਚੈੱਕ ਕਰਨ ਲਈ ਸਮਾਂ ਕੱਢਣਾ ਪੈਂਦਾ ਹੈ ਅਤੇ ਇਹ ਸਮਾਂ ਇਹਨਾਂ ਲੋਕਾਂ ਲਈ ਸਰਮਾਇਆ ਹੁੰਦਾ ਹੈ ਇਸ ਲਈ ਇਹ ਕੰਪਨੀਆਂ ਵਾਧੂ ਚੈੱਕ-ਅੱਪ ਵਿਚ ਸਮਾਂ/ ਸਰਮਾਇਆ ਬਰਬਾਦ ਨਹੀਂ ਕਰਦੀਆਂ।

ਗਰੀਬ ਮੁਲਕਾਂ ਵਿਚ ਇਕ ਤਾਂ ਸੇਫਟੀ ਕਾਨੂੰਨ ਤੇ ਸਟੈਂਡਰਡ ਪਹਿਲਾਂ ਹੀ ਘੱਟ ਹੁੰਦੇ ਹਨ, ਦੂਜੇ ਇਹ ਵੱਡੀਆਂ ਕੰਪਨੀਆਂ ਇਹਨਾਂ ਦੀ ਪਰਵਾਹ ਨਹੀਂ ਕਰਦੀਆਂ। ਕੋਈ ਵੀ ਫੈਸਲਾ ਕਰਨ ਵੇਲੇ ਇਹ ਕੰਪਨੀਆਂ ਡਾਲਰ ਨੂੰ ਹੀ ਧਿਆਨ ਵਿਚ ਰੱਖਦੀਆਂ ਹਨ। ਗਰੀਬ ਮੁਲਕਾਂ ਵਿਚ ਦੁਰਘਟਨਾ ਵਿਚ ਮਾਰੇ ਗਏ ਲੋਕਾਂ ਨੂੰ ਮੁਆਵਜ਼ਾ ਦੇਣ ਦੀ ਰਕਮ ਬਹੁਤ ਹੀ ਥੋੜ੍ਹੀ ਹੁੰਦੀ ਹੈ। ਇਹ ਕੰਪਨੀਆਂ ਕਿਸੇ ਸੇਫਟੀ ਸਿਸਟਮ ਨੂੰ ਲਾਉਣ ਵੇਲੇ ਹਿਸਾਬ ਲਾਉਂਦੀਆਂ ਹਨ ਕਿ ਹਾਦਸੇ ਦੇ ਕੇਸ ਵਿਚ ਮਰਨ ਵਾਲੇ ਲੋਕਾਂ ਨੂੰ ਪੈਸੇ ਜ਼ਿਆਦਾ ਦੇਣੇ ਪੈਣਗੇ ਕਿ ਸਿਸਟਮ ਲਗਾਉਣ ਤੇ ਜ਼ਿਆਦਾ ਪੈਸੇ ਖਰਚ ਆਉਣਗੇ। ਆਮ ਤੌਰ 'ਤੇ ਗਰੀਬ ਮੁਲਕਾਂ ਵਿਚ ਸਿਸਟਮ ਲਾਉਣ ਨਾਲੋਂ ਮਰ ਗਿਆਂ ਦਾ ਮੁਆਵਜ਼ਾ ਦੇਣਾ ਸਸਤਾ ਲੱਗਦਾ ਹੈ। ਇਸ ਲਈ ਇਹੋ ਜਿਹੀਆਂ ਕੰਪਨੀਆਂ ਇਹਨਾਂ ਬਚਾਓ ਸਾਧਨਾਂ ਵੱਲ ਧਿਆਨ ਨਹੀਂ ਦਿੰਦੀਆਂ। ਯੂਨੀਅਨ ਕਾਰਬਾਈਡ ਦੇ ਅਮਰੀਕਾ ਵਿਚਲੇ ਕਾਰਖ਼ਾਨੇ ਦਾ ਅਤੇ ਭੁਪਾਲ ਵਿਚਲੇ ਕਾਰਖ਼ਾਨੇ ਦਾ ਮੁਕਾਬਲਾ ਕੀਤਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕੰਪਨੀ ਅਮਰੀਕਾ ਅਤੇ ਗਰੀਬ ਮੁਲਕਾਂ ਲਈ ਦੂਹਰੇ ਮਾਪ ਰੱਖਦੀ ਹੈ। ਇਸ ਲਈ ਇਹ ਦੂਹਰੇ ਮਾਪ (DOUBLE STANDARDS) ਕਰਕੇ ਇਹ ਕੰਪਨੀ ਵੀ ਹੋਏ ਮਨੁੱਖੀ ਕਤਲਾਂ ਲਈ ਬਰਾਬਰ ਦੀ ਜ਼ਿੰਮੇਵਾਰ ਹੈ।

• ਸਿੱਟਾ — ਉਪਰਲੇ ਵਿਸਥਾਰ ਪੂਰਵਕ ਵਿਚਾਰ ਵਟਾਂਦਰੇ ਤੋਂ ਇਹ ਗੱਲ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਭੁਪਾਲ ਵਿਚਲੇ ਵਾਪਰੇ ਇਸ ਭਿਆਨਕ ਕਾਂਡ ਦੀ ਜ਼ਿੰਮੇਵਾਰੀ ਸਰਕਾਰ ਅਤੇ ਯੂਨੀਅਨ ਕਾਰਬਾਈਡ ਦੋਹਾਂ ਦੇ ਸਿਰ ਬਰਾਬਰ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹੋ ਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਦਾ ਭਵਿੱਖ ਵਿਚ ਕੀ ਤਰੀਕਾ ਹੈ? ਇਹੋ ਜਿਹੇ ਹਾਦਸਿਆਂ ਨੂੰ ਰੋਕਣ ਦਾ ਇੱਕੋ ਹੱਲ ਹੈ ਕਿ ਭਾਰਤ ਵਿਚ ਲੋਕਾਂ ਦੀ ਸਰਕਾਰ ਹੋਵੇ। ਇਹੋ ਜਿਹੀ ਸਰਕਾਰ ਹੋਵੇ ਜੋ ਇਹਨਾਂ ਵੱਡੀਆਂ ਕਾਰਪੋਰੇਸ਼ਨਾਂ ਦੇ ਦਬਾਅ ਹੇਠਾਂ ਆਉਣ ਤੋਂ ਬਿਨਾਂ ਲੋਕਾਂ ਦੀ ਜਾਨ-ਮਾਲ ਦੀ ਰਾਖੀ ਨੂੰ ਇਹਨਾਂ ਕੰਪਨੀਆਂ ਦੇ ਮੁਨਾਫ਼ੇ ਤੋਂ ਵੱਧ ਮਹੱਤਤਾ ਦਿੰਦੀ ਹੋਵੇ। ਇਸ ਲਈ ਲੋਕਾਂ ਨੂੰ ਚਾਹੀਦਾ ਹੈ ਕਿ ਅਜਿਹੀ ਸਰਕਾਰ ਅਤੇ ਅਜਿਹਾ ਆਰਥਿਕ ਢਾਂਚਾ ਪੈਦਾ ਕਰਨ ਲਈ ਯਤਨਸ਼ੀਲ ਹੋਣ। ਤਾਂ ਹੀ ਇਹੋ ਜਿਹੇ ਭਿਆਨਕ ਖ਼ੂਨੀ ਕਾਂਡਾਂ ਨੂੰ ਵਾਪਰਨੋਂ ਰੋਕਿਆ ਜਾ ਸਕਦਾ ਹੈ। • (VANCOUVER, B.C.)

---

(ਸਫ਼ਾ 17 ਦੀ ਬਾਕੀ...)

ਖ਼ਰਾਬ ਸੀ, ਪਰ ਹੁਣ ਠੀਕ ਹੈ।"

ਮਾਸਟਰ ਖਿਝ ਗਿਆ ਸੀ। ਇਸ ਵਿਆਹ ਲਈ ਤਿੰਨ ਵਾਰ ਪੈਸੇ ਮੰਗਵਾਏ ਜਾ ਚੁੱਕੇ ਸਨ ਅਤੇ ਹਰ ਵਾਰ ਵਿਆਹ ਅੱਗੇ ਪਾ ਦਿੱਤਾ ਗਿਆ ਸੀ। ਨਿਰੰਜਣ ਸਿੰਘ ਨੇ ਬੱਸ ਏਨਾਂ ਹੀ ਕਿਹਾ : "ਸਭ ਰੱਬ ਦੀ ਮਾਇਆ ਹੈ, ਉਹਦੀ ਲਿਖੀ ਕੀਹਨੇ ਟਾਲੀ ਐ। ਬੱਸ ਜੀ ਆਪਣੇ ਦੋਸਤ ਦੀ ਖ਼ਾਤਰ ਕਰੋ। ਇਨ੍ਹਾਂ ਨੂੰ ਮੈਕਲੋਡਗੰਜ ਵਿਖਾਓ, ਗੋਲਡਨ ਗੇਟ ਵਿਖਾਓ।" ਮਾਸਟਰ ਨੇ ਹੱਸਦੇ ਹੋਏ ਕਿਹਾ ਸੀ: "ਚਾਚਾ, ਇੱਥੇ ਦੀ ਸਭ ਤੋਂ ਕਮਾਲ ਦੀ ਚੀਜ਼ ਤੂੰ ਐਂ। ਤੈਨੂੰ ਵੇਖ ਲਿਆ ਤਾਂ ਸਮਝੋ ਸਭ ਕੁੱਝ ਵੇਖ ਲਿਆ।"

• (ਹਿੰਦੀ ਤੋਂ ਸੁਤੰਤਰ ਅਨੁਵਾਦ: ਸੁਖਵੰਤ ਹੁੰਦਲ, ਵੈਨਕੂਵਰ, ਬੀ.ਸੀ.)

# ਬਾਬਾ ਬੋਲਦਾ ਹੈ

ਗੁਰਸ਼ਰਨ ਸਿੰਘ

ਇਹ ਨਾਟਕ ਉਹਨਾਂ ਨੂੰ ਸਮਰਪਤ ਹੈ, ਜੋ ਇਕ ਪਾਸੇ ਰਾਜਸੀ ਭ੍ਰਿਸ਼ਟਾਚਾਰ ਅਤੇ ਦੂਜੇ ਪਾਸੇ ਫਿਰਕਾਪ੍ਰਸਤੀ ਅਤੇ ਧਾਰਮਕ ਜਨੂੰਨ ਦੇ ਵਿਰੁਧ ਸੰਘਰਸ਼ ਕਰਨਾ ਆਪਣਾ ਇਮਾਨ ਸਮਝਦੇ ਹਨ। —ਗ.ਸ.

ਪਾਤਰ : ਬਾਬਾ
ਕਾਂਗਰਸੀ
ਜਥੇਦਾਰ
ਅਖ਼ਬਾਰ ਵੇਚਣ ਵਾਲਾ ਮੁੰਡਾ
ਤੇ ਹੋਰ ਸਾਧਾਰਨ ਲੋਕ

ਨਾਟਕ ਦਾ ਪਿੜ ਵਿਸ਼ਾਲ ਹਿੰਦੋਸਤਾਨ ਹੈ। ਸਮਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਾ ਹੈ। ਵਿਸ਼ਾ ਪ੍ਰਧਾਨ ਮੰਤਰੀ ਦੀ ਹਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਵਿਚ ਹੋਰਨਾਂ ਥਾਵਾਂ ਦੀਆਂ ਘਟਨਾਵਾਂਹਨ, ਜਦੋਂ ਇਕ ਧਰਮ ਦੇ ਲੋਕਾਂ ਦਾ ਕਤਲਿਆਮ ਕੀਤਾ ਗਿਆ, ਉਨ੍ਹਾਂ ਦੇ ਘਰਾਂ ਨੂੰ ਲੁਟਿਆ ਗਿਆ ਅਤੇ ਉਹਨਾਂ ਦੀ ਜਾਇਦਾਦ ਨੂੰ ਸਾੜਿਆ ਗਿਆ।

[ਮੰਚ ਤੇ ਇਕ ਅਖ਼ਬਾਰ ਵੇਚਣ ਵਾਲਾ ਆਂਦਾ ਹੈ]

ਅਖਬਾਰ ਵਾਲਾ : ਅੱਜ ਦੀ ਤਾਜ਼ਾ ਖਬਰ, ਜੋ ਕਲ੍ਹ ਤਾਜ਼ਾ ਨਹੀਂ ਰਹੇਗੀ, ਪੰਜਸੋ ਬੇਹੀ ਹੋ ਜਾਏਗੀ ਤੇ ਚੇਥ ਭੁਲਾ ਦਿਤੀ ਜਾਏਗੀ। ਹਤਿਆ ਕਰ ਦਿੱਤੀ ਗਈ।

[ਤਿੰਨ ਚਾਰ ਬੰਦੇ ਅਖ਼ਬਾਰ ਲੈਂਦੇ ਹਨ। ਬਾਬਾ ਦਾਖ਼ਲ ਹੁੰਦਾ ਹੈ, ਉਹਦੇ ਇਕ ਪਾਸੇ ਵਡਾ ਥੈਲਾ ਲਟਕਿਆ ਹੋਇਆ ਹੈ। ਹੱਥ ਵਿਚ ਸੋਟਾ ਹੈ। ਲੰਮੇਂ ਸਫ਼ਰ ਤੋਂ ਆਇਆ ਲਗਦਾ ਹੈ। ਪੈਰਾਂ 'ਚ ਪਾਈ ਜੁੱਤੀ ਧੂੜ ਨਾਲ ਭਰੀ ਹੋਈ ਹੈ।

ਬਾਬਾ : ਹਤਿਆ ਕਰ ਦਿੱਤੀ ਗਈ ?

ਬਾਕੀ : ਹਾਂ ਹਤਿਆ ਕਰ ਦਿੱਤੀ ਗਈ।

ਅਖਬਾਰ ਵਾਲਾ : ਪੈਸੇ ਖਰਚੋ, ਅਖ਼ਬਾਰ ਲਵੋ, ਹਤਿਆ ਕਰ ਦਿਤੀ ਗਈ, ਬੜੀ ਵਡੀ ਸ਼ਖਸੀਅਤ ਦੀ।

ਬਾਬਾ : ਬੜੀ ਵੱਡੀ ਸ਼ਖਸੀਅਤ ਦੀ ?

ਅਖਬਾਰ ਵਾਲਾ : ਹਾਂ, ਪੈਸੇ ਖਰਚੋ, ਅਖਬਾਰ ਲਵੋ, ਹਤਿਆ ਕਰ ਦਿੱਤੀ ਗਈ, ਵਡੀ ਸ਼ਖ਼ਸੀਅਤ ਦੀ, ਜਿਸਦੇ ਨਾਂ ਨਾਲ ਦੇਸ਼ ਜਾਣਿਆ ਜਾਂਦਾ ਸੀ ?

ਬਾਬਾ : ਜਿਸਦੇ ਨਾਂ ਨਾਲ ਦੇਸ਼ ਜਾਣਿਆ ਜਾਂਦਾ ਸੀ ?

ਬਾਕੀ : ਹਾਂ, ਬਾਬਾ, ਜਿਸ ਦੇ ਨਾਂ ਨਾਲ ਦੇਸ਼ ਜਾਣਿਆ ਜਾਂਦਾ ਸੀ।

ਅਖਬਾਰ ਵਾਲਾ : (ਪਾਸੇ) ਬਾਬਾ ਬੜਾ ਕੰਜੂਸ ਏ, ਪੈਸੇ ਨਹੀਂ ਖਰਚਦਾ, ਖਬਰ ਸਾਰੀ ਪੁੱਛਦਾ ਏ (ਬਾਬੇ ਨੂੰ) ਬਾਬਾ ਹਤਿਆ ਕਰ ਦਿਤੀ ਗਈ। ਵੱਡੀ ਸ਼ਖਸੀਅਤ ਦੀ, ਜਿਸਦੇ ਨਾਂ ਨਾਲ ਦੇਸ਼ ਜਾਣਿਆ ਜਾਂਦਾ ਸੀ, ਆਪਣੇ ਹੀ ਘਰ ਵਿਚ ਹਤਿਆ ਕਰ ਦਿੱਤੀ ਗਈ।

ਬਾਬਾ : ਆਪਣੇ ਹੀ ਘਰ ਵਿਚ ਹਤਿਆ ਕਰ ਦਿੱਤੀ ਗਈ ਬੜੀ ਮਾੜੀ ਗੱਲ ਹੋਈ।

ਅਖਬਾਰ ਵਾਲਾ : ਕੀ ਮਾੜੀ ਗੱਲ ਹੋਈ ?

ਬਾਬਾ : ਆਪਣੇ ਹੀ ਘਰ ਵਿਚ ਹਤਿਆ ਕਰ ਦਿਤੀ ਗਈ।

ਅਖਬਾਰ ਵਾਲਾ : ਕੀਹਦੀ ?

ਬਾਬਾ : ਜਿਸਦਾ ਨਾਂ ਦੇਸ਼ ਵਿਚ ਜਾਣਿਆ ਜਾਂਦਾ ਸੀ।

ਅਖਬਾਰਾ ਵਾਲਾ : ਕਿਸਦਾ ਨਾਂ ਦੇਸ਼ ਵਿਚ ਜਾਣਿਆ ਜਾਂਦਾ ਸੀ ?

ਬਾਬਾ : ਜਿਹੜੀ ਵੱਡੀ ਸ਼ਖਸੀਅਤ ਸੀ।

ਅਖਬਾਰ ਵਾਲਾ : ਕੌਣ ਵਡੀ ਸ਼ਖਸੀਅਤ ਸੀ ?

ਬਾਬਾ : ਜਿਸਦੀ ਹਤਿਆ ਕਰ ਦਿੱਤੀ ਗਈ।

ਅਖ਼ਬਾਰ ਵਾਲਾ : ਕਿਸਦੀ ਹਤਿਆ ਕਰ ਦਿੱਤੀ ਗਈ।

ਬਾਬਾ : ਇਹੋ ਤਾਂ ਮੈਂ ਪੁਛਦਾ ਹਾਂ ਕਿ ਕਿਸਦੀ ਹਤਿਆ ਕਰ ਦਿਤੀ ਗਈ ?

[ਬਾਕੀ ਹੱਸਦੇ ਹਨ]

ਅਖਬਾਰ ਵਾਲਾ : (ਪਾਸੇ) ਬਾਬਾ ਬੜਾ ਖੱਚਰਾ ਏ, ਮੁਫ਼ਤ ਵਿਚ ਖਬਰ ਪੁਛਦਾ ਏ, ਪਰ ਦੱਸਨੀ ਮੈਂ ਵੀ ਨਹੀਂ, (ਬਾਬੇ ਨੂੰ) ਬਾਬਾ, ਸਰਕਾਰੀ ਝੰਡੇ ਥਲੇ ਕਰ ਦਿਤੇ ਗਏ ਨੇ ?

ਬਾਬਾ : ਪਏ ਥਲੇ ਹੋਣ, ਸਾਨੂੰ ਕੀ ਫਰਕ ਪੈਂਦਾ ਏ ?

ਅਖਬਾਰ ਵਾਲਾ : ਰੇਡੀਓ ਤੇ ਮਾਤਮੀ ਸੰਗੀਤ ਵਜ ਰਿਹੈ।

ਬਾਬਾ : ਕੀ ਰੇਡੀਓ ਵਾਲਿਆਂ ਦਾ ਕੋਈ ਸਵਰਗਵਾਸ ਹੋ ਗਿਆ ਏ ?

ਅਖਬਾਰ ਵਾਲਾ : ਸਵਰਗਵਾਸ ਹੋ ਨਹੀਂ ਗਿਆ, ਹੋ ਗਈ ਏ। ਟੈਲੀਵੀਜਨ ਉਹਦੀ ਮਿਰਤਕ ਦੇਹ ਤੇ ਫੋਕਸ ਏ।

ਬਾਬਾ : ਅਗੇ ਟੈਲੀਵੀਜਨ ਕਿਹੜਾ ਜੀਂਦੇ ਬੰਦਿਆਂ ਤੇ ਫੋਕਸ ਹੁੰਦਾ ਏ।

ਅਖਬਾਰ ਵਾਲਾ : ਬਾਜ਼ਾਰ ਵਿਚ ਹੜਤਾਲ ਏ।

ਬਾਬਾ : ਮੈਂ ਕਿਹੜਾ ਸੌਦ ਲੈਣੀ ਏ ?

ਅਖਬਾਰ ਵਾਲਾ : ਪ੍ਰਦੇਸਾਂ ਵਿਚੋਂ ਵਡੇ ਵਡੇ ਲੀਡਰ ਪੁੱਜ ਰਹੇ ਨੇ।

ਬਾਬਾ : ਕਿਉਂ ਉਹਨਾਂ ਦੀ ਮਾਂ ਮਰ ਗਈ ਏ ?

ਅਖਬਾਰ ਵਾਲਾ : ਉਹਨਾਂ ਦੀ ਮਾਂ ਨਹੀਂ, ਦੇਸ਼ ਦੀ ਮਾਂ ਮਰ ਗਈ ਏ। 7

ਬਾਬਾ : ਮਾਂ ਮਰੇ ਤਾਂ ਕੀ ਹੁੰਦਾ ਏ ?

ਅਖਬਾਰ ਵਾਲਾ : ਦੇਸ਼ ਯਤੀਮ ਹੋ ਜਾਂਦੈ।

ਬਾਬਾ : ਇਹ ਦੇਸ਼ ਪਹਿਲੇ ਤੋਂ ਹੀ ਯਤੀਮ ਏ।

ਅਖਬਾਰ ਵਾਲਾ : ਕੀ ਮਤਲਬ ?

ਬਾਬਾ : ਇਹ ਦੇਸ਼ ਸਦੀਆਂ ਤੋਂ ਯਤੀਮ ਏ। ਹੈ ਕੋਈ ਇਹਦਾ ਵਾਲੀ ਵਾਰਿਸ ? ਤਾਂਹੀਓ ਤਾਂ ਲੋਕ ਭੁੱਖੇ, ਨੰਗੇ ਲੱਖਾਂ ਦੀ ਗਿਣਤੀ ਵਿਚ ਮਰਦੇ ਨੇ, ਜਿਹੜੇ ਭੁੱਖੇ ਨਹੀਂ, ਉਹ ਸਿਰਫ਼ ਅਖਬਾਰਾਂ ਪੜਦੇ ਨੇ ਤੇ ਆਪਸ ਵਿਚ ਲੜ ਲੜ ਮਰਦੇ ਨੇ (ਅਖਬਾਰ ਪੜ੍ਹਦੇ ਪਾਤਰ ਬਾਬੇ ਨੂੰ ਘੂਰੀ ਵੱਟਦੇ ਨੇ ਤੇ ਸਟੇਜ ਤੋਂ ਬਾਹਰ ਜਾਂਦੇ ਹਨ) ਖਬਰ ਇਥੇ ਇਕੋ ਏ, ਕਲ ਵੀ ਇਹੋ ਸੀ, ਅੱਜ ਵੀ ਇਹੋ ਏ, ਕਲ ਵੀ ਇਹੋ ਹੋਵੇਗੀ। ਹੁਣ ਇਹ ਨਾਂ ਆਖੀਂ, ਬਾਬਾ ਕੰਜੂਸ ਏ, ਪੈਸੇ ਨਹੀਂ ਖਰਚਦਾ, ਇਹ ਲੈ ਪੈਸੇ, ਅਖ਼ਬਾਰ ਇਸ ਝੋਲੇ ਵਿਚ ਪਾਦੇ।

ਅਖਬਾਰ ਵਾਲਾ : (ਝੋਲੇ ਵਿਚ ਅਖ਼ਬਾਰ ਪਾਂਦਾ ਹੋਇਆ)

ਬਾਬਾ, ਇਥੇ ਅਗੇ ਹੀ ਬੜੀਆਂ ਸਾਰੀਆਂ ਅਖਬਾਰਾਂ ਨੇ

ਬਾਬਾ : ਅਖ਼ਬਾਰਾਂ ਨਹੀਂ ਜ਼ਿੰਦਗੀ ਦਾ ਨਿਚੋੜ ਏ । ਹੁਣ ਦਸ ਤੇਰੀ ਖਬਰ ਕੀ ਏ ? ਅਖੇ ਹਤਿਆ ਹੋ ਗਈ, ਇਕ ਸ਼ਖ਼ਸੀਅਤ ਦੀ, ਜਿਸਦੇ ਨਾਂ ਨਾਲ ਦੇਸ਼ ਜਾਣਿਆ ਜਾਂਦਾ ਸੀ । ਘਰ ਵਿਚ ਹਤਿਆ ਕਰ ਦਿਤੀ ਗਈ, ਸਰਕਾਰੀ ਝੰਡੇ ਥਲੇ ਹੋ ਗਏ, ਰੇਡੀਓ ਤੇ ਮਾਤਮੀ ਸੰਗੀਤ ਏ, ਟੈਲੀਵੀਯਨ ਉਹਦੇ ਮਿਰਤਕ ਸਰੀਰ ਤੇ ਫੋਕਸ ਏ । ਬਾਜ਼ਾਰ ਵਿਚ ਹੜਤਲ ਏ, ਪ੍ਰਦੇਸ਼ਾਂ ਤੋਂ ਵਡੇ ਵਡੇ ਲੋਕ ਆ ਰਹੇ ਨੇ ।

ਅਖਬਾਰ ਵਾਲਾ : (ਉਚੇ ਸਾਰੇ) ਬਾਬਾ ਪ੍ਰਧਾਨ ਮੰਤਰੀ ਦੀ ਹਤਿਆ ਹੋ ਗਈ ਏ ।

ਬਾਬਾ : (ਪ੍ਰਭਾਵਤ ਹੋਏ ਬਗ਼ੈਰ) ਹੱਲਾ ਫੇਰ ਉਹਦਾ ਪੁਤਰ ਪ੍ਰਧਾਨ ਮੰਤਰੀ ਬਣ ਗਿਆ ਏ ।

ਅਖਬਾਰ ਵਾਲਾ : ਉਹਨੇ ਲੋਕਾਂ ਨੂੰ ਸ਼ਾਂਤ ਰਹਿਣ ਲਈ ਆਖਿਆ ਏ ।

ਬਾਬਾ : ਤੇ ਲੋਕ ਅੱਗਾਂ ਲਾ ਰਹੇ ਨੇ ।

ਅਖਬਾਰ ਵਾਲਾ : ਬਾਬਾ ਤੈਨੂੰ ਸਾਰੀਆਂ ਖ਼ਬਰਾਂ ਪਹਿਲੇ

ਬਾਬਾ : ਕਿਉਂਕਿ ਮੈਨੂੰ ਖ਼ਬਰਾਂ ਵਿਚੋਂ ਖਬਰਾਂ ਪੜ੍ਹਣ ਦੀ ਜਾਚ ਏ ।

ਅਖਬਾਰਾ ਵਾਲਾ : ਉਹ ਕਿਸਤਰ੍ਹਾਂ ?

ਬਾਬਾ : ਤੂੰ ਆਪਣੀ ਖ਼ਬਰ ਪੜ੍ਹ, ਮੈਂ ਤੈਨੂੰ ਆਪਣੀ ਖ਼ਬਰ ਸੁਣਾਨਾ ਹਾਂ ।

ਅਖਬਾਰ ਵਾਲਾ : (ਅਖਬਾਰ ਪੜ੍ਹਕੇ) ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਕਿਹਾ ਹੈ ਕਿ ਦੇਸ਼ ਵਿਚ ਸ਼ਾਂਤੀ ਰੱਖਣ ।

ਬਾਬਾ : ਇਹਦਾ ਮਤਲਬ ਏ ਕਿ ਦੇਸ਼ ਵਿਚ ਵੱਡੇ ਪੈਮਾਨੇ ਤੇ ਦੰਗੇ ਹੋ ਰਹੇ ਨੇ ।

ਅਖਬਾਰ ਵਾਲਾ : ਸਰਕਾਰ ਗਰੀਬੀ ਵਿਰੁਧ ਜਹਾਦ ਚਲਾਉਣ ਦਾ ਇਰਾਦਾ ਰੱਖਦੀ ਹੈ ।

ਬਾਬਾ : ਇਹਦਾ ਮਤਲਬ ਏ ਕਿ ਗ਼ਰੀਬੀ ਨਾਲ ਕ੍ਰੋੜ ਲੋਕ ਮਰ ਰਹੇ ਨੇ (ਜ਼ੋਰ ਦੇ ਕੇ) ਮੇਰੀ ਗੱਲ ਸੁਣ, ਜੇ ਪ੍ਰਧਾਨ ਮੰਤ੍ਰੀ ਕਵੇ ਕਿ ਬੇਰੁਜ਼ਗਾਰੀ ਦੂਰ ਕਰ ਦਿੱਤੀ ਜਾਏਗੀ ਤਾਂ ਇਹਦਾ ਮਤਲਬ ਏ ਕਿ ਸੜਕਾਂ ਤੇ ਬੇਰੁਜ਼ਗਾਰਾਂ ਦੀ ਗਿਣਤੀ ਵੱਧ ਗਈ ਏ । ਜੇ ਪ੍ਰਧਾਨ ਮੰਤਰੀ ਕਵੇ ਕਿ ਸਰਕਾਰੀ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਹੋਵੇਗਾ ਤਾਂ ਸਮਝ ਲਵੋ ਕਿ ਭ੍ਰਿਸ਼ਟਾਚਾਰ ਸਿਖਰਾਂ ਤੇ ਪੁੱਜ ਗਿਆ ਏ—ਜੇ ਪ੍ਰਧਾਨ ਮੰਤਰੀ ਕਵੇ ਕਿ ਦੇਸ਼ ਦੀ ਏਕਤਾ ਕਾਇਮ ਰੱਖੀ ਜਾਵੇਗੀ ਤਾਂ ਇਹਦਾ ਮਤਲਬ ਏ ਕਿ ਦੇਸ਼ ਟੋਟੇ ਟੋਟੇ ਹੋਣ ਨੂੰ ਫਿਰਦਾ ਏ । (ਤੁਰਦੇ ਹੋਏ) ਬਸ ਅੱਜ ਦੇ ਲਈ ਇਤਨਾ ਹੀ ਕਾਫ਼ੀ ਏ ।

ਅਖਬਾਰ ਵਾਲਾ : ਨਹੀਂ, ਬਾਬਾ ਇਸ ਤਰ੍ਹਾਂ ਨਹੀਂ, ਦੱਸ ਇਸ ਥੈਲੇ ਵਿਚ ਕੀ ਏ ?

ਬਾਬਾ : ਮਾਂ ਤੇਰੀ ਦਾ ਸਿਰ (ਬਦਲ ਕੇ) ਸੰਨ 47 ਦਾ ਇਤਿਹਾਸ ਏ, ਸੰਨ 64 ਦਾ ਇਤਿਹਾਸ ਏ, ਸੰਨ 84 ਦਾ ਇਤਿਹਾਸ ਏ ।

ਅਖਬਾਰ ਵਾਲਾ : ਸੰਤਾਲੀ, ਚੌਂਠ, ਚੁਰਾਸੀ ? ਭਲਾ ਇਹਨਾਂ ਦਾ ਕੀ ਤੁਅੱਲਕ ਹੋਇਆ ?

ਬਾਬਾ : ਸੰਤਾਲੀ ਵਿਚ ਦੰਗੇ ਹੋਏ, ਘਰ ਸੜੇ, ਬੇਦੋਸ਼ੇ ਮਰੇ, ਬਚੇ ਯਤੀਮ ਹੋਏ, ਸੁਹਾਗਣਾਂ ਵਿਧਵਾ ਹੋਈਆਂ, 84 ਵਿਚ ਦੰਗੇ ਹੋਏ, ਘਰ ਸੜੇ, ਬੇਦੋਸ਼ੇ ਮਰੇ, ਬਚੇ ਯਤੀਮ ਹੋਏ, ਸੁਹਾਗਣਾਂ ਵਿਧਵਾ ਹੋਈਆਂ, ਸੰਤਾਲੀ ਵਿਚ ਜਿਨ੍ਹਾਂ ਦਾ ਰਾਜ ਸੀ, ਉਹਨਾ ਦਾ ਚੰਮ ਚਿੱਟਾ ਸੀ, ਚੁਰਾਸੀ ਵਿਚ ਜਿਨ੍ਹਾਂ ਦਾ ਰਾਜ ਏ, ਉਹਨਾਂ ਦਾ ਖੱਦਰ ਚਿੱਟਾ ਏ । ਸਮੇਂ ਦੀ ਚੱਕੀ ਪੂਰੀ ਚੱਲੀ ਏ । ਦਲੀਆ ਹੋਇਆ ਲੋਕਾਂ ਦਾ, ਹਾਕਮਾਂ ਨੇ ਗੱਦੀ ਮੱਲੀ ਏ ।

ਅਖਬਾਰ ਵਾਲਾ : ਬਾਬਾ 1964 ਤੇ 1984 ਦਾ ਕੀ ਤੁਅੱਲਕ ਹੋਇਆ ?

ਬਾਬਾ : 1964 ਬਾਪ ਮਰਿਆ ਸੀ, ਧੀ ਗੱਦੀ ਤੇ ਬੈਠੀ ਸੀ । 1984 ਮਾਂ ਮਰੀ ਏ, ਪੁੱਤ ਗੱਦੀ ਤੇ ਬੈਠਾ ਏ । ਸੱਤਰ ਕ੍ਰੋੜ ਲੋਕ ਇਕੋ ਖ਼ਾਨਦਾਨ ਰਾਜਾ. ਬਾਕੀ ਸਾਰੇ ਫੋਕ ਦੇ ਫੋਕ ।

ਅਖਬਾਰ ਵਾਲਾ : ਬਾਬਾ ਬੜਾ ਢੁੱਚਰੀ ਏ, ਨਾਲੇ ਗੱਲ ਕਰਦਾ ਏ, ਨਾਲੇ ਗੱਲ ਲਾਂਦਾ ਏ ।

ਬਾਬਾ : ਪੁੱਤਰਾ ! ਜ਼ਖ਼ਮ ਖਾਧੇ ਨੇ, 1947 ਵਿਚ ਬਾਪ ਗਵਾਇਆ, 1984 ਧੀ ਦਾ ਸੁਹਾਗ ਗਵਾਇਆ, 47 ਵਿਚ ਮਾਂ ਵਿਧਵਾ ਹੋਈ, 84 ਵਿਚ ਧੀ ਵਿਧਵਾ ਹੋਈ, 47 ਵਿਚ ਮੈਂ ਇਕ ਨਾਨਾ ਯਤੀਮ ਹੋਇਆ ਸਾਂ, ਅੱਜ ਦੋਤਾ ਯਤੀਮ ਹੋਇਆ । ਪਰ ਇਤਫਾਕ ਏ, ਉਸ ਵੇਲ ਇਕ ਨਾਨਾ ਗੱਦੀ ਤੇ ਬੈਠਾ ਸੀ, ਅੱਜ ਇਕ ਦੋਤਾ ਗੱਦੀ ਤੇ ਬੈਠਾ ਏ । ਹੁਣ ਇਹ ਨਾਂ ਆਖੀਂ, ਬਾਬਾ ਗੱਲ ਲਾਂਦਾ ਏ । ਬਾਬੇ ਤੇ ਜੋ ਬੀਤੀ, ਬਾਬਾ ਉਹੀ ਸੁਣਾਂਦਾ ਏ ।

[ਛਿੱਕ ਛਿੱਕ ਦੀ ਆਵਾਜ਼ ਆਂਦੀ ਹੈ ਤੇ ਸਾਰੇ ਪਾਤਰ ਇਕ ਗੱਡੀ ਦਾ ਸੀਨ ਬਣਾਂਦੇ ਹਨ । ਛਿਕ ਛਿਕ ਛਿਕ—ਅਚਾਨਕ ਗੱਡੀ ਰੁਕਦੀ ਹੈ । ਤਿੰਨ ਮੁਸਾਫਰਾਂ ਨੂੰ ਖਿੱਚਕੇ, ਉਹਨਾਂ ਉਤੇ ਪੈਟਰੋਲ ਪਾਇਆ ਜਾਂਦਾ ਏ । ਬਾਬਾ ਅੱਗ ਨੂੰ ਬੁਝਾਣਾ ਚਾਹੁੰਦਾ ਏ, ਪਰ ਉਸ ਨੂੰ ਖਿਚਕੇ ਪਰੇ ਸੁੱਟ ਦਿੱਤਾ ਜਾਂਦਾ ਹੈ । (ਇਹ ਜਦੋਂ ਸਭ ਕੁਝ ਮੂਕ ਅਭਿਨੇ ਵਿਚ ਹੋ ਰਿਹਾ ਹੈ ਤਾਂ ਪਿਛੋਂ ਖ਼ਬਰਾਂ ਆਂਦੀਆਂ ਰਹਿੰਦੀਆਂ ਹਨ ।)]

ਇਕ ਖਬਰ : ਅਜ ਦੀ ਤਾਜ਼ਾ ਖ਼ਬਰ, ਦਿਲੀ ਤੋਂ ਬਾਹਰ ਤੁਗਲਕਾਬਾਦ ਸਟੇਸ਼ਨ ਤੇ ਰਾਜਧਾਨੀ ਐਕਸਪ੍ਰੈਸ ਵਿਚ ਇਕ ਧਰਮ ਦੇ ਤਿੰਨ ਮੁਸਾਫਰਾਂ ਨੂੰ ਬਾਹਰ ਕੱਢਕੇ ਮਿੱਟੀ ਦਾ ਤੇਲ ਛਿੜਕੇ ਸਾੜ ਦਿਤਾ ਗਿਆ ।

ਦੂਜੀ ਖਬਰ : ਰੇਲ ਮੰਤਰੀ ਦਾ ਬਿਆਨ ਭਾਰਤ ਭਰ ਵਿਚ ਰੇਲ ਗੱਡੀਆਂ ਦੀ ਆਵਾਜਾਈ ਵਿਚ ਕੋਈ ਵਿਘਣ ਨਹੀਂ ਪਿਆ । ਸਭ ਕੁਝ ਸਾਧਾਰਨ ਹਾਲਤਾਂ ਵਾਂਗ ਚਲ ਰਿਹਾ ਏ ।

ਤੀਜੀ ਖਬਰ : ਰੇਲ ਮੰਤਰੀ ਨੇ ਇਹ ਅਸ਼ਵਾਸਨ ਦਵਾਇਆ ਏ ਕਿ ਰੇਲ ਦੇ ਸਾਰੇ ਯਾਤਰੀਆਂ ਦੀ ਪੁਲਸ ਅਤੇ ਫੌਜ ਵਲੋਂ ਪੂਰੀ ਰਾਖੀ ਕੀਤੀ ਜਾਏਗੀ ।

ਬਾਬਾ : (ਸੜੀਆਂ ਹੋਈਆਂ ਲਾਸ਼ਾਂ ਤੋਂ ਰਾਖ ਚੁਕਦਾ ਹੋਇਆ) ਰਾਖੀ ਕੀਤੀ ਜਾਏਗੀ ਜਾਂ ਰਾਖ ਕਰ ਦਿੱਤਾ ਜਾਏਗਾ (ਇਕ ਵਿਅੰਗਮਈ ਹਾਸਾ) ਰਾਖ ਕਰ ਦਿੱਤਾ ਜਾਏਗਾ । ਨਹੀਂ, ਰਾਖ ਕਰ ਦਿੱਤਾ ਗਿਆ । ਹਾਂ ਰਾਖ ਹੋ ਗਿਆ, ਦੇਸ਼ ਦਾ ਕਾਨੂੰਨ, ਦੇਸ਼ ਦਾ ਇਮਾਨ, ਦੇਸ਼ ਦਾ ਵਿਧਾਨ । ਇਸ ਦੇਸ਼ ਵਿਚ ਹਰ ਇਕ ਨੂੰ ਇਜ਼ਤ

ਨਾਲ ਜੀਣ ਦਾ ਹੱਕ ਹੈ। ਰਾਖ ਹੋ ਗਿਆ (ਬਦਲ ਕੇ) ਛਿੜਕਾ ਦਿਓ ਇਸ ਰਾਖ ਨੂੰ ਹਿਮਾਲਾ ਪ੍ਰਬਤ ਤੇ, ਵਹਾ ਦਿਓ ਇਸ ਰਾਖ ਨੂੰ ਗੰਗਾ ਦੀ ਨਦੀ ਵਿਚ, ਡਬੋ ਦਿਓ ਇਸ ਰਾਖ ਨੂੰ ਕੰਨਿਆ ਕੁਮਾਰੀ ਜਾ ਕੇ ਡੂੰਘੇ ਸਮੁੰਦਰ ਵਿਚ। (ਬਦਲਕੇ) ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਅਸੀਂ ਸਭ ਇਕ ਦੇਸ਼ ਕੇ ਵਾਸੀ ਹਾਂ। (ਲਾ ਕੇ) ਪਰ ਆਪਣੇ ਹੀ ਦੇਸ਼ ਵਿਚ ਬਣੇ ਅਸੀਂ ਪ੍ਰਵਾਸੀ ਹਾਂ।

(ਬਾਬਾ ਜਦੋਂ ਇਹ ਵਾਰਤਾਲਾਪ ਬੋਲ ਰਿਹਾ ਹੈ। ਮੁਰਦਾ ਰੂਹਾਂ ਦੀ ਚਾਲ ਵਿਚ ਮਰਨ ਵਾਲੇ ਵਿਅਕਤੀ 'ਸਟੇਜ ਤੋਂ ਬਾਹਰ ਜਾਂਦੇ ਹਨ) ਉਹ ਦੁਹਰਾਂਦੇ ਹਨ, ਆਪਣੇ ਹੀ ਦੇਸ ਵਿਚ ਬਣੇ ਅਸੀਂ ਪ੍ਰਵਾਸੀ ਹਾਂ।

[ਮੰਚ ਦੇ ਦੂਜੇ ਪਾਸੇ ਤੋਂ ਇਕ ਕਾਂਗਰਸੀ ਦਾਖਲ ਹੁੰਦਾ ਹੈ, ਉਹਦੇ ਪਿਛੇ ਪਿਛੇ ਉਹਦੇ ਇਸ਼ਾਰੇ ਤੇ ਚਲਣ ਵਾਲਾ ਲੂੰਪਣ ਗੁੰਡਾ ਹੈ।

ਕਾਂਗਰਸੀ : ਕਿਉਂ ਹਰੀਚੰਦ ਕੀ ਪ੍ਰਾਗਰੈਸ ਏ ?

ਹਰੀ ਚੰਦ : ਬੜੀ ਪ੍ਰਾਗਰੈਸ ਏ—ਤਿੰਨ ਪਗੜੀ ਵਾਲੇ ਸਰਦਾਰਾਂ ਨੂੰ ਗੱਡੀਓਂ ਲਾਹ ਕੇ ਗੱਡੀ ਚੜ੍ਹਾਇਆ ਹੈ। ਚਾਰ ਟੈਕਸੀਆਂ ਨੂੰ ਅੱਗ ਲਾ ਕੇ ਸੁਆਹ ਬਣਾਇਆ ਹੈ। ਅੱਠ ਘਰਾਂ ਨੂੰ ਸਾੜਿਆ ਹੈ ਤੇ ਸਿੱਖਾਂ ਨੂੰ ਸਬਕ ਸਿਖਾਇਆ ਹੈ।

ਕਾਂਗਰਸੀ : ਬਹੁਤ ਖੂਬ, ਹੁਣ ਮੈਂ ਪ੍ਰਧਾਨ ਮੰਤਰੀ ਨੂੰ ਕਹਿ ਸਕਾਂਗਾ ਕਿ ਜਦੋਂ ਦਰਖਤ ਡਿੱਗਦਾ ਹੈ, ਤਾਂ ਜ਼ਮੀਨ ਹਿਲਦੀ ਹੈ। ਕੀ ਦਈਏ ਤੈਨੂੰ ਇਨਾਮ।

ਹਰੀਚੰਦ : ਮਾਲਕ, ਅੱਜ ਲੋੜ ਨਹੀਂ। ਪਹਿਲੇ ਹੀ ਬੜਾ ਇਨਾਮ ਪਾਇਆ ਹੈ, ਲੁੱਟ ਦਾ ਮਾਲ ਕਾਫ਼ੀ ਹੱਥ ਆਇਆ ਹੈ।

ਕਾਂਗਰਸੀ : ਕੀ ? ਅਸੀਂ ਵੀ ਸੁਣੀਏ

ਹਰੀਚੰਦ : ਰੇਸ਼ਮੀ ਸਾੜੀਆਂ, ਟਰਾਂਜ਼ਿਸਟਰ, ਵੀ.ਸੀ. ਆਰ. ਸਟੀਲ ਦੇ ਬਰਤਨ, ਸੋਨੇ ਦੇ ਗਹਿਣੇ ਤੇ ਨਕਦ ਦਸ ਹਜ਼ਾਰ।

ਕਾਂਗਰਸੀ : ਪੁਲਸ ਵਾਲਿਆਂ ਨੇ ਤੇ ਨਹੀਂ ਕੁਝ ਕਿਹਾ ?

ਹਰੀਚੰਦ : ਉਤੋਂ ਉਤੋਂ ਕਹਿੰਦੇ ਸਨ, ਨਸੋ ਨਸੋ। ਪਰ ਹੌਲੇ ਜ਼ਿਹੇ ਕਹਿੰਦੇ ਸਨ ਸਾੜੋ, ਸਾੜੋ। ਤੇਲ ਵਿਚ ਡੱਬਲਰੋਟੀ ਅਸੀਂ ਭਗੋਂਦੇ ਸਾਂ ਤੇ ਅੱਗ ਲਈ ਮਾਚਸ ਉਹ ਜਗਾਂਦੇ ਸਨ। ਚੰਗੀ ਮੌਜ ਸੀ, ਭਾਵੇਂ ਹਰ ਥਾਂ ਫੌਜ ਹੀ ਫੌਜ ਸੀ।

ਕਾਂਗਰਸੀ : ਯਾਨੀ ਫੌਜ਼ ਅਤੇ ਪੁਲਸ ਨੇ ਆਪਣਾ ਫਰਜ਼ ਨਿਭਾਇਆ ਹੈ।

ਹਰੀਚੰਦ : ਫਰਜ਼ ਵੀ ਨਿਭਾਇਆ ਹੈ ਤੇ ਲੁੱਟ ਵਿਚ ਹੱਥ ਵੀ ਵਟਾਇਆ ਹੈ।

ਕਾਂਗਰਸੀ : ਸਾਨੂੰ ਇਹੋ ਉਮੀਦ ਸੀ !

ਹਰੀਚੰਦ : ਮਾਲਕੋ, ਹੁਣ ਅੱਗੇ ਲਈ ਕੀ ਹੁਕਮ ਹੈ।

ਕਾਂਗਰਸੀ : ਇਸ਼ਾਰੇ ਦੀ ਉਡੀਕ ਕਰੀਂ, ਅਗਲਾ ਪ੍ਰੋਗਰਾਮ ਸ਼ਾਇਦ ਹੁਣ ਅਮਨ ਮਾਰਚ ਦਾ ਹੋਵੇ।

ਹਰੀਚੰਦ : ਅਮਨ ਮਾਰਚ ?

ਕਾਂਗਰਸੀ : ਹਾਂ, ਸ਼ਾਂਤੀ ਜਲੂਸ।

ਹਰੀਚੰਦ : ਕਿੰਨੇ ਬੰਦਿਆਂ ਦੀ ਲੋੜ ਏ ?

ਕਾਂਗਰਸੀ : ਤੇਰੇ ਜ਼ਿਮੇ ਸੌ ਦੇ ਕਰੀਬ ਹੀ ਹੋਣਗੇ। ਪਰ ਹੋਣ ਸਾਰੇ ਸਾਊ ਸ਼ਕਲਾਂ ਵਾਲੇ।

ਹਰੀਚੰਦ . ਅਸੀਂ ਤਾਂ ਮਾਲਕੋ ਹਮੇਸ਼ਾ ਤੁਹਾਡੇ ਇਸ਼ਾਰੇ ਦੀ ਉਡੀਕ 'ਚ ਰਹਿੰਦੇ ਹਾਂ। ਬੰਦੇ ਤਾਂ ਉਹੀ ਹੋਣਗੇ। ਕਲ ਉਹਨਾਂ ਨੇ ਲੁੱਟਮਾਰ ਵਿਚ ਹਿੱਸਾ ਲਿਆ। ਹੁਣ ਉਹ ਸ਼ਾਤੀ ਮਾਰਚ ਵਿਚ ਹਿੱਸਾ ਲੈਣਗੇ। ਕਲ ਉਹ ਗੁੰਡੇ ਸਨ, ਅੱਜ ਉਹ ਸਾਊ ਹਨ।

ਕਾਂਗਰਸੀ : ਉਹ ਕਿਸਤਰ੍ਹਾਂ ?

ਹਰੀਚੰਦ : ਉਹ ਇਸਤਰਾਂ। (ਗਲ ਵਿਚੋਂ ਰੁਮਾਲ ਲਾਹ ਦੇਂਦਾ ਹੈ, ਕਮੀਜ਼ ਦੇ ਗਲੇ ਦੇ ਬਟਨ ਬੰਦ ਕਰ ਲੈਂਦਾ ਹੈ। ਪਟਿਆਂ ਨੂੰ ਸਵਾਰ ਲੈਂਦਾ ਹੈ। ਟੋਪੀ ਝੋਲੇ ਵਿਚੋਂ ਕੱਢਕੇ ਪਾ ਲੈਂਦਾ ਹੈ) (ਨਾਅਰਾ ਲਾ ਕੇ) 'ਹਿੰਦੂ ਸਿੱਖ ਨੂੰ ਜੋ ਲੜਾਵੇ, ਉਹ ਦੇਸ਼ ਦਾ ਵੈਰੀ ਕਹਾਵੇ।' 'ਹਿੰਦੂ ਸਿੱਖ ਭਾਈ ਭਾਈ।' ਤੁਸੀਂ ਜਲੂਸ ਦੇ ਅਗੇ ਅਗੇ ਹੋਵੋਗੇ ਤੇ ਅਸੀਂ ਪਿਛੇ ਪਿਛੇ ਹੋਵਾਂਗੇ।

ਕਾਂਗਰਸੀ : ਬਹੁਤ ਖੂਬ, ਅੱਛਾ ਹੁਣ ਜਾ।

(ਹਰੀਚੰਦ ਜਾਣ ਲਗਦਾ ਹੈ ਤੇ ਫੇਰ ਵਾਪਸ ਆ ਜਾਂਦਾ ਹੈ)

ਹਰੀਚੰਦ : ਮਾਲਕੋ ?

ਕਾਂਗਰਸੀ : ਕੀ ਹੋਇਆ ?

ਹਰੀਚੰਦ : ਜਨਾਬ ਆਪਣੀ ਬਸਤੀ ਵਾਲੇ ਆਏ ਨੇ।

ਕਾਂਗਰਸੀ : ਕੌਣ ?

ਹਰੀਚੰਦ : ਜ਼ਿਨ੍ਹਾਂ ਦੇ ਘਰ ਕਲ ਲੁਟੇ ਗਏ ਸਨ।

ਕਾਂਗਰਸੀ : ਅੱਛਾ ਤੂੰ ਇੱਧਰੋਂ ਦੀ ਜਾ। ਸਾਡਾ ਅਗਲਾ ਕੰਮ ਸ਼ੁਰੂ ਹੁੰਦਾ ਏ।

ਹਰੀਚੰਦ : ਜੀ ਮਾਲਕੋ (ਉਹ ਚਲਾ ਜਾਂਦਾ ਹੈ)

(ਕਾਂਗਰਸੀ ਐਵੇਂ ਹੀ ਟੈਲੀਫੋਨ ਘੁਮਾਕੇ ਝੂਠੀ ਮੂਠੀ ਕਰਨ ਲੱਗ ਪੈਂਦਾ ਹੈ। ਬਾਬਾ ਅਤੇ ਹੋਰ ਦੋ ਦਰਵਾਜ਼ੇ ਤੇ ਖਲੋਂਦੇ ਹਨ)

ਕਾਂਗਰਸੀ : (ਟੈਲੀਫੂਨ ਤੇ) ਕੀ ਕਿਹਾ ਭੀੜ ਨੇ ਸਿਖਾਂ ਦੀਆਂ ਦੁਕਾਨਾਂ ਸਾੜ ਦਿਤੀਆਂ ਨੇ—ਕਿਉਂ ਸਾੜ ਦਿਤੀਆਂ ਨੇ ? ਪੁਲਸ ਕਿਥੇ ਸੀ ? ਐਸ. ਐਸ. ਪੀ. ਸਾਹਿਬ ਨੂੰ ਇਹ ਇਤਲਾਹ ਦਿਓ ਕਿ ਨਵੀਂ ਫੋਰਸ ਨੂੰ ਭੇਜਣ। ਐਸ. ਐਚ. ਓ. ਨੂੰ ਸਸਪੈਂਡ ਕਰੋ। ਸਿੱਖ ਭਾਰਤ ਦੇ ਫਖ਼ਰ ਕਰਨ ਵਾਲੇ ਲੋਗ ਹਨ। ਉਹਨਾਂ ਨੇ ਆਜ਼ਾਦੀ ਦੀ ਲੜਾਈ ਵਿਚ ਬੜਾ ਵੱਡਾ ਹਿੱਸਾ ਪਾਇਆ ਹੈ।...ਕੀ ਕਿਹਾ ਭੀੜ ਨੂੰ ਗੁੱਸਾ ਹੈ ਕਿ ਦੋ ਸਿੱਖਾਂ ਨੇ ਸਾਡੀ ਮਾਂ ਇੰਦਰਾ ਜੀ ਦਾ ਕਤਲ ਕੀਤਾ ਹੈ। ਪਰ ਉਹ ਸਿਰਫ਼ ਦੋ ਸਨ। ਇਹਦੇ ਵਾਸਤੇ ਇਕ ਧਰਮ ਦੇ ਸਾਰੇ ਲੋਕਾਂ ਨੂੰ ਕਸੂਰਵਾਰ ਥੋੜ੍ਹਾ ਕਿਹਾ ਜਾ ਸਕਦੈ ? 'ਹਾਂ, ਹਾਂ, ਪੂਰੀ ਤਰ੍ਹਾਂ ਕਾਰਵਾਈ ਕਰੋ। ਹਰ ਹਾਲਤ ਵਿਚ ਅਮਨ ਹੋਣਾ ਚਾਹੀਦਾ ਹੈ। ਫੌਜ ਤਾਇਨਾਤ ਕਰੋ। Enough is Enough ਹਾਂ, ਹਾਂ, Enough is Enough ਜਿੰਨਾ ਹੋ ਗਿਆ ਕਾਫ਼ੀ ਏ, ਹੁਣ ਹੋਰ ਕੁਝ ਨਹੀਂ ਹੋਣਾ ਚਾਹੀਦਾ। ਕੁਝ ਗੁੰਡੇ ਭਾਰਤ ਦੇ ਨਾਂ ਨੂੰ ਵੱਟਾ ਲਗਾ ਦੇਣ ਤੇ ਅਸੀਂ ਵੇਖਦੇ ਰਹੀਏ। *it is impossible* ਅਸੀਂ ਆਪਣੇ ਹਲਕੇ ਦੇ ਲੋਕਾਂ ਦੀ ਹਰ ਕੀਮਤ ਤੇ ਰਖਿਆ ਕਰਾਂਗੇ।

ਭਾਵੇਂ ਇਹਦੇ ਲਈ ਸਾਨੂੰ ਆਪਣੀਆਂ ਜਾਨਾਂ ਤਕ ਕਿਉਂ ਨਾਂ ਵਾਰਨੀਆਂ ਪੈਣ ।

[ਟੈਲੀਫੂਨ ਰਖਕੇ ਉਹ ਆਏ ਲੋਕਾਂ ਨੂੰ ਸੰਬੋਧਨ ਹੁੰਦਾ ਹੈ । ਉਹਦਾ ਗੱਲ ਕਰਨ ਦਾ ਤਰੀਕਾ ਐਸਾ ਹੈ ਕਿ ਉਹ ਹਰ ਇਕ ਗੱਲ ਨੂੰ ਅਗੋਂ ਦੀ ਪਕੜ ਲੈਂਦਾ ਹੈ ।]

ਕਾਂਗਰਸੀ : ਆਓ ਲੰਘ ਆਓ, ਮੈਨੂੰ ਬੜਾ ਅਫ਼ਸੋਸ ਹੈ ਕਿ ਸਮਾਜ ਦੁਸ਼ਮਣ ਲੋਕਾਂ ਨੇ ਤੁਹਾਡੇ ਧਰਮ ਵਾਲੇ ਲੋਕਾਂ ਦਾ ਬੜਾ ਨੁਕਸਾਨ ਕੀਤਾ ਹੈ... ਇਹ ਗਲਤ ਕਿਸਮ ਦੇ ਲੋਕ ਹਰ ਮੌਕੇ ਦਾ ਫ਼ਾਇਦਾ ਉਠਾਂਦੇ ਹਨ ।

ਇਕ : ਪਰ ਪੁਲਸ...

ਕਾਂਗਰਸੀ : ਮੈਨੂੰ ਪਤਾ ਏ ਕਿ ਪੁਲਸ ਵਾਲਿਆਂ ਨੇ ਕੁਝ ਨਹੀਂ ਕੀਤਾ । ਇਹ ਲੋਕ ਆਪਣਾ ਫਰਜ਼ ਨਹੀਂ ਪਛਾਣਦੇ । ਬੱਸ ਹਰਾਮ ਦੀਆਂ ਖਾਣ ਗਿਝੇ ਹੋਏ ਨੇ । ਓਏ ਹਰਾਮੀਓ ਤੁਹਾਡੇ ਸਾਹਮਣੇ ਸਾਊ ਲੋਕਾਂ ਦੇ ਘਰ ਫੂਕੇ ਜਾ ਰਹੇ ਨੇ ਤੇ ਤੁਸੀਂ ਹੋ ਕਿ ਤਮਾਸ਼ਾ ਵੇਖੀ ਜਾਂਦੇ ਹੋ । ਹਰਾਮਜ਼ਾਦਗੀ ਦਾ ਕੋਈ ਹੱਦ ਹੁੰਦੀ ਏ ।

ਦੋ : ਪਰ ਥਾਨੇ ਵਾਲਿਆਂ ਵੀ...

ਕਾਂਗਰਸੀ : ਥਾਨੇ ਵਾਲਿਆਂ ਵੀ ਕੁਝ ਨਹੀਂ ਕੀਤਾ । ਮੈਨੂੰ ਪਤਾ ਲੱਗਾ ਹੈ ਕਿ ਉਹਨਾਂ ਥਾਨੇ ਦਾ ਟੈਲੀਫੋਨ ਹੀ ਥੱਲੇ ਰੱਖ ਦਿੱਤਾ ਸੀ । ਮੈਂ ਉਥੇ ਕਈ ਵਾਰ ਫੋਨ ਕੀਤਾ **No Reply ਜਾਂ Engaged** ਮੈਂ ਆਪ ਚਲ ਕੇ ਗਿਆ ਤਾਂ ਐਸ. ਐਚ. ਓ, ਕਹਿਣ ਲੱਗਾ ਫੋਨ ਖਰਾਬ ਏ । ਪਰ ਮੈਨੂੰ ਫੋਨ ਥਲੇ ਰਖਿਆ ਦਿਸ ਪਿਆ, ਮੈਂ ਉਹਦੇ ਨਾਲ ਫੇਰ ਉਹ ਕੀਤੀ, ਉਹ ਕੀਤੀ ਕਿ ਉਹ ਯਾਦ ਰਖੇਗਾ । ਸਾਲੇ ਸਾਡੇ ਨਾਲ ਡਰਾਮਾਬਾਜ਼ੀ ਕਰਦੇ ਨੇ, ਜਿਸ ਤਰ੍ਹਾਂ ਕਿ ਸਾਨੂੰ ਕੁਝ ਪਤਾ ਨਹੀਂ ਲਗਣਾ । ਅਸੀਂ ਇਹੋ ਜਿਹੇ ਡਰਾਮੇ ਆਪ ਰੋਜ਼ ਕਰਕੇ (ਝਿੜਕ ਕੇ) ਦੇਖਦੇ ਹਾਂ । ਸਾਲੇ ਸਾਨੂੰ ਚਾਰਦੇ ਨੇ ਕਲ ਦੇ ਛੋਕਰੇ (ਬਦਲਕੇ) ਦਸੋ ਤੁਹਾਡਾ ਕੀ ਨੁਕਸਾਨ ਹੋਇਐ ?

ਇਕ : ਜੀ ਨੁਕਸਾਨ ਤਾਂ... ...

ਕਾਂਗਰਸੀ : ਮੈਨੂੰ ਪਤਾ ਏ ਕਿ ਬਹੁਤ ਨੁਕਸਾਨ ਹੋਇਆ ਏ ਅਗਲਿਆਂ ਨੇ ਘਰਾਂ ਦੀ ਇਕ ਚੀਜ਼ ਨਹੀਂ ਛੱਡੀ । ਰੇਸ਼ਮੀ ਸਾੜੀਆਂ, ਟਰਾਂਜ਼ਿਸਟਰ, ਵੀ. ਸੀ. ਆਰ, ਸਟੀਲ ਦੇ ਬਰਤਨ, ਸੋਨੇ ਦੇ ਗਹਿਣੇ ਤੇ ਨਕਦ ਕਈ ਹਜ਼ਾਰ, ਪਹਿਲੇ ਘਰ ਲੁੱਟੇ, ਫੇਰ ਘਰਾਂ ਨੂੰ ਅੱਗ ਲਾਈ। ਪਰ ਅਸੀਂ ਇਸਤਰ੍ਹਾਂ ਨਹੀਂ ਬੈਠਣ ਲਗੇ, ਸਾਲਿਆਂ ਕੋਲੋਂ ਇਕ ਇਕ ਚੀਜ਼ ਕਢਵਾਵਾਂਗੇ । ਉਹਨਾਂ ਨੇ ਸਮਝਿਆ ਕੀ ਏ ? ਇਕ ਇਕ ਨੂੰ ਜੇਲ ਭਿਜਵਾਵਾਂਗੇ। ਸਰਕਾਰ ਨਾਂ ਦੀ ਚੀਜ਼ ਵੀ ਕੋਈ ਇਸ ਦੇਸ਼ ਵਿਚ ਹੈ। ਦੱਸੋ ਹੈ ਕਿ ਨਹੀਂ ? ਮੈਂ ਪ੍ਰਧਾਨ ਮੰਤਰੀ ਨੂੰ ਅਜ ਹੀ ਮਿਲ ਰਿਹਾ ਹਾਂ, ਮੈਂ ਉਹਨਾਂ ਕੋਲੋਂ ਮੰਗ ਕਰਾਂਗਾ ਕਿ ਨੁਕਸਾਨ ਦੀ ਇਕ ਇਕ ਪਾਈ ਪੂਰੀ ਕੀਤੀ ਜਾਏ ।

ਦੋ : ਪਰ ਅਸੀਂ ਇਸ ਵੇਲੇ ਬਿਲਕੁਲ ਬੇਘਰ ਹਾਂ ।

ਕਾਂਗਰਸੀ : ਮੈਨੂੰ ਪਤਾ ਏ ਕਿ ਤੁਸੀਂ ਬੇਘਰ ਹੋ ਗਏ ਹੋ । ਤੁਹਾਡੇ ਘਰ ਨਹੀਂ ਰਹੇ । ਉਤੋਂ ਸਰਦੀਆਂ ਉਤਰ ਰਹੀਆਂ ਨੇ । ਤੁਸੀਂ ਕਿਥੇ ਜਾਓਗੇ ? ਇਹਦੇ ਲਈ ਸਰਕਾਰ ਕੈਂਪ ਖੋਲ੍ਹ ਰਹੀ ਏ । ਅਖੀਰ ਸਰਕਾਰ ਦਾ ਵੀ ਕੋਈ ਫਰਜ਼ ਏ ? ਪ੍ਰਧਾਨ ਮੰਤਰੀ ਆਪਣੇ ਫੰਡ ਵਿਚੋਂ 5 ਲੱਖ ਰੁਪਿਆ ਦੇ ਰਹੇ ਨੇ ।

ਦੋ : ਪੰਜ ਲੱਖ, ਪਰ ਇਹ ਰਕਮ ਤਾਂ...

ਕਾਂਗਰਸੀ : ਮੈਨੂੰ ਪਤਾ ਏ ਕਿ ਪੰਜ ਲੱਖ ਇਸ ਕੰਮ ਲਈ ਕੋਈ ਰਕਮ ਨਹੀਂ, ਪਰ ਇਹ ਪਹਿਲੀ ਕਿਸ਼ਤ ਏ **World Red Cross** ਵਲੋਂ ਪੈਸਾ ਆਏਗਾ, ਕੰਬਲ ਵੀ ਆਉਣਗੇ, ਕੋਈ ਹੋਰ ਗੱਲ ਹੋਵੇ ਤਾਂ ਦਸੋ ।

ਇਕ : ਗੱਲ ਤਾਂ ਤੁਸੀਂ ਕੋਈ...

ਕਾਂਗਰਸੀ : ਗੱਲ ਤਾਂ ਮੈਂ ਕੋਈ ਰਹਿਣ ਨਹੀਂ ਦਿੱਤੀ, ਇਹੋ ਤੁਸੀਂ ਕਹਿਣਾ ਚਾਹੁੰਦੇ ਹੋ । ਤੁਹਾਡੀਆਂ ਗੱਲਾਂ ਮੈਂ ਨਹੀਂ ਸਮਝਾਂਗਾ ਤਾਂ ਹੋਰ ਕੌਣ ਸਮਝੇਗਾ । ਤੁਸੀਂ ਹੀ ਮੈਨੂੰ ਚੁਣਿਆ ਹੈ । ਮੈਨੂੰ ਪਤਾ ਏ ਕਿ ਪਿਛਲੀਆਂ ਚੋਣਾਂ ਵਿਚ ਤੁਹਾਡੇ ਧਰਮ ਦੇ ਲੋਕਾਂ ਨੇ ਇਕ ਮੁੱਠ ਹੋ ਕੇ ਮੈਨੂੰ ਵੋਟ ਪਾਈ ਸੀ, ਉਹਨਾਂ ਨੇ ਭਾਰਤੀ ਜਨਤਾ ਪਾਰਟੀ ਵਾਲਿਆਂ ਨੂੰ ਵੋਟ ਨਹੀਂ ਪਾਈ ਸੀ । ਉਹ ਇਕ ਫਿਰਕੂ ਪਾਰਟੀ ਏ । ਸਿਰਫ ਹਿੰਦੂਆਂ ਦੇ ਹਿੱਤਾਂ ਦੀ ਰਖਵਾਲੀ ਕਰਦੀ ਏ । ਹਿੰਦੀ, ਹਿੰਦੂ, ਹਿੰਦੁਸਤਾਨ, ਪਰ ਸਾਡੀ ਪਾਰਟੀ ਧਰਮ ਨਿਰਪੇਖਤਾ ਵਿਚ ਯਕੀਨ ਰਖਦੀ ਏ । ਮਹਾਤਮਾ ਗਾਂਧੀ ਨੇ ਸਾਨੂੰ ਇਹ ਸਿਖਾਇਆ ਸੀ : ਇਸ਼ਵਰ ਅਲਹਾ ਤੇਰੇ ਨਾਮ, ਸਭ ਕੋ ਸੰਨਮਤੀ ਦੇ ਭਗਵਾਨ ।

ਬਾਬਾ : (ਜਿਸਤਰ੍ਹਾਂ ਉਹਦੇ ਕੋਲੋਂ ਹੁਣ ਰਿਹਾ ਨਹੀਂ ਜਾਂਦਾ ਹੈ) ਤੁਹਾਨੂੰ ਮਹਾਤਮਾ ਗਾਂਧੀ ਨੇ ਹੋਰ ਕੀ ਸਿਖਾਇਆ ਸੀ ?

ਕਾਂਗਰਸੀ : (ਉੱਖੜ ਕੇ) ਕੀ ਮਤਲਬ ?

ਬਾਬਾ : ਤੁਹਾਨੂੰ ਇਹੀ ਸਿਖਾਇਆ ਸੀ ਕਿ ਲੋਕਾਂ ਅਗੇ ਝੂਠ ਬੋਲੋ । ਉਹਨਾਂ ਨੂੰ ਡਰਾਮੇਬਾਜ਼ੀ ਕਰਕੇ ਚਾਰੋ । ਅਸੀਂ ਤੁਹਾਡੇ ਕੋਲੋਂ ਭੀਖ ਮੰਗਣ ਨਹੀਂ ਆਏ ਕਿਉਂਕਿ ਸਾਨੂੰ ਪਤਾ ਹੈ ਕਿ ਇਹ ਜੋ ਕੁਝ ਵੀ ਹੋਇਆ ਹੈ, ਤੁਹਾਡੀਆਂ ਸਾਜ਼ਸ਼ਾਂ ਨਾਲ ਹੋਇਐ । ਅਸੀਂ ਤੁਹਾਨੂੰ ਇਹ ਕਹਿਣ ਆਏ ਹਾਂ ਕਿ ਪ੍ਰਧਾਨ ਮੰਤਰੀ ਦੀ ਹੱਤਿਆ ਹੋਈ । ਸਾਨੂੰ ਖੁਸ਼ੀ ਨਹੀਂ ਹੋਈ । ਕੁਝ ਹੋਛੇ ਲੋਕਾਂ ਨੇ ਲਡੂ ਵੰਡੇ, ਚੰਗੀ ਗੱਲ ਨਹੀਂ । ਮੂਰਖਾਂ ਦੀ ਇਸ ਦੇਸ਼ ਵਿਚ ਕਮੀ ਨਹੀਂ, ਕਿਉਂਕਿ ਉਹ ਵੀ ਮੂਰਖ ਸਨ ਜਿਨ੍ਹਾਂ ਨੇ ਦਰਬਾਰ ਸਾਹਿਬ ਦੇ ਐਕਸ਼ਨ ਵੇਲੇ ਲੱਡੂ ਵੰਡੇ ਸਨ । ਜਦੋਂ ਹਜ਼ਾਰਾਂ ਬੇਦੋਸ਼ੇ ਮਰੇ । ਇਸ ਦੇਸ਼ ਵਿਚ ਦੰਭ, ਮੂਰਖਤਾਈ ਪ੍ਰਧਾਨ ਹੋ ਗਈ ਹੈ । ਇਕ ਪਾਸੇ ਲੋਕ ਮਰਦੇ ਹਨ, ਦੂਜੇ ਪਾਸੇ ਲੱਡੂ ਵੰਡੇ ਜਾਂਦੇ ਹਨ । ਲੱਡੂ ਵੰਡਣ ਵਾਲਿਆਂ ਦੇ ਪੁੱਤ ਨਹੀਂ ਮਰੇ ਹੁੰਦੇ । ਧੀਆਂ ਦੇ ਸੁਹਾਗ ਨਹੀਂ ਲੁਟੇ ਹੁੰਦੇ । ਬੱਚੇ ਯਤੀਮ ਨਹੀਂ ਹੋਏ ਹੁੰਦੇ । (ਜੋਸ਼ ਵਿਚ ਆ ਕੇ) ਅਸੀਂ ਫਿਟਕਾਰ ਪਾਉਣੇ ਹਾਂ, ਉਹਨਾਂ ਤੇ ਜੋ ਦੂਜਿਆਂ ਦੀ ਮੌਤ ਤੇ ਲੱਡੂ ਵੰਡਦੇ ਨੇ । ਅਸੀਂ ਲਾਅਨਤ ਪਾਉਂਦੇ ਹਾਂ ਉਹਨਾਂ ਤੇ ਜੋ ਬੇਦੋਸਿਆਂ ਦਾ ਖੂਨ ਕਰਦੇ ਨੇ, ਅਸੀਂ ਲਾਅਨਤ ਪਾਉਣੇ ਹਾਂ, ਉਹਨਾਂ ਤੇ ਜਿਨ੍ਹਾਂ ਦੇ ਰਾਜ ਭਾਗ ਵਿਚ ਝੂਠ, ਕਤਲ, ਫਰੇਬ ਤੇ ਦੰਭ ਤੋਂ ਸਿਵਾ ਕਝ ਨਹੀਂ ਰਿਹਾ—(ਇਹ ਕਹਿਕੇ ਬਾਬਾ ਮੁੜਦਾ ਹੈ, ਕਾਂਗਰਸੀ ਬੜਾ ਤਿਲਮਿਲਾਂਦਾ ਹੈ—ਬਾਬਾ ਫੇਰ

ਮੁੜਕੇ ਕਹਿੰਦਾ ਹੈ) ਫਿਟਕਾਰ ਹੈ, ਲਾਅਨਤ ਹੈ, ਦੁਰਲਾਅਨਤ ਹੈ।

(ਇਹ ਕਾਫੀ ਉਚੇ ਸੁਰ 'ਚ ਕਹਿੰਦਾ ਕਹਿੰਦਾ ਇਕ ਪਾਸੇ ਬਾਹਰ ਜਾਂਦਾ ਹੈ। ਕਾਂਗਰਸੀ ਬੜੇ ਗੁੱਸੇ ਨਾਲ ਦੂਜੇ ਪਾਸੇ ਬਾਹਰ ਜਾਂਦਾ ਹੈ। ਇਹ ਕਹਿੰਦਾ ਹੋਇਆ—ਨਾਲੇ ਸਾਡੀ ਬੀਬੀ ਨੂੰ ਮਾਰ ਦਿੱਤਾ, ਨਾਲੇ ਸਾਡੇ ਤੇ ਲਾਅਨਤ ਪਾਂਦੇ ਨੇ)

[ਜਥੇਦਾਰ, ਬਾਬਾ ਅਤੇ ਦੋ ਹੋਰ ਸਿਖ ਅਗਲੇ ਸੀਨ ਵਿਚ ਆਂਦੇ ਹਨ।

ਜਥੇਦਾਰ : ਸਿੱਖ ਕੌਮ ਸੰਕਟ ਵਿਚ ਏ, ਪੰਥ ਨੂੰ ਖਤਰਾ ਏ-

ਬਾਬਾ : ਕੀ ਕਿਹਾ ਜਥੇਦਾਰ ਜੀ?

ਜਥੇਦਾਰ : ਪੰਥ ਨੂੰ ਖਤਰਾ ਏ।

ਬਾਬਾ : (ਤਨਜ਼ ਨਾਲ) ਪੰਥ ਨੂੰ ਹਮੇਸ਼ਾ ਖਤਰਾ ਹੀ ਰਿਹਾ ਏ

ਜਥੇਦਾਰ : ਕੀ ਮਤਲਬ ਸਿੰਘ ਜੀ।

ਬਾਬਾ : ਜਥੇਦਾਰ ਜੀ, 37 ਸਾਲ ਦੇਸ਼ ਨੂੰ ਅਜ਼ਾਦ ਹੋਇਆ ਹੋ ਗਏ। ਸਰਕਾਰ ਹਮੇਸ਼ਾ ਇਕ ਪਾਸੇ ਇਹ ਕਹਿੰਦੀ ਰਹੀ ਕਿ ਦੇਸ਼ ਨੂੰ ਖਤਰਾ ਏ ਤੇ ਤੁਸੀਂ ਜਥੇਦਾਰ ਦੂਜੇ ਪਾਸੇ ਇਹ ਕਹਿੰਦੇ ਰਹੇ ਕਿ ਪੰਥ ਨੂੰ ਖਤਰਾ ਏ।

ਇਕ : ਖਤਰਾ ਪੰਥ ਨੂੰ ਨਹੀਂ, ਖਤਰਾ ਤਾਂ ਹੁਣ ਸਾਨੂੰ ਏ। ਸਾਡਾ ਭਾਰਤ ਵਿਚ ਰਹਿਣ ਦਾ ਕੋਈ ਹੱਜ ਨਹੀਂ।

ਦੋ : ਇਹ ਵੀ ਕੋਈ ਜੀਣਾ ਏ। ਸਾਨੂੰ ਚੁਣ ਚੁਣਕੇ ਮਾਰਿਆ ਜਾਏ ਸਾਡੇ ਘਰ, ਸਾਡੀਆਂ ਜਾਇਦਾਦਾਂ ਸਾੜੀਆਂ ਜਾਣ। ਇਸ ਦੇਸ਼ ਵਾਸਤੇ ਅਸੀਂ ਕੀ ਨਹੀਂ ਕੀਤਾ?

ਬਾਬਾ : ਕੀ ਕੀਤਾ? ਕਿਸੇ ਨੇ ਕੁਝ ਨਹੀਂ ਕੀਤਾ ਦੇਸ਼ ਵਾਸਤੇ। ਸਭ ਨੇ ਆਪਣੇ ਵਾਸਤੇ ਕੀਤਾ ਏ।

ਇਕ : ਬਾਬਾ ਜੀ ਤੁਸੀਂ ਹਮੇਸ਼ਾ ਉਲਟ ਹੀ ਗਲ ਕਰਦੇ ਹੋ, ਜੇ ਅਸੀਂ ਨਹੀਂ ਕੀਤਾ ਤਾਂ ਹੋਰ ਕਿਸ ਨੇ ਕੀਤਾ ਏ?

ਬਾਬਾ : ਮੈਂ ਕਦੋਂ ਕਹਿਦਾ ਹਾਂ ਕਿਸੇ ਹੋਰ ਨੇ ਕੀਤਾ ਏ। ਕਿਸੇ ਨੇ ਕੁਝ ਨਹੀਂ ਕੀਤਾ, ਸਭ ਨੇ ਆਪਣੇ ਵਾਸਤੇ ਕੀਤਾ ਏ!

ਦੋ : ਗੱਲ ਸੋਚਣ ਵਾਲੀ ਇਹ ਵੇ ਕਿ ਹੁਣ ਕੀ ਕੀਤਾ ਜਾਏ।

ਬਾਬਾ : ਜਥੇਦਾਰ ਹੋਰਾਂ ਕੋਲੋਂ ਪੁਛੋ, ਪਰ ਜਥੇਦਾਰ ਜੀ ਕੀ ਦਸਣਗੇ : ਵੀਹਵੀਂ ਸਦੀ ਵਿਚ ਜਿਨ੍ਹਾਂ ਆਪਣੀ ਸਾਰੀ ਸਿਆਸਤ ਧਰਮ ਦੇ ਆਲੇ ਦੁਆਲੇ ਬੰਨੀ ਰਖੀ।

ਜਥੇਦਾਰ : ਸਿਖਾਂ ਵਿਚ ਧਰਮ ਤੇ ਸਿਆਸਤ ਕਦੀ ਵੱਖ ਨਹੀਂ ਹੋ ਸਕਦੇ ਇਹ ਸਾਡੇ ਗੁਰੂਆਂ ਨੇ ਕਿਹਾ ਏ। ਇਹ ਸਾਡਾ ਇਤਿਹਾਸ ਏ।

ਇਕ : ਇਹ ਤਾਂ ਠੀਕ ਕਹਿੰਦੇ ਨੇ, ਜਥੇਦਾਰ ਜੀ।

ਬਾਬਾ : ਕੀ ਠੀਕ ਕਹਿੰਦੇ ਨੇਂ। ਲੋਂਗੋਵਾਲ ਤਕ ਦਾ ਇਤਿਹਾਸ ਪੜ੍ਹ ਲਿਆ ਤੇ ਬਣ ਗਏ ਵਡੇ ਇਤਿਹਾਸ ਕਾਰ ਲੋਕਾਂ ਨੂੰ ਬੁਧੂ ਬਨਾਉਣ ਲਈ। ਇਹ ਗਲ ਗੁਰੂਆਂ ਨੇ ਕਿਸ ਵੇਲੇ ਕਹੀ ਸੀ।

ਜਥੇਦਾਰ : ਕਿਸ ਵੇਲੇ ਕਹੀ ਸੀ?

ਬਾਬਾ : ਉਸ ਵੇਲੇ ਕਹੀ ਸੀ ਜਦੋਂ ਸਿਖ ਸਾਰੇ ਇਕੋ ਜਿਹੇ ਸਿਰਲੱਥ ਕਿਸਮ ਦੇ ਸੂਰਮੇ ਸਨ। ਉਹ ਮੁਗਲ ਬਾਦਸ਼ਾਹ ਦੇ ਨਾਲ ਦੇ ਜਬਰ ਅਤੇ ਜ਼ੁਲਮ ਵਿਰੁਧ ਲੜਦੇ ਸਨ, ਔਰੰਗਜ਼ੇਬ ਬਾਦਸ਼ਾਹ ਕਹਿੰਦਾ ਸੀ ਕਿ ਹਿੰਦੋਸਤਾਨ ਵਿਚ ਸਿਰਫ ਮੁਸਲਮਾਨ ਹੀ ਹੋਣਗੇ। ਉਸ ਵੇਲੇ ਲੜਾਈ ਧਰਮਾਂ ਦੀ ਸੀ,ਇਸ ਲਈ ਉਹਦਾ ਜਵਾਬ ਵੀ ਧਰਮ ਦੇ ਪੈਂਤੜੇ ਤੋਂ ਦਿਤਾ ਗਿਆ ਸੀ।

ਜਥੇਦਾਰ : ਤਾਂ ਫੇਰ ਕੀ ਅਸੀਂ ਗੁਰੂਆਂ ਦੇ ਫਰਮਾਨ ਦੇ ਉੱਲਟ ਜਾਈਏ।

ਬਾਬਾ : ਗੁਰੂਆਂ ਦਾ ਫੁਰਮਾਨ ਸੀ, ਜੱਬਰ ਦੇ ਵਿਰੁੱਧ ਡੱਟ ਜਾਓ, ਹੱਕ ਲਈ ਲੜੋ। ਉਸ ਫੁਰਮਾਨ ਨੂੰ ਪੂਰਾ ਕਰੋ। ਤੁਹਾਡੇ ਧਨਾਡ ਸਿੱਖਾਂ ਨੇ ਕਿਹੜੇ ਹੱਕ ਲਈ ਲੜਣਾ ਏ। ਜਿਹੜੇ ਆਪ ਦੂਜਿਆਂ ਦੇ ਹੱਕ ਖੋਂਹਦੇ ਨੇਂ। ਉਹਨਾਂ ਦੀ ਸਾਧਾਰਨ ਸਿੱਖਾਂ ਜਾਂ ਹੋਰ ਸਾਧਾਰਨ ਲੋਕਾਂ ਨਾਲ ਕੀ ਸਾਂਝ ਏ?

ਜਥੇਦਾਰ : (ਖਿੱਝਕੇ) ਇਹ ਬਾਬੇ ਵਰਗੇ ਲੋਕ ਨੇ, ਜਿਹੜੇ ਹਮੇਸ਼ਾ ਪੰਥ ਵਿਚ ਫੁੱਟ ਪਾਕੇ ਰਾਜ਼ੀ ਨੇ।

ਬਾਬਾ : ਆਹੋ ਜੇ ਕੋਈ ਅੱਕਲ ਦੀ ਗੱਲ ਕਰੇ ਤਾਂ ਪੰਥ ਵਿਚ ਫੁੱਟ ਪੈ ਜਾਂਦੀ ਏ, ਜਿਸ ਤਰ੍ਹਾਂ ਪੰਥ ਕੋਈ ਮੂਰਖਾਂ ਦਾ ਟੋਲਾ ਹੋਵੇ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਰਾਜ ਵਿਚ ਸਿੱਖਾਂ ਨਾਲ ਘਲੂਘਾਰਾ ਵਰਤ ਗਿਆ, ਉਸ ਦਾ ਪ੍ਰਧਾਨ ਸਿੱਖ ਏ। ਜਿਸ ਸ਼ਹਿਰ ਵਿਚ ਸਾਰਾ ਕੁਝ ਹੋਇਆ, ਉਹ ਦਾ ਮੇਅਰ ਸਿੱਖ ਏ। ਹੁਣ ਕਹਿ ਦੇਵੋਂ ਕਿ ਉਹ ਪੰਥ ਤੋਂ ਬਾਹਰ ਹਨ।

ਜਥੇਦਾਰ : ਆਹੋ, ਉਹ ਪੰਥ ਦੇ ਗ਼ਦਾਰ ਹਨ।

ਬਾਬਾ : ਪਰ ਇਹਨਾਂ ਗ਼ਦਾਰਾਂ ਨੂੰ ਵੋਟ ਤੁਸੀਂ ਹੀ ਪਾਈ ਸੀ। ਕਿਉਂ? ਕਿਉਂਕਿ ਉਹ ਸਿੱਖ ਨੇ, ਉਹਨਾਂ ਦੇ ਗਲਾਂ ਵਿਚ ਹਾਰ ਪਾਏ। ਉਹਨਾਂ ਨੂੰ ਗੁਰਦੁਆਰੇ ਸੱਦ ਸੱਦਕੇ ਸਿਰੋਪੇ ਦਿਤੇ, ਦਸੋ ਦਿਤੇ ਸਨ ਕਿ ਨਹੀਂ?

ਇਕ : ਪਰ ਤੁਸੀਂ ਕਹਿਣਾ ਕੀ ਚਾਹੁੰਦੇ ਹੋ?

ਬਾਬਾ : ਮੈਂ ਇਹੋ ਕਹਿਣਾ ਚਾਹੁੰਦਾ ਹਾਂ ਕਿ ਸਮਾਂ ਹੁਣ ਆ ਗਿਆ ਹੈ ਕਿ ਸਿਆਸਤ ਵਿਚ ਇਹ ਵੱਖ ਪੰਥ ਵਾਲਾ ਰੱਟਨ ਛਡੋ ਅਤੇ ਦੇਸ਼ ਦੀ ਮੁੱਖ ਧਾਰਾ ਵਿਚ ਵੀਹਵੀਂ ਸਦੀ ਦੀ ਸਿਆਸਤ ਦੀ ਸੂਝ ਨਾਲ ਵਿਚਰੋ ਤੇ ਇਹ ਸਿਆਸਤ ਧਰਮਾਂ ਦੀ ਨਹੀਂ, ਜਮਾਤਾਂ ਦੀ ਏ। ਇਹੀ ਤੁਹਾਡੇ ਧਰਮ ਦੀ ਧਨਾਡ ਜਮਾਤ ਇਕ ਪਾਸੇ ਕਾਂਗਰਸੀ ਬੌਸਾਂ ਨਾਲ ਸਾਂਝ ਪਾਂਦੀ ਰਹੀ ਹੈ ਤੇ ਦੂਜੇ ਪਾਸੇ ਅੰਮ੍ਰਿਤਸਰ ਜਾ ਕੇ ਸੰਤ ਭਿੰਡਰਾਂਵਾਲੇ ਦੇ ਥੈਲੇ ਭਰਦੀ ਰਹੀ ਹੈ। ਕੋਈ ਤੁਹਾਨੂੰ ਨਾਅਰਾ ਦੇ ਗਿਆ ਇਕ ਐਸਾ ਦੇਸ਼ ਬਣਨਾ ਚਾਹੀਦਾ ਹੈ ਜਿਸ ਵਿਚ ਸਿੱਖਾਂ ਦਾ ਬੋਲਬਾਲਾ ਹੋਵੇ। ਕਿਹੜੇ ਸਿੱਖਾਂ ਦਾ ਬੋਲ ਬਾਲਾ ਹੋਵੇ, ਉਹ ਜਿਹੜੇ ਜੰਗੀਰਦਾਰ ਸਰਦਾਰ ਨੇਂ, ਮੁਜ਼ਾਰਿਆਂ ਦੀ ਲਹੂ ਪਸੀਨੇ ਦੀ ਕਮਾਈ ਲੁਟਕੇ ਖਾਂਦੇ ਨੇਂ ਉਹ ਜਿਹੜੇ ਵਡੇ ਕਾਰਖਾਨੇਦਾਰ ਨੇ, ਮਜ਼ਦੂਰ ਦੀ ਮੇਹਨਤ ਤੇ ਜੀਂਦੇ ਨੇਂ, ਪੂੰਜੀਪਤੀ—ਤੁਹਾਨੂੰ ਵਰਤਕੇ ਉਹ ਆਪਣਾ ਬੋਲਬਾਲਾ ਕਰਨਾ ਚਾਹੁੰਦੇ ਨੇਂ, ਉਹ ਚਾਹੁੰਦੇ ਨੇਂ ਕਿ ਇਸ ਬਿਰਲੇ ਟਾਟੇ ਦੀ ਧਰਤੀ ਤੋਂ ਇਕ ਟੁੱਕੜਾ ਉਹਨਾਂ ਨੂੰ ਵੱਖਰਾ ਮਿਲ ਜਾਏ, ਜਿਸ ਵਿਚ ਬਿਰਲਾ ਟਾਟਾ ਉਹ ਹੋਣ, ਇਸ ਤੋਂ ਵੱਧ ਹੋਰ ਕੋਈ ਗਲ ਨਹੀਂ।

ਜਥੇਦਾਰ : ਪਰ ਹੁਣ ਅਸੀਂ ਇਸ ਦੇਸ਼ ਵਿਚ ਕਿਸ ਤਰ੍ਹਾਂ

ਰਹਿ ਸਕਦੇ ਹਾਂ, ਜਿਸ ਵਿਚ ਸਾਰੇ ਨਾਲ ਇਹ ਸਲੂਕ ਕੀਤਾ ਗਿਆ ਹੋਵੇ, ਸਾਡਾ ਏਨਾਂ ਨੁਕਸਾਨ ਕੀਤਾ ਗਿਆ ਹੋਵੇ।

ਬਾਬਾ : ਇਸ ਬਾਰੇ ਸੋਚਣਾ ਚਾਹੀਦਾ ਹੈ। ਇਹ ਸੋਚਣਾ ਬਣਦਾ ਹੈ। ਇਹ ਸੋਚਣਾ ਉਸ ਵੇਲੇ ਵੀ ਬਣਦਾ ਸੀ, ਜਦੋਂ ਪੰਜਾਬ ਵਿਚ ਬੇ-ਦੋਸਿਆ ਦੇ ਕਤਲ ਹੋ ਰਹੇ ਸਨ।

ਇਕ : ਫੇਰ ਹੁਣ ਕੀ ਕਰੀਏ ?

ਬਾਬਾ : ਕੀ ਕਰੀਏ ? ਆਪਣੇ ਅੰਦਰ ਝਾਤੀ ਮਾਰੋ ਆਪਣੀ ਸੋਚ ਬਦਲੋ ਇਸ ਦੇਸ਼ ਵਿਚ ਪਛਾਣੋ ਕਿ ਕਿ ਤੁਹਾਡਾ ਦੋਸਤ ਕੌਣ ਹੈ ? ਦੁਸ਼ਮਣ ਕੌਣ ਹੈ ?

ਦੋ : ਕੌਣ ਏ ਸਾਡਾ ਦੋਸਤ ? ਕੋਈ ਨਹੀਂ।

ਬਾਬਾ : ਜੇ ਤੁਹਾਡੀ ਇਹੋ ਸੋਚ ਰਹੀ ਤਾਂ ਵਾਕਾਈ ਤੁਹਾਡਾ ਆਪਣੇ ਦੇਸ਼ ਵਿਚ ਕੋਈ ਦੋਸਤ ਨਹੀਂ ਰਹੇਗਾ। ਬਾਹਰਲੇ ਦੇਸ਼ਾਂ ਵਲ ਝਾਕ ਝਾਕਕੇ ਦੇਖੋਗੇ। ਉਹ ਉਤੋਂ ਉਤੋਂ ਤੁਹਾਡੇ ਨਾਲ ਹਮਦਰਦੀ ਵਿਖਾਉਣਗੇ ਪਰ ਵਿਚੋਂ ਤੁਹਾਡੇ ਤੇ ਹਸਣਗੇ। ਕੀ ਕੀਤਾ ਪਾਕਿਸਤਾਨ ਨੇ, ਅਮਰੀਕਾ ਨੇ, ਕੈਨੇਡਾ ਨੇ, ਇੰਗਲਸਤਾਨ ਨੇ, ਜਦੋਂ ਹਰਿਮੰਦਰ ਸਾਹਿਬ ਫੌਜੀ ਐਕਸ਼ਨ ਵਿਚ ਤਬਾਹ ਹੋਇਐ ? ਕਿਸੇ ਨੇ ਕੁਝ ਨਹੀਂ ਕੀਤਾ ਤੇ ਨਾ ਹੀ ਕੁਝ ਕਰਨਾ ਉਨ੍ਹਾਂ ਦਾ ਬਣਦਾ ਸੀ।

ਜਥੇਦਾਰ : ਪਰ ਇਸ ਦੇਸ਼ ਵਿਚ ਵੀ ਤਾਂ ਸਾਡਾ ਕੋਈ ਦੋਸਤ ਨਹੀਂ।

ਬਾਬਾ : ਕਿਉਂ ਨਹੀਂ। ਸੱਤਰ ਕ੍ਰੋੜ ਲੋਕਾਂ ਦਾ ਇਹ ਦੇਸ਼ ਏ। ਤੁਹਾਡੇ ਉਤੇ ਦਿੱਲੀ ਜਾਂ ਦੇਸ਼ ਦੇ ਹੋਰਨਾਂ ਭਾਗਾਂ ਤੇ ਹਮਲੇ ਹੋ ਰਹੇ ਸਨ ਤਾਂ ਉਹ ਲੋਕ ਕੌਣ ਸਨ ਜੋ ਰੋਸ ਦੀ ਆਵਾਜ਼ ਉਠਾ ਰਹੇ ਸਨ। ਛੋਟੇ ਛੋਟੇ ਪਰਚੇ ਛਾਪਕੇ ਲੋਕਾਂ ਵਿਚ ਵੰਡ ਰਹੇ ਸਨ। ਮਰਾਠਾਂ ਦੀਆਂ ਅਖ਼ਬਾਰਾਂ ਖੋਲ੍ਹਕੇ ਵੇਖੋ ਜਿਨਾਂ ਵਿਚ ਸੰਪਾਦਕੀ ਤੇ ਸੰਪਾਦਕੀ ਲਿਖੇ ਜਾ ਰਹੇ ਸਨ ਕਿ ਇਕ ਨਥੂ ਰਾਮ ਗੋਡਸੇ ਜਿਸ ਨੇ ਮਹਾਤਮਾ ਗਾਂਧੀ ਦੀ ਹਤਿਆ ਕੀਤੀ, ਉਹਦਾ ਇਹ ਮਤਲਬ ਨਹੀਂ ਸੀ ਕਿ ਸਾਰੇ ਮਰਾਠਿਆਂ ਲਈ ਭਾਰਤ ਵਿਚ ਥਾਂ ਨਹੀਂ, ਉਹ ਕੌਣ ਸਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਵਾਰਕੇ ਕਲਕੱਤੇ ਵਿਚ ਤੁਹਾਡੀ ਰਾਖੀ ਕੀਤੀ ? ਹਾਂ ਤੁਹਾਡੇ ਦੁਸ਼ਮਣ ਨੇ ਉਹ ਜੋ ਫਿਰਕਾ ਪ੍ਰਸਤੀ ਵਾਲੀ ਸੋਚ ਰਖਦੇ ਨੇ, ਪਰ ਸਿਹਤਮੰਦ, ਡੈਮੋਕਰੇਟਿਕ ਸੋਚ ਵਾਲੇ ਵੀ ਥੋੜੇ ਨਹੀਂ। ਉਹਨਾਂ ਨੂੰ ਪਚਾਣੋ, ਪਰ ਪਛਾਣ ਤਾਂ ਹੀ ਸਕੋਗੇ ਜੇ ਆਪਣੀ ਦ੍ਰਿਸ਼ਟੀ ਬਦਲੋਗੇ। ਆਪਣੀ ਸਿਆਸਤ ਨੂੰ ਅਧੁਨਿਕ ਲੀਹਾਂ ਤੇ ਤੋਰੋਗੇ। ਇਹ ਵੀਹਵੀਂ ਸਦੀ ਏ। ਪੰਦਰਵੀਂ ਸੋਲ੍ਹਵੀਂ ਸਦੀ ਨਹੀਂ (ਆਪਣੇ ਝੋਲੇ ਵਿਚੋਂ ਇਕ ਅਖ਼ਬਾਰ ਕੱਢ ਕੇ) ਇਹ ਖ਼ਬਰ ਪੜ੍ਹੋ—ਪੀਪਲਜ਼ ਯੂਨੀਅਨ ਆਫ ਸਿਵਲ ਲਿਬਰਟੀਜ਼ ਪੀਪਲਜ਼ ਯੂਨੀਅਨ ਫ਼ਾਰ ਡੈਮੋਕਰੇਟਿਕ ਰਾਈਟਜ਼, ਇਹਨਾਂ ਨੇ ਵਿਸ਼ਾਲ ਜਲਸਾ ਬੁਲਾਇਆ ਹੈ। ਕਿਸਦੀ ਖਾਤਰ ? ਤੁਹਾਡੀ ਖਾਤਰ। ਕਿਉਂ ? ਕਿਉਂਕਿ ਉਹ ਸਮੇਂ ਦੇ ਹਾਕਮਾਂ ਦਾ ਅਸਲਾ ਪਛਾਣਦੇ ਨੇ। ਉਹ ਜਾਣਦੇ ਨੇ ਕਿ ਕਲ ਜਿਹੜੇ ਫੌਜੀ ਬੂਟ ਨੇਫਾ ਵਿਚ ਨਾਗਿਆਂ ਅਤੇ ਮੀਜ਼ੋਆਂ ਨੂੰ ਦਬਾਉਂਦੇ ਸਨ ਉਹ ਫੌਜੀ ਬੂਟ ਪੰਜਾਬ ਵਿਚ ਦਨਦਨਾਉਂਦੇ ਨੇ ਫਰਕ ਸਿਰਫ ਏਨਾਂ ਹੀ ਏ ਕਿ ਉਥੇ ਫੌਜੀ ਬਹੁਤੇ ਸਿੱਖ ਸਨ ਤੇ ਇਥੇ ਫੌਜੀ ਗੈਰ ਸਿੱਖ ਨੇ। ਉਹ ਜਾਣਦੇ ਨੇ ਕਿ ਜਿਹੜੀਆਂ ਤਾਕਤਾਂ ਆਸਾਮ ਦਾ ਮੱਸਲਾ ਹਲ ਨਹੀਂ ਹੋਣ ਦੇਂਦੀਆਂ, ਉਹ ਪੰਜਾਬ ਦਾ ਮੱਸਲਾ ਵੀ ਹਲ ਨਹੀਂ ਹੋਣ ਦੇਣਗੀਆਂ, ਉਹ ਜਾਣਦੇ ਹਨ ਕਿ ਇਸ ਦੇਸ਼ ਵਿਚ ਲੁੱਟ ਕਰਨ ਵਾਲੀਆਂ, ਤਾਕਤਾਂ ਦਾ ਰਾਜ ਹੈ। ਜੋ ਕਦੀ ਵੀ ਨਹੀਂ ਚਾਹੁਣਗੀਆਂ ਕਿ ਇਸ ਦੇਸ਼ ਵਿਚ ਲੋਕਾਂ ਦੀ ਆਪਸੀ ਏਕਤਾ ਹੋਵੇ। ਇਹ ਤਾਕਤਾ ਫਿਰਕੂ ਦੰਗੇ ਕਰਵਾਉਣਗੀਆਂ, ਫਸਾਦ ਕਰਵਾਉਣਗੀਆਂ ਪਰ ਸਾਨੂੰ ਲੋਕ ਸ਼ਕਤੀਆਂ ਦੀ ਪਛਾਣ ਕਰਨੀ ਚਾਹੀਦੀ ਹੈ। ਉਹਨਾਂ ਸ਼ਕਤੀਆਂ ਦੇ ਲੋਕ ਆਪਣੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਨਿਕਲੇ ਹਨ। ਉਹਨਾਂ ਦੇ ਕਦਮ ਨਾਲ ਕਦਮ ਮਿਲਾਓ, ਉਹਨਾਂ ਦੀ ਆਵਾਜ਼ ਨਾਲ ਆਵਾਜ਼ ਰਲਾਓ। ਉਹਨਾਂ ਦੇ ਬੋਲਾਂ ਵਿਚ ਬੋਲ ਪਾਓ। ਧਰਤੀ ਦਾ ਇਕ ਟੋਟਾ ਨਾ ਮੰਗੋ, ਜਿਥੇ ਸਿਖਾਂ ਦਾ ਬੋਲਬਾਲਾ ਹੋਵੇ। ਸਗੋਂ ਸਾਰਾ ਦੇਸ਼ ਮੰਗੋ ਜਿਥੇ ਕ੍ਰਿਤੀ ਦਾ ਬੋਲਬਾਲਾ ਹੋਵੇ, ਪਰ ਕੀ ਤੁਸੀਂ ਐਸਾ ਕਰੋਗੇ ?

ਜਥੇਦਾਰ : ਛਡੋ ਜੀ ਇਹ ਬਾਬਾ ਕਿਹੜੀਆਂ ਵੇਹਲੀਆਂ ਗਲਾਂ ਛੋਹ ਬੈਠਾ ਹੈ।

ਇਕ : ਪਰ ਬਾਬਾ ਕਹਿੰਦਾ ਤਾਂ ਸੱਚ ਏ।

ਜਥੇਦਾਰ : ਖਾਕ ਸੱਚ ਕਹਿੰਦਾ ਏ। ਇਥੇ ਇਕ ਮਿੰਟ ਵੀ ਖਲੋਣਾ ਪਾਪ ਏ। (ਗੁੱਸੇ ਨਾਲ) ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ)

ਬਾਬਾ : (ਉਹਨਾਂ ਦੇ ਪਿਛੇ ਬੋਲਦਾ ਹੈ) ਵਾਹਿਗੁਰੂ ਜੀ ਫਤਿਹ...ਚਲੇ ਜਾਓ ਸਿੰਘ ਸਾਹਬਾਂ ਕੋਲ। ਬਾਬੇ ਨੂੰ ਕਰਾਰ ਦੇ ਦਿਓ ਤਨਖਾਹੀਆ...

ਅਖ਼ਬਾਰ ਵਾਲਾ ਆਂਦਾ ਹੈ।

(ਆਪਣੀ ਥਾਂ ਸਟਿਲ ਖਲੋਂਦਾ ਹੈ। ਥੋੜਾ ਵਕਫ਼ਾ। ਪਹਿਲੇ ਸੀਨ ਵਾਲਾ ਦ੍ਰਿਸ਼। ਅੱਜ ਦਾ ਤਾਜ਼ਾ ਖਬਰ, ਜੋ ਕਲ੍ਹ ਤਾਜ਼ਾ ਨਹੀਂ ਰਹੇਗੀ, ਪਰਸੋਂ ਬਹੀ ਹੋ ਜਾਏਗੀ, ਚੌਥ ਭੁਲਾ ਦਿੱਤੀ ਜਾਏਗੀ। ਤਿੰਨ ਬੰਦੇ ਅਖਬਾਰ ਲੈਂਦੇ ਹਨ। ਪੜ੍ਹਨਾ ਸ਼ੁਰੂ ਕਰ ਦੇਂਦੇ ਨੇ। ਅਖਬਾਰ ਵਾਲਾ 'ਅੱਜ ਦੀ ਤਾਜ਼ਾ ਖਬਰ' ਦੁਹਰਾਂਦਾ ਹੈ।)

ਬਾਬਾ : ਬੰਦ ਕਰ ਇਹ ਰੌਲਾ। ਅਖੇ ਤਾਜ਼ਾ ਖਬਰ ਇਸ ਦੇਸ਼ ਵਿਚ ਕੋਈ ਖ਼ਬਰ ਤਾਜ਼ਾ ਨਹੀਂ, ਕੋਈ ਵੀ ਖਬਰ ਨਵੀਂ ਨਹੀਂ। ਸਭ ਪੁਰਾਣੀਆਂ—ਹਿੰਦੂ ਮੁਸਲਮਾਨ ਫਸਾਦ ਦੀ ਖ਼ਬਰ, ਹਿੰਦੂ ਸਿਖ ਨਫਰਤ ਦੀ ਖ਼ਬਰ, ਲੋਕ ਸਭਾ ਦੀਆਂ ਚੋਣਾਂ, ਪੈਸੇ ਦੀ ਉਹੀ ਚੱਕਰ, ਲੱਖਾਂ ਦੀ ਖੇਡ, ਗਰੀਬ ਸਿਰਫ ਮੋਹਰ ਲਗਾਉਣ ਵਾਲੇ। ਹਰੀਜਨ ਬਸਤੀਆਂ ਸਾੜਣ ਦੀ ਖਬਰ, ਉਨ੍ਹਾਂ ਦੀਆਂ ਕੁੜੀਆਂ ਨਾਲ ਬਲਾਤਕਾਰੀ ਦੀ ਖਬਰ, ਦਾਜ ਦੇ ਲਾਲਚੀਆਂ ਹੱਥੋਂ ਕੁੜੀਆਂ ਦੇ ਸੜਨ ਦੀ ਖਬਰ, ਬੇਰੁਜਗਾਰ ਨੌਜਵਾਨਾਂ ਦੀ ਖੁਦਕਸ਼ੀ ਦੀ ਖਬਰ, ਅਸਮਾਨ ਛੂੰਹਦੀ ਮਹਿੰਗਾਈ ਦੀ ਖਬਰ, ਲੀਡਰਾਂ ਦੀ ਦਲਬਦਲੀ ਦੀ ਖਬਰ। ਸਭ ਪੁਰਾਣੀਆਂ ਖ਼ਬਰਾਂ।

ਬਾਕੀ : (ਅਖਬਾਰ ਵਿਚੋਂ ਮੂੰਹ ਚੁਕਦਿਆਂ) ਹਾਂ ਸਭ

(ਬਾਕੀ ਸਫ਼ਾ 30)

# S&S Insurance SERVICES



ਹਰਦੇਵ ਗਿੱਲ 590-2058



ਦਲਜੀਤ ਸਿੱਧੂ 324-2311

IN PUNJABI MARKET
6658 - MAIN STREET,
VANCOUVER, B.C.
TEL: 324-2311

**GET YOUR Autoplan AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ਼ ਕਰੋ।

***Enquire about Added Autoplan Protection Benefits from us:***
- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

The shop where you can get all kinds of Fabrics!

## PRINCE FABRICS

372 - Anderson Drive
Quesnel, B.C.
V2J 1G2

Bus: (604) 992-3319
Res: (604) 992-5108
**Jagdish Puri**

* *We make to measure Salwar - Kamiz - Lehnga*
* *Also in gents wear Pants, Shirts, Coats, etc.*
* *Mail order accepted*

EYE EXAMINATIONS ARRANGED



## SOFT CONTACT LENS SALE

NOW $119.00
ALL FITTING FEES INCLUDED

If you've ever wanted to wear contact lenses, here's your opportunity! These first quality soft contact lenses are super comfortable, simple and safe to wear.

Bring us your prescription (or ask us to arrange an eye examination) and be experty fitted by our qualified staff. You'll be surprised how quickly you can adapt to wearing soft contact lenses!

## EXTENDED WEAR CONTACT LENS $219.00

## Campus Eye Center

11151-87 Ave. 432-1372

ਹਿੰਦੀ ਕਹਾਣੀ :

# ਸਰਾਪ

ਕਮਲਾ ਦੱਤ

"ਨਿਰੰਜਣ ਸਿਹਾਂ, ਤੂੰ ਕੀ ਖੱਟਿਆ ਕਮਾਇਆ; ਐਵੇਂ ਜਾਨ ਈ ਖਪਾਈ। ਲੋਕਾਂ ਨੇ ਮੈਕਸੀਕਨਾਂ ਵਿਆਹੀਆਂ; ਗੋਰੀਆਂ ਵਸਾਈਆਂ, ਮੁੰਡੇ ਕੁੜੀਆਂ ਵਿਆਹੇ। ਪਰ ਤੂੰ 'ਕੱਲੇ ਦਾ 'ਕੱਲਾ - ਖਾਲੀ ਦਾ ਖਾਲੀ! ਭਾਈ-ਭਤੀਜੇ ਈ ਆਹਰੇ ਲਾਉਂਦਾ ਰਿਹੈਂ।"

ਆਪ ਹੀ ਇਕ ਹਉਕਾ ਲੈ ਕੇ ਉਹ ਕੁਰਸੀ 'ਤੋਂ ਉੱਠ ਖਿੜਕੀ ਕੋਲ ਖੜ੍ਹਾ ਹੋ ਗਿਆ। ਪਰਦਾ ਹਟਾ ਕੇ ਬਾਹਰ ਵੇਖਣ ਲੱਗਾ। ਬਾਹਰ ਲਾਅਨ ਤੇ ਕੋਈ ਪਾਣੀ ਵਾਲੀ ਨਾਲੀ ਖੁੱਲ੍ਹੀ ਛੱਡ ਗਿਆ ਸੀ ਅਤੇ ਸਾਰੀ ਸੜਕ ਉਪਰ ਪਾਣੀ ਇਕੱਠਾ ਹੋਈ ਜਾ ਰਿਹਾ ਸੀ। ਕੋਈ ਹੋਰ ਵਕਤ ਹੁੰਦਾ ਉਹ ਆਵਾਜ਼ ਮਾਰਦਾ। ਪਰ ਉਸ ਦਿਨ ਉਹ ਟਿਕਟਿਕੀ ਲਾ ਅਸਮਾਨ ਵੱਲ ਵੇਖਦਾ ਰਿਹਾ। ਚਿੜੀਆਂ ਦਾ ਇਕ ਝੁੰਡ ਚੀਂ ਚੀਂ ਕਰਦਾ ਅਸਮਾਨ ਉਪਰ ਲੰਘ ਗਿਆ। ਉਹ ਮਨ ਹੀ ਮਨ ਵਿਚ ਗੁਣਗੁਣਾਇਆ "ਪੰਛੀ ਚੱਲੇ ਰੈਣ ਬਸੇਰੇ।" ਫਿਰ ਜ਼ੋਰ ਦੀ ਬੋਲਿਆ, "ਪੰਛੀ ਚੱਲੇ ਰੈਣ ਬਸੇਰੇ।" ਫਿਰ ਅਚਾਨਕ ਚੁੱਪ ਹੋ ਗਿਆ। ਪਲ ਕੁ ਬਾਅਦ ਹਉਕਾ ਲੈ ਕੇ ਬੋਲਿਆ: "ਨਿਰੰਜਣ, ਤੇਰਾ ਰੈਣ ਬਸੇਰਾ ਵੀ ਹੁਣ ਛੇਤੀ ਈ ਆ ਜਾਊਗਾ।"

ਫਰਿੱਜ ਕੋਲ ਅੱਪੜਦੇ ਦਾ ਗੋਡਿਆਂ ਦਾ ਦਰਦ ਹੋਰ ਤੇਜ਼ ਹੋ ਗਿਆ। ਫਰਿੱਜ 'ਚੋਂ ਬੀਅਰ ਕੱਢ ਪੀਂਦਾ ਉਹ ਅਖ਼ਬਾਰ ਦੀਆਂ ਸੁਰਖੀਆਂ ਪੜ੍ਹਨ ਲੱਗਾ। ਉਸਦੀ ਨਜ਼ਰ ਏਨੀ ਕਮਜ਼ੋਰ ਹੋ ਗਈ ਸੀ ਕਿ ਮੋਟੀ ਛਪਾਈ ਤੋਂ ਬਿਨਾਂ ਉਹ ਕੁਝ ਪੜ੍ਹ ਹੀ ਨਹੀਂ ਸਕਦਾ ਸੀ। ਮਾਸਟਰ ਵੀ ਕਈ ਦਿਨਾਂ ਤੋਂ ਨਹੀਂ ਆਇਆ ਸੀ। ਮਾਸਟਰ ਉਹਦੇ ਪਿੰਡ 'ਚ ਜਾਣਪਛਾਣ ਵਾਲਿਆਂ ਦਾ ਦੋਹਤਾ ਸੀ। ਜਦੋਂ ਦਾ ਮਾਸਟਰ ਆਇਆ ਸੀ, ਉਸਦੀ ਸਾਰੀ ਜ਼ਿੰਮੇਵਾਰੀ ਉਸ ਆਪਣੇ ਸਿਰ ਲੈ ਲਈ ਸੀ।

"ਲੋਕੀਂ ਕਿਉਂ ਕਲਪਦੇ ਐ ਬਈ ਮਾਸਟਰ ਦੂਜੀ ਵਿਆਹ ਲਿਆਇਆ? ਜੱਟਾਂ ਦੇ ਪੁੱਤ ਦੂਜੀ ਤੀਜੀ ਨਾ ਵਿਆਹੁਣਗੇ ਤਾਂ ਕੀ ਕਰਨਗੇ? ਅਮਰੀਕਾ ਹੋਵੇ ਜਾਂ ਕਨੇਡਾ, ਜੱਟ ਦਾ ਪੁੱਤ ਜੱਟ ਈ ਰਹੂਗਾ। ਖਾ,ਪੀ ਮੌਜ ਕਰੂਗਾ ਤੀਵੀਂ ਜਾਤ ਦਾ ਕੀ ਐ? ਇੱਕ ਨਹੀਂ, ਦੋ ਰਖੋ। ਜਿੰਨੀ ਦੇਰ ਉਹਨੂੰ ਖੁਆ ਪਿਆ ਸਕੇ, ਜ਼ਰੂਰ ਰੱਖੋ। ਪਹਿਲੀ ਨੂੰ ਵੀ ਕੋਈ ਥੋੜ ਨਹੀਂ ਆਉਣ ਦੇਊਗਾ।"

ਕੀ ਉਹ ਖੁਆ ਪਿਆ ਨਹੀਂ ਸਕਦਾ ਸੀ? ਕਿਉਂ ਨਾ ਪੰਜਾਬੋਂ ਉਹ ਵੀ ਕੋਈ ਸੋਹਣੀ ਜੱਟੀ ਵਿਆਹ ਲਿਆਇਆ? "ਹੁਣ ਤਾਂ ਕੁਝ ਜ਼ਿਆਦਾ ਈ ਸੋਚਣ ਲੱਗ ਪਿਐਂ। ਇਸ ਤਰਾਂ ਦੀਆਂ ਗੱਲਾਂ ਪਹਿਲਾਂ ਤਾਂ ਨਹੀਂ ਸੀ ਤੇਰੇ ਮਨ ਵਿਚ ਆਈਆਂ।" ਉਹਨੇ ਆਪਣੇ ਆਪ ਨੂੰ ਆਖਿਆ। ਰਿਸ਼ਤੇਦਾਰ ਕਹਿੰਦੇ ਵੀ ਰਹੇ, ਪਰ ਉਹ ਟਾਲਦਾ ਰਿਹਾ। ਫਿਰ ਲੋਕਾਂ ਦੇ ਆਪਣੇ ਹੀ ਪਰਵਾਰ ਹੋ ਗਏ। ਜਿੰਨੇ ਵੱਡੇ ਪਰਵਾਰ, ਉਨੇ ਵੱਡੇ ਮੂੰਹ... ਅਤੇ ਜੋ ਕਦੇ ਨਹੀਂ ਭਰੇ।

ਜਦੋਂ ਕਿਸੇ ਨਾਲ ਦੇ ਨੂੰ ਪੰਜਾਬੋਂ ਸੁਹਣੀ ਜਿਹੀ ਵਹੁਟੀ ਨਾਲ ਲੈ ਮੁੜਦਾ ਵੇਖਦਾ ਤਾਂ ਉਹਦੇ ਮਨ ਵਿਚ ਕੁੱਝ ਉਸੜ ਕੇ ਰਹਿ ਜਾਂਦਾ। ਹੌਸਲਾ ਕੁੱਝ ਕਰਨ ਨੂੰ ਕਰਦਾ ਤਾਂ ਅੱਖਾਂ ਸਾਹਮਣੇ ਆ ਜਾਂਦੀ ਰੋਂਦੀ ਵਿਲਕਦੀ ਭਾਬੀ! ਪੰਜ ਛੋਟੇ ਨਿਆਣੇ ਅਤੇ ਵੱਡੇ ਭਰਾ ਦੀ ਬਿਨ-ਧੜ ਲਾਸ਼! ਜਿਹੜੀਆਂ ਗੱਲਾਂ ਉਹ ਹਮੇਸ਼ਾ ਭੁਲਾਈ ਰੱਖਣਾ ਚਾਹੁੰਦਾ ਸੀ ਉਸ ਦਿਨ ਉਹ ਵਾਰ ਵਾਰ ਯਾਦ ਆ ਰਹੀਆਂ ਸਨ। "ਨਿਰੰਜਣਾ, ਤੇਰਾ ਵਕਤ ਨੇੜੇ ਆ ਗਿਆ, ਤਾਂ ਹੀ ਤਾਂ ਬਚਪਨ, ਜਵਾਨੀ ਅਤੇ ਅੱਧਖੜ ਉਮਰ ਦੀ ਯਾਦ ਵਾਰ ਵਾਰ ਸਾਹਮਣੇ ਆ ਰਹੀ ਐ। ਜਿਵੇਂ ਕੁਦਰਤ ਦਾ ਇਸ਼ਾਰਾ ਹੋਵੇ ਕਿ ਤੇਰਾ ਵਕਤ ਨੇੜੇ ਆ ਗਿਆ। ਅੰਨ-ਜਲ ਮੁੱਕਣ ਵਾਲਾ ਹੈ। ਹੁਣ ਵੀ ਦੇਸ਼ ਪਰਤ ਚੱਲ, ਹੁਣ ਵੀ ਦੇਸ਼ ਪਰਤ ਚੱਲ।" ਉਸ ਆਪਣੇ ਆਪ ਨੂੰ ਕਿਹਾ।

ਦੋਹਾਂ ਭਰਾਵਾਂ ਦੀ ਥੋੜੀ ਜਿਹੀ ਜ਼ਮੀਨ ਸੀ। ਸ਼ਰੀਕਾਂ ਨਾਲ ਲੜਾਈ ਵਿਚ ਭਰਾ ਡਾਂਗ ਚਲਾ ਬੈਠਾ। ਦੂਜੇ ਦਿਨ ਖੇਤਾਂ ਨੂੰ ਗਿਆ ਮੁੜਿਆ ਹੀ ਨਹੀਂ। ਮੁੜੀ ਸੀ ਤਾਂ ਉਸ ਦੀ ਧੜ ਤੋਂ ਬਿਨਾਂ ਲਾਸ਼! ਉਹ ਦਿਨ ਯਾਦ ਕਰਕੇ ਤਾਂ ਅੱਜ ਵੀ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਹੋਸ਼ ਆਉਣ 'ਤੇ ਉਹ ਇਕ ਹੀ ਗੱਲ ਦੁਹਰਾਉਂਦਾ ਰਿਹਾ ਸੀ; "ਭਾਬੀ ਤੂੰ ਦਿਲ ਛੋਟਾ ਨਾ ਕਰ ਤੇਰੇ ਨਿਆਣੇ, ਮੇਰੇ ਨਿਆਣੇ ਹਨ। ਮੈਂ ਸਾਰਿਆਂ ਨੂੰ ਪਾਲਾਂਗਾ- ਆਪਣਿਆਂ ਤੋਂ ਵੀ ਵਧਕੇ।" ਆਪਣੇ ਤਾਂ ਫਿਰ ਹੋਏ ਹੀ ਨਹੀਂ। ਰਿਸ਼ਤੇਦਾਰਾਂ ਕਿਹਾ ਸੀ: "ਚਾਦਰ ਪਾ ਲੈ।" ਪਰ ਉਹ ਟਾਲ ਗਿਆ। ਨਹੀਂ, ਏਦਾਂ ਨਹੀਂ ਸੀ ਉਹ ਕਰ ਸਕਦਾ। ਪਰ ਸਾਲਾਂ ਬਾਅਦ ਵੀ ਜਦੋਂ ਕੋਈ ਵਿਆਹ ਦਾ ਜ਼ਿਕਰ ਕਰਦਾ ਤਾਂ ਭਾਬੀ ਦਾ ਚਿਹਰਾ ਹੀ ਸਾਹਮਣੇ ਆਉਂਦਾ। ਲਾਲ ਘੱਗਰਾ, ਲਾਲ ਚੂੜਾ ਅਤੇ ਨੱਥ ਪਾਈਂ ਘੁੰਡ ਵਾਲਾ ਚਿਹਰਾ ਜਿਸਦਾ ਘੁੰਡ ਨਾਲ ਦੇ ਜਾਣਾਂ ਦੇ ਕਹਿਣ 'ਤੇ ਉਸ ਪੰਦਰਾਂ ਸਾਲਾਂ ਦੀ ਉਮਰ ਵਿਚ ਹੀ ਉਲਟ ਦਿੱਤਾ ਸੀ। ਲੋਕ ਹੱਸ ਹੱਸ ਲੋਟ ਪੋਟ ਹੋ ਗਏ ਸਨ ਪਰ ਸ਼ਰਮ ਨਾਲ ਦੂਹਰੀ ਹੁੰਦੀ ਜਾ ਰਹੀ ਭਾਬੀ ਬੱਸ ਏਨਾਂ ਹੀ ਕਹਿ ਸਕੀ ਸੀ: 'ਨਾ ਕਰ ਵੇ"।

ਬੀਅਰ ਦੀ ਬੋਤਲ ਹੇਠਾਂ ਰੱਖਦੇ ਹੋਏ ਆਪਣੇ ਮਨ ਨੂੰ ਹੌਸਲਾ ਦੇਣ ਲਈ ਉਸ ਦਿਲ ਵਿਚ ਹੀ ਕਿਹਾ, "ਨਿਰੰਜਣਾ, ਤੂੰ ਆਦਮੀ ਹੌਸਲੇ ਵਾਲਾ ਐਂ।" ਅੱਖਾਂ ਬੰਦ ਕਰ ਉਹ ਕੁਝ ਦੇਰ ਚੁੱਪ ਚਾਪ ਖੜ੍ਹਾ ਰਹਿਣਾ ਚਾਹੁੰਦਾ ਸੀ ਪਰ ਮਨ ਟਿਕਦਾ ਹੀ ਨਹੀਂ ਸੀ।

ਨਿਰੰਜਣ ਸਿੰਘ ਵਲਦ ਅਤਰ ਸਿੰਘ ਦੀ ਜ਼ਮੀਨ ਦੀ ਕੁਰਕੀ ਸੀ। ਕਲਜੁਗ ਆ ਗਿਆ ਸੀ। ਜੱਟਾਂ ਦੇ

ਪੁੱਤ ਮਜ਼ਦੂਰੀ ਕਰ ਰਹੇ ਸਨ। ਚਾਦਰ ਨਹੀਂ ਪਾਊਂਗਾ। ਰੰਗ ਰਲੀਆਂ ਮਨਾਊਂਗਾ ਰੰਗਰਲੀਆਂ! ਰੇਲ ਦੇ ਲੰਬੇ ਸਫ਼ਰ ਤੋਂ ਬਾਅਦ ਦਿਮਾਗ 'ਚ ਹੁੰਦੀ ਛੁਕ-ਛੁਕ ਦੀ ਤਰ੍ਹਾਂ ਸਾਰੀਆਂ ਗੱਲਾਂ ਫਸ ਗਈਆਂ ਸਨ - ਛੁਕ-ਛੁਕ ਕੁਰਕੀ ਕੁਰਕੀ। ਰੇਲ 'ਚ ਲੁਕਦਾ ਫਿਰਦਾ ਮਦਰਾਸ ਸਿੰਘਾਪੁਰ ਮੈਕਸੀਕੋ ਅਤੇ ਉਥੋਂ ਕਾਰ ਦੀ ਡਿੱਗੀ 'ਚ ਲੁਕ ਕੈਲੇਫੋਰਨੀਆਂ ਪਹੁੰਚ ਗਿਆ। ਹਜ਼ਾਰ ਡਾਲਰ ਦਿੱਤਾ ਸੀ ਉਸ ਸਮੇਂ ਵੀ ਇਸ ਕੰਮ ਦਾ।

ਸਾਲ ਭਰ ਪੈਸੇ ਭੇਜਣ ਤੋਂ ਬਾਅਦ ਭਾਬੀ ਦਾ ਖ਼ਤ ਆਇਆ। ਕਿੰਨਾ ਖ਼ੁਸ਼ ਸੀ ਉਹ ਉਸ ਦਿਨ। ਵਾਰੀ ਵਾਰੀ ਸਾਰਿਆਂ ਨੂੰ ਵਿਖਾਉਂਦਾ ਰਿਹਾ। "ਨਿੱਕਿਆ ਸਿੰਹਾਂ, ਵੇ ਮੈਂ ਤਾਂ ਪਤਾ ਈ ਗ਼ਲਤ ਲਿਖਵਾਉਂਦੀ ਰਹੀ। ਮੈਂ ਅਕ੍ਰਿਤਘਣ ਨਹੀਂ। ਮੈਨੂੰ ਕਿਤੇ ਪਤਾ ਨਹੀਂ ਕਿ ਪਰਦੇਸ 'ਚੋਂ ਤੂੰ ਕਿੰਨੀਆਂ ਮੁਸ਼ਕਿਲਾਂ ਨਾਲ ਪੈਸੇ ਕਮਾ ਭੇਜਦੈਂ। ਹੁਣ ਤਾਂ ਵਿਆਹੁਣ ਦੀ ਠੀਕ ਠਾਕ ਹਨ। ਵੱਡੇ ਸਕੂਲ ਜਾਣ ਲੱਗ ਪਏ ਹਨ। ਛੋਟੇ ਵੀ ਹਰ ਵਕਤ ਚਾਚਾ-ਚਾਚਾ ਕਰਦੇ ਰਹਿੰਦੇ ਹਨ।" ਉਹਨੇ ਚਿੱਠੀ ਕਈ ਵਾਰੀ ਪੜ੍ਹ ਸਰ੍ਹਾਣੇ ਹੇਠਾਂ ਰੱਖ ਲਈ ਸੀ। ਹਰ ਰੋਜ਼ ਸੌਣ ਤੋਂ ਪਹਿਲਾਂ ਉਹ ਇਕ ਵਾਰੀ ਪੜ੍ਹ ਲੈਂਦਾ ਜਿੰਨੀ ਦੇਰ ਤੱਕ ਦੂਜੀ ਚਿੱਠੀ ਨਹੀਂ ਆਈ ਸੀ।

ਮਾਸਟਰ ਅੱਜ ਵੀ ਨਹੀਂ ਆਇਆ ਸੀ। ਘਰ ਵਿਚ ਸਭ ਠੀਕ ਠਾਕ ਹੋਵੇ - ਉਸ ਸੋਚਿਆ। ਮਾਸਟਰ ਹੀ ਤਾਂ ਇਕ ਦਿਨ ਕਹਿ ਗਿਆ ਸੀ ਕਿ ਲੱਕੜੀ ਦੇ ਫਰਸ਼ 'ਤੇ ਕਿੰਨੀ ਗਰਦ ਜੰਮੀ ਹੋਈ ਸੀ। ਸੋਸ਼ਲ ਵਰਕਰ ਨੇ ਵੀ ਕਿਹਾ ਸੀ ਕਿ ਹਫ਼ਤੇ 'ਚ ਇਕ ਦਿਨ ਕੁੜੀ ਆਇਆ ਕਰੇਗੀ ਤੇ ਸਾਰੀ ਸਫ਼ਾਈ ਕਰ ਜਾਇਆ ਕਰੇਗੀ। ਪਹਿਲਾਂ ਤਾਂ ਉਹ ਮੰਨਿਆਂ ਹੀ ਨਹੀਂ, ਪਰ ਬਾਅਦ ਵਿਚ ਮੰਨ ਗਿਆ ਸੀ। ਪਰ ਕੁੜੀ ਵੱਲੋਂ ਹਰ ਚੀਜ਼ ਚੁੱਕ ਚੁੱਕ ਕੇ ਸਫ਼ਾਈ ਕਰਨਾ ਉਹਨੂੰ ਚੰਗਾ ਨਹੀਂ ਸੀ ਲੱਗਦਾ। ਉਹ ਖਿਝ ਖਿਝ ਉਹਦੇ ਨਾਲ ਲੜਦਾ ਰਹਿੰਦਾ। ਪਰ ਉਹ ਤਾਂ ਆਪਣੇ ਆਪ ਨਾਲ ਇਕੱਲਾ ਰਹਿਣ ਦਾ ਆਦੀ ਹੋ ਗਿਆ ਸੀ। ਜਦੋਂ ਕੋਈ ਉਸ ਕੋਲ ਆਉਂਦਾ ਤਾਂ ਉਹਨੂੰ ਲੱਗਦਾ ਜਿਵੇਂ ਕੋਈ ਉਹਦੀ ਹੱਦ ਲੰਘ ਗਿਆ ਹੋਵੇ। ਕਦੇ ਕਦੇ ਤਾਂ ਉਹਨੂੰ ਮਾਸਟਰ ਦਾ ਆਉਣਾ ਵੀ ਚੰਗਾ ਨਹੀਂ ਲੱਗਦਾ ਸੀ। ਉਹ ਤਾਂ ਸਿਰਫ਼ ਚਿੱਠੀਆਂ ਲਿਆ ਦਿੰਦਾ ਅਤੇ ਪੜ੍ਹ ਕੇ ਸੁਣਾ ਦਿੰਦਾ। ਜਦੋਂ ਲੋਕ ਉਸ ਕੋਲ ਆਉਂਦੇ ਤਾਂ ਉਹਨੂੰ ਲੱਗਦਾ ਜਿਵੇਂ ਉਹ ਉਸ 'ਤੇ ਤਰਸ ਕਰ ਰਹੇ ਹੋਣ ਕਿ ਇਹ ਹੈ ਉਹ ਬੁੱਧੂ ਜਿਹੜਾ ਆਪਣੇ ਲਈ ਕੁੱਝ ਵੀ ਨਹੀਂ ਕਰ ਸਕਿਆ। ਜਦੋਂ ਕਿਸੇ ਦੇ ਘਰ ਕੋਈ ਵਿਆਹ ਹੁੰਦਾ ਤਾਂ ਉਹਨੂੰ ਬਜ਼ੁਰਗ ਸਮਝ ਅਸ਼ੀਰਵਾਦ ਦਿਵਾਉਣ ਲੈ ਆਉਂਦੇ। ਉਹਨੂੰ ਜ਼ਰਾ ਵੀ ਚੰਗਾ ਨਾ ਲੱਗਦਾ। ਉਸਨੂੰ ਜਾਪਦਾ ਸੀ ਜਿਵੇਂ ਉਹ ਉਹਦਾ ਮਜ਼ਾਕ ਉਡਾ ਰਹੇ ਹੋਣ: "ਨਿੱਕਿਆ ਸਿੰਘਾ ਔਂਤਰਾ, ਹੈ ਵੀ ਔਂਤਰਾ ਤੇ ਔਂਤਰਾ ਹੀ ਮਰੇਗਾ।"

ਸਾਲ ਬਾਅਦ ਵਾਲੇ ਭਾਬੀ ਦੇ ਖ਼ਤ 'ਚ ਲਿਖਿਆ ਸੀ: "ਜੀਤਾਂ ਤੇ ਸੁਰਿੰਦਰ ਹੁਣ ਕਾਫ਼ੀ ਵੱਡੀਆਂ ਹੋ ਗਈਆਂ ਹਨ। ਏਨੀ ਉਮਰ ਦੀਆਂ ਕੁੜੀਆਂ ਕੁਆਰੀਆਂ ਕਿਤੇ ਘਰ ਬਿਠਾਈ ਦੀਆਂ ਹਨ? ਬੱਸ ਤੂੰ ਹੀ ਕੁੱਝ ਕਰ। ਜਗਜੀਤ ਤਾਂ ਕੁੱਝ ਕਰਨੋਂ ਰਿਹਾ। ਉਹ ਕਹਿੰਦਾ ਐ ਮੇਰਾ ਭਰਾ ਤਾਂ ਪੈਸੇ ਕਮਾ ਕਮਾ ਭੇਜੀ ਜਾਂਦੈ। ਭਾਬੀ ਤੂੰ ਪਤਾ ਨਹੀਂ ਕੀ ਜਾਦੂ ਕਰ'ਤਾ - ਮੈਨੂੰ ਵੀ ਨਹੀਂ ਪੁੱਛਦਾ।"

ਉਦੋਂ ਉਸ ਸੋਚਿਆ ਸੀ ਕਿ 'ਬਾਰਨ' ਛੱਡ ਦੇਵੇਗਾ। ਕਿਰਾਏ ਦਾ ਮਕਾਨ ਲੈ ਕੇ ਰਹੇਗਾ। ਪਰ ਫਿਰ ਮਨ ਮਾਰ ਕੇ ਬਾਰਨ 'ਤੇ ਹੀ ਟਿਕਿਆ ਰਿਹਾ। ਭੈਣਾਂ ਦੇ ਵਿਆਹਾਂ ਲਈ ਪੈਸੇ ਭੇਜਣ ਤੋਂ ਬਾਅਦ ਖ਼ਤ ਆਇਆ: "ਏਨੇ ਪੈਸਿਆਂ ਨਾਲ ਕਿਤੇ ਦੋ ਦੋ ਵਿਆਹ ਹੁੰਦੇ ਹਨ? ਜੱਟਾਂ ਦੇ ਵਿਆਹਾਂ 'ਤੇ ਤਾਂ ਰੋਟੀ ਸ਼ਰਾਬ ਦਾ ਖਰਚ ਹੀ ਨਾ ਪੁੱਛੋ। ਹੋਰ ਥੋੜ੍ਹੇ ਪੈਸੇ ਭੇਜ ਸਕੇਂ ਤਾਂ ਭੇਜ।" ਇਕ ਹੋਰ ਖ਼ਤ 'ਚ ਲਿਖਿਆ ਸੀ: "ਜ਼ਮੀਨ ਬੜੀ ਸਸਤੀ ਮਿਲ ਰਹੀ ਹੈ। ਜਗਜੀਤ ਵੀ ਕਿਸੇ ਕਿੱਤੇ ਲੱਗਾ ਰਹੂਗਾ। ਨਹੀਂ ਤਾਂ ਮੇਰੀ ਛਾਤੀ 'ਤੇ ਹੀ ਮੂੰਗ ਦਲਦਾ ਰਹੂਗਾ।" ਬੜਾ ਗੁੱਸਾ ਆਇਆ ਸੀ ਉਦੋਂ - ਸਾਰਿਆਂ ਨੂੰ ਪੈਸਾ ਚਾਹੀਦਾ ਹੈ, ਪੈਸਾ, ਪੈਸਾ! ਉਦੋਂ ਸੋਚਿਆ ਸੀ ਕਿ ਹੁਣ ਤੋਂ ਕਿਸੇ ਲਈ ਵੀ ਕੁੱਝ ਨਹੀਂ ਕਰੇਗਾ।

ਇਹ ਸਭ ਕੁੱਝ ਸੋਚ ਸੋਚ ਉਸਦਾ ਮਨ ਬਹੁਤ ਹੀ ਉਦਾਸ ਹੋ ਗਿਆ ਸੀ। ਪਰ ਉਹ ਤਾਂ ਬੜੇ ਦਿਲ ਵਾਲਾ ਸੀ। ਇਹ ਉਹਨੂੰ ਕੀ ਹੋ ਗਿਆ ਸੀ? ਇਹ ਛੋਟੀਆਂ ਛੋਟੀਆਂ ਗੱਲਾਂ ਪਹਿਲਾਂ ਤਾਂ ਉਸਨੂੰ ਕਦੇ ਪਰੇਸ਼ਾਨ ਨਹੀਂ ਸਨ ਕਰਦੀਆਂ। ਨਾਲੇ ਹੁਣ ਸਾਲਾਂ ਪੁਰਾਣੀਆਂ ਗੱਲਾਂ ਸੋਚਣ ਦਾ ਫ਼ਾਇਦਾ ਵੀ ਕੀ ਸੀ? ਕੁੱਝ ਕਰਨਾ ਸੀ ਤਾਂ ਹੌਸਲਾ ਕਰਕੇ ਪਹਿਲਾਂ ਕਰਦਾ। ਉਸ ਸੋਚਿਆ ਕਿ ਉਹਦੇ ਮਨ ਵਿਚ ਕੋਈ ਰੀਝ ਸੀ ਜਿਹੜੀ ਉਸਨੂੰ ਦੂਜਿਆਂ ਲਈ ਏਨਾ ਕੁੱਝ ਕਰਨ ਲਈ ਮਜਬੂਰ ਕਰਦੀ ਰਹੀ। ਬੱਸ ਉਹ ਥੋੜ੍ਹੀ ਵਾਹ ਵਾਹ ਚਾਹੁੰਦਾ ਸੀ ਅਤੇ ਬਾਅਦ ਵਿੱਚ ਉਹ ਇਹਦੀ ਪਕੜ 'ਚ ਅਜਿਹਾ ਆਇਆ ਕਿ ਨਿੱਕਲ ਹੀ ਨਹੀਂ ਸਕਿਆ। ਬਚਪਨ 'ਚ ਇਕ ਵਾਰ ਵੱਡੇ ਭਰਾ ਨਾਲ ਬੰਟੇ ਖੇਡਦੇ ਖੇਡਦੇ ਉਹਦੀ ਉਸ ਨਾਲ ਲੜਾਈ ਹੋ ਗਈ। ਵੱਡੇ ਨੇ ਉਹਦਾ ਸਾਰਿਆਂ ਤੋਂ ਸੁਹਣਾ ਕਾਲਾ ਬੰਟਾ ਭੰਨਾ ਦਿੱਤਾ ਸੀ। ਗੁੱਸੇ 'ਚ ਆ ਕੇ ਉਹਨੇ ਸਾਰੇ ਬੰਟੇ ਵੱਡੇ ਭਰਾ ਨੂੰ ਦੇ ਦਿੱਤੇ ਸਨ ਅਤੇ ਫਿਰ ਕਦੇ ਵੀ ਬੰਟੇ ਨਹੀਂ ਖੇਡੇ ਸਨ। "ਉਏ ਇਹ ਤੇਰੀ ਪੁਰਾਣੀ ਆਦਤ ਹੈ - ਬਲੀ ਦਾ ਬੱਕਰਾ ਬਣਨ ਦੀ, ਕੋਈ ਕੀ ਕਰੇ?"

ਉਸ ਕਈ ਵਾਰੀ ਫੈਸਲਾ ਕੀਤਾ ਸੀ ਕਿ ਕਿਸੇ ਨੂੰ ਕੁੱਝ ਨਹੀਂ ਭੇਜੇਗਾ। ਏਥੇ ਕੁੱਝ ਜ਼ਮੀਨ ਜਾਇਦਾਦ ਖ਼ਰੀਦ ਟਿਕ ਰਹੇਗਾ ਪਰ ਜਦੋਂ ਵੀ ਉਹ ਅਜੇਹਾ ਫੈਸਲਾ ਕਰਦਾ ਭਾਬੀ ਦਾ ਰੋਂਦਾ ਵਿਲਕਦਾ ਚਿਹਰਾ ਸਾਹਮਣੇ ਆ ਜਾਂਦਾ। ਉਹ ਦਰਦ ਭਰੇ ਚਿਹਰੇ ਤੇ ਲੱਥ ਟਿੱਕੇ ਵਾਲਾ ਚਿਹਰਾ ਆ ਟਿਕਦਾ ਅਤੇ ਉਹ ਇਕ ਦਮ ਬੇਵੱਸ ਹੋ ਜਾਂਦਾ। ਗੋਰੇ ਕਿੱਦਾਂ ਕਿੱਦਾਂ ਦੀਆਂ ਗਾਲ੍ਹਾਂ ਕੱਢਦੇ। ਉਹ ਚੁੱਪਚਾਪ ਸਭ ਸਹਿ ਜਾਂਦਾ। ਸੋਚਦਾ: "ਨਿੱਕਿਆਂ, ਜਦੋਂ ਚਾਕਰੀ ਹੀ ਕਰਨੀ ਹੈ ਤਾਂ ਸਭ ਇੱਜ਼ਤ ਕਾਹਦੀ।" ਉਹਦਾ ਹੱਥ ਆਪਣੇ ਆਪ ਖੁਰਦਰੀਆਂ ਬਾਹਾਂ 'ਤੇ ਚਲੇ ਗਿਆ, ਜਿਹੜੀਆਂ ਚਾਲੀ ਸਾਲਾਂ ਤੋਂ ਮਜ਼ਦੂਰੀ ਕਰ ਪੱਥਰ ਹੋ ਗਈਆਂ ਸਨ। ਪਹਿਲੀ ਵਾਰ ਖੁਰਮਾਨੀਆਂ ਤੋੜਨ ਸਮੇਂ ਕਿਸ ਤਰ੍ਹਾਂ ਬਾਹਾਂ ਥਾਂ ਥਾਂ ਤੋਂ ਛਿੱਲ ਹੋ ਗਈਆਂ ਸਨ। ਥਾਂ ਥਾਂ ਤੋਂ ਲਹੂ ਨਿਕਲਣ ਲੱਗ ਪਿਆ ਸੀ। ਉਦੋਂ ਗੋਰਾ ਪੈਸੇ ਵੀ ਕਿੰਨੇ ਘੱਟ ਦਿੰਦਾ ਸੀ। ਅਤੇ ਗੱਲ ਗੱਲ ਤੋਂ ਗਾਲ੍ਹਾਂ ਕੱਢ ਦੇਣ ਦੀ ਧਮਕੀ: ਅਖੇ ਤੇਰੇ ਕੋਲ ਕਾਗਜ਼ ਨਹੀਂ ਹਨ - ਇੰਮੀਗਰੇਸ਼ਨ ਵਾਲਿਆਂ ਕੋਲ ਰਿਪੋਰਟ ਕਰੂੰਗਾ। ਪਹਿਲੀ ਵਾਰੀ ਖੁਰਮਾਨੀਆਂ ਨਾਲ ਲੱਦਿਆ ਦਰਖ਼ਤ ਵੇਖ ਉਹ ਏਨੀਆਂ ਖੁਰਮਾਨੀਆਂ ਖਾ ਗਿਆ ਕਿ ਕਈ ਹਫ਼ਤੇ ਪੇਚਿਸ਼ ਨਾਲ ਪਿਆ ਰਿਹਾ। ਫਿਰ ਤਾਂ ਖੁਰਮਾਨੀਆਂ ਦੀ ਖੁਸ਼ਬੂ ਉਹਦੇ ਨੱਕ 'ਚ ਹੀ ਵਸ ਗਈ ਸੀ। ਉਹਨਾਂ ਨੂੰ ਵੇਖਣ ਨੂੰ ਜੀਅ ਨਾ ਕਰਦਾ। ਖਾਣ ਦੀ ਸੋਚਣ 'ਤੇ ਹੀ ਉਹਨੂੰ ਉਲਟੀ ਆਉਣ ਲੱਗਦੀ।

ਉਨ੍ਹੀਂ ਦਿਨੀਂ ਉਹਨੂੰ ਉਹਦੀ ਹੀ ਕਿਸਮ ਦੇ ਦੋ ਹੋਰ ਦੋਸਤ ਮਿਲ ਗਏ। ਕਮਾ ਕਮਾ ਪੈਸੇ ਪਿੰਡ ਨੂੰ ਭੇਜਣ ਵਾਲੇ। ਰਾਤਾਂ ਨੂੰ 'ਬਾਰਨ' 'ਚ ਬਹਿ ਸੁੱਕੀ ਡਬਲਰੋਟੀ ਅਤੇ ਗੋਸ਼ਤ ਚੱਬਦੇ ਕਈ ਮਨਸੂਬੇ ਬਣਾਉਂਦੇ। ਘਰ ਪਰਤਣ ਦੇ, ਹਵੇਲੀਆਂ ਬਣਾਉਣ ਦੇ ਅਤੇ ਸੁਹਣੀਆਂ ਸੁਹਣੀਆਂ ਵਹੁਟੀਆਂ ਦੇ! ਇਸ ਸਮੇਂ ਕੋਈ ਤਾਣ ਛੇੜ ਦਿੰਦਾ: "ਤੇਰੀ ਚੜ੍ਹਦਿਆਂ ਸਾਰੀਆਂ ਹੀਰ ਚੀਕਾਂ।" ਵੇਖਦਿਆਂ ਵੇਖਦਿਆਂ ਬਾਕੀ ਲੋਕ ਕਿਤੇ ਦੇ ਕਿਤੇ ਪਹੁੰਚ ਗਏ। ਕਈਆਂ ਨੇ ਵੱਡੇ ਵੱਡੇ ਬਾਗ ਲੈ ਲਏ। ਕੋਠੀਆਂ ਪਾ ਲਈਆਂ। ਇਕ ਉਹ - ਜੋ ਆਪਣੇ ਲਈ

ਕੁਝ ਵੀ ਨਾ ਕਰ ਸਕਿਆ। ਚੰਗਾ ਰਿਹਾ ਨਹੀਂ, ਚੰਗਾ ਖਾਧਾ ਨਹੀਂ। ਚੰਗੀ ਸ਼ਰਾਬ ਵੀ ਪੀਤੀ ਤਾਂ ਕੁਝ ਕੁ ਵਾਰੀ। ਇਕ ਸਾਥੀ ਤਾਂ ਘਰ ਪਰਤਣ ਦੀ ਖ਼ਾਹਿਸ਼ ਲੈ ਕੇ ਹੀ ਮਰ ਗਿਆ। ਦੂਜੇ ਦੇ ਘਰ ਦੇ ਆ ਕੇ ਉਸਨੂੰ ਜ਼ਬਰਦਸਤੀ ਲੈ ਗਏ। ਬੱਸ ਨਿਰੰਜਣ ਹੀ ਰਹਿ ਗਿਆ ਇਕੱਲੇ ਦਾ ਇਕੱਲਾ!

'ਬਾਰਨ' ਦੇ ਟੁੱਟੇ ਬੈਂਚ 'ਤੇ ਕੰਬਲ ਲੈ ਕੇ ਸੌਂਦੇ ਵਕਤ ਕਿੰਨੀ ਹੀ ਵਾਰ ਵਾਣ ਦੀ ਮੰਜੀ ਅਤੇ ਰਜ਼ਾਈ ਦੀ ਯਾਦ ਆਈ ਸੀ। ਏਨੇ ਕੀੜੇ ਤਾਂ ਉਹਨੇ ਪਿੰਡ ਵੀ ਕਦੇ ਨਹੀਂ ਸੀ ਵੇਖੇ। ਪਿੰਡ ਵਿਚਲਾ ਘਰ ਵੀ 'ਬਾਰਨ' ਤੋਂ ਕਿਤੇ ਸਾਫ਼ ਸੀ। ਉਸ ਦਿਨ ਇਕ ਕੀੜਾ ਵੇਖ ਸੋਸ਼ਲ ਵਰਕਰ ਕਹਿ ਰਹੀ ਸੀ: ਇਹਨਾਂ ਨੂੰ ਮਾਰਨ ਵਾਲੇ ਆ ਜਾਣਗੇ। ਉਹਨੇ ਮਨ੍ਹਾਂ ਕਰ ਦਿੱਤਾ। ਉਹ ਸਮਝਦੀ ਨਹੀਂ ਸੀ ਕਿ ਨਿਰੰਜਣ ਸਿੰਘ ਅਤੇ ਕੀੜਿਆਂ ਦਾ ਪੁਰਾਣਾ ਸਾਥ ਸੀ। ਕੋਈ ਕਹਿ ਰਿਹਾ ਸੀ ਕਿ ਜਦੋਂ ਸੱਭ ਕੁੱਝ ਖ਼ਤਮ ਹੋ ਗਿਆ ਇਹ ਕੀੜੇ ਉਦੋਂ ਵੀ ਰਹਿਣਗੇ। ਕੀੜੇ ਨਿਰੰਜਣ ਸਿੰਘ ਤੋਂ ਪਹਿਲਾਂ ਵੀ ਸਨ, ਬਾਅਦ ਵਿਚ ਵੀ ਰਹਿਣਗੇ। ਉਹ ਪਾਗਲ ਜਿਹਾ ਹੋ ਗਿਆ ਸੀ। ਉਹ ਪਿੰਡ ਵਿਚ ਗਰਮੀਆਂ 'ਚ ਪਾਣੀ ਛਿੜਕਾਉਣ ਤੋਂ ਬਾਅਦ ਮਿੱਟੀ 'ਚੋਂ ਉੱਠਦੀ ਖ਼ੁਸ਼ਬੂ ਲਈ ਤਰਸ ਗਿਆ ਸੀ। ਏਥੋਂ ਦੀ ਸਾਲੀ ਮਿੱਟੀ ਹੀ ਕਿਸ ਤਰ੍ਹਾਂ ਦੀ ਹੈ: ਪਾਣੀ ਛਿੜਕਾਉਣ 'ਤੇ ਚਿਪਚਿਪਾ ਜਾਵੇਗੀ, ਪਰ ਖ਼ੁਸ਼ਬੂ ਨਹੀਂ ਦੇਵੇਗੀ! ਉਦੋਂ ਸੋਚਿਆ ਸੀ "ਰਹਿਣਾ 'ਬਾਰਨ' 'ਚ ਹੈ, ਚਾਕਰੀ ਕਰਨੀ ਹੈ ਅਤੇ ਕਮਾ ਕਮਾ ਪੈਸੇ ਦੇਸ਼ ਭੇਜਣੇ ਹਨ ਤਾਂ ਕਿਸੇ ਗੱਲ ਦੀ ਖ਼ਾਹਿਸ਼ ਕਾਹਦੀ? ਛੱਡ ਮਨਾਂ ਮੋਹ ਮਾਇਆ ਅਤੇ ਨਿਰਲੇਪ ਹੋ।"

ਸਾਲਾਂ ਪਿੱਛੋਂ ਆਇਆ ਭਾਬੀ ਦਾ ਖ਼ਤ ਉਹਨੂੰ ਹੁਣ ਵੀ ਯਾਦ ਸੀ। "ਨਿਰੰਜਣ, ਤੈਨੂੰ ਵੇਖਣ ਨੂੰ ਬੜਾ ਜੀਅ ਕਰਦਾ ਹੈ। ਐਤਕੀਂ ਵਿਸਾਖੀ ਨੂੰ ਕਾਕੇ ਦਾ ਵਿਆਹ ਐ, ਜ਼ਰੂਰ ਆ। ਕਾਕਾ ਵੀ ਕੀ ਕਹੂਗਾ ਕਿ ਕਿਸ ਤਰ੍ਹਾਂ ਦਾ ਚਾਚਾ ਐ-ਆਇਆ ਈ ਨਹੀਂ" ਭਾਬੀ ਨੂੰ ਅਤੇ ਬਾਕੀ ਸਾਰਿਆਂ ਨੂੰ ਵੇਖਣ ਦੀ ਇੱਛਾ ਜਾਗ ਪਈ ਤਾਂ ਉਹ ਟਿਕਟ ਕਟਾ ਕੇ ਪਿੰਡ ਪਹੁੰਚ ਗਿਆ। ਪਿੰਡ ਕਾਫ਼ੀ ਬਦਲ ਗਿਆ ਸੀ। ਕਿੰਨੀਆਂ ਹਵੇਲੀਆਂ ਬਣ ਗਈਆਂ ਸਨ। ਉਨ੍ਹਾਂ ਦੇ ਆਪਣੇ ਘਰ ਦੀ ਹਾਲਤ ਕਿੰਨੀ ਸੁਧਰ ਗਈ ਸੀ। ਭਾਬੀ ਕਾਫ਼ੀ ਰੁਤਬੇ ਵਾਲੀ ਹੋ ਗਈ ਸੀ। ਉਹ ਕਦੇ ਚੁੰਨੇ ਨੱਥ ਵਾਲੀ ਅਤੇ ਕਦੇ ਰੋਂਦੀ ਵਿਲਕਦੀ ਭਾਬੀ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਪਰ ਭਾਬੀ ਇਹਨਾਂ ਦੋਹਾਂ 'ਚੋਂ ਕੋਈ ਵੀ ਨਾ ਹੁੰਦੀ ਹੋਈ ਬੇਹੱਦ ਸਮਝਦਾਰ ਰੁਤਬੇਵਾਲੀ ਅਤੇ ਹਰ ਕੰਮ 'ਚ ਕਰਤਾ ਧਰਤਾ ਬਣ ਚੁੱਕੀ ਸੀ। ਭਾਬੀ ਉਹਦੇ ਪਰਤਣ 'ਤੇ ਕਾਫ਼ੀ ਖ਼ੁਸ਼ ਸੀ। ਪਰ ਕਿਸੇ ਗੱਲ 'ਤੇ ਨੋਕ ਝੋਕ ਸਮੇਂ ਉਹਨੂੰ ਤਿੱਖੀਆਂ ਨਜ਼ਰਾਂ ਨਾਲ ਵੀ ਵੇਖ ਲੈਂਦੀ ਸੀ। ਭਾਬੀ ਦੁੱਧ ਮਲਾਈ, ਮੱਕੀ ਦੀ ਰੋਟੀ ਅਤੇ ਸਾਗ ਖੁਆਉਣ ਦੀ ਜ਼ਿਦ ਕਰਦੀ ਰਹੀ ਸੀ ਪਰ ਸੁੱਕੀ ਡਬਲਰੋਟੀ ਖਾਣ ਵਾਲਾ ਉਹ ਕੁਝ ਵੀ ਪਚਾ ਨਹੀਂ ਸਕਿਆ ਸੀ। ਗੁਰੂ ਗਰੰਥ ਸਾਹਿਬ ਦੇ ਪਾਠ ਸਮੇਂ ਉਹ ਕਈ ਘੰਟੇ ਲਗਾਤਾਰ ਹੇਠਾਂ ਨਹੀਂ ਬੈਠ ਸਕਿਆ ਸੀ। ਏਥੇ ਭਾਵੇਂ ਉਹ ਮਜ਼ਦੂਰੀ ਕਰਕੇ ਹੀ ਪੈਸੇ ਕਮਾਉਂਦਾ ਰਿਹਾ ਸੀ, ਪਰ ਉਸਨੂੰ ਕੁਰਸੀ 'ਤੇ ਬੈਠਣ ਦੀ ਆਦਤ ਜਿਹੀ ਪੈ ਗਈ ਸੀ। ਗੁਰੂ ਗਰੰਥ ਸਾਹਿਬ ਸਾਹਮਣੇ ਉਸਦੇ ਹੱਥ ਆਪਣੇ ਆਪ ਜੁੜ ਜਾਂਦੇ ਤੇ ਉਹ ਕਹਿ ਉੱਠਦਾ, "ਵਾਹਿਗੁਰੂ ਜੀ, ਬਾਬਾ ਜੀ! ਬੇਅਦਬੀ ਮੁਆਫ਼ ਕਰੀਂ, ਤੇਰਾ ਨਾਂ ਹੇਠਾਂ ਬੈਠ ਕੇ ਲੈ ਲਿਆ ਕੁਰਸੀ 'ਤੇ ਬੈਠ ਲੈ ਲਿਆ - ਇੱਕੋ ਗੱਲ ਐ।"

ਭਤੀਜੇ ਉਹਨੂੰ ਵੇਖ ਕੁਝ ਹੱਦ ਤੱਕ ਸ਼ਰਮਿੰਦੇ ਹੋਏ ਸਨ। ਉਨ੍ਹਾਂ ਸੋਚਿਆ ਸੀ: ਅਮਰੀਕਾ 'ਚ ਰਹਿਣ ਵਾਲਾ ਚਾਚਾ ਪੂਰਾ ਅੰਗਰੇਜ਼ ਹੋਵੇਗਾ। ਫਟਾਫਟ ਅੰਗਰੇਜ਼ੀ ਬੋਲੇਗਾ ਤੇ ਹਾਸਾ ਮਖੌਲ ਕਰੇਗਾ। ਪਰ ਪਹੁੰਚਿਆ ਸੀ: ਪੰਝਤਾਲੀ ਵਰ੍ਹਿਆਂ ਦਾ ਅੱਧੇ ਚਿੱਟੇ ਵਾਲਾਂ ਵਾਲਾ ਸਿੱਧਾ ਸਾਦਾ ਆਦਮੀ, ਜੋ ਪੈਂਟ ਕਮੀਜ਼ ਪਹਿਨ ਅਤੇ ਥੋੜੀ ਬਹੁਤ ਅੰਗਰੇਜ਼ੀ ਬੋਲਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਜ਼ਿਆਦਾ ਪ੍ਰਭਾਵਿਤ ਨਹੀਂ ਕਰ ਸਕਿਆ ਸੀ। ਭਾਬੀ ਨੂੰ ਵਾਰ ਵਾਰ ਯਾਦ ਕਰਾਉਣਾ ਪੈਂਦਾ ਸੀ ਕਿ ਉਹ ਜੋ ਕੁਝ ਵੀ ਸਨ - ਉਹਦੇ ਕਰਕੇ ਹੀ ਸਨ। ਭਤੀਜੇ ਨਾਰਾਜ਼ ਹੋ ਗਏ ਸਨ ਜਦੋਂ ਉਹਨੇ ਕਿਹਾ ਸੀ "ਚਿੱਟੀ ਪੈਂਟ ਕਮੀਜ਼ ਪਾ ਕੇ ਬਾਬੂਗਿਰੀ ਹੁੰਦੀ ਹੈ, ਅਫ਼ਸਰੀ ਹੁੰਦੀ ਹੈ, ਖੇਤੀ-ਬਾੜੀ ਨਹੀਂ।"

ਉਹਦੇ ਹਮ-ਉਮਰ ਉਹਦੀਆਂ ਕਹਾਣੀਆਂ ਸੁਣ ਪ੍ਰਭਾਵਿਤ ਹੋਏ ਸਨ। ਕਿਵੇਂ ਪੁੱਛਦੇ ਰਹੇ ਸਨ: "ਨਿਰੰਜਣ ਸਿਹਾਂ, ਤੇਰੀ ਉਥੇ ਹਜ਼ਾਰਾਂ ਏਕੜ ਜ਼ਮੀਨ ਹੋਣੀ ਐ। ਕਿੰਨੀਆਂ ਕੋਠੀਆਂ ਨੇ ਤੇਰੀਆਂ? ਗੋਰੀਆਂ ਕਿਸ ਤਰ੍ਹਾਂ ਦੀਆਂ ਹੁੰਦੀਆਂ ਹਨ? ਤੇਰੇ ਅੱਗੇ ਪਿੱਛੇ ਫਿਰਦੀਆਂ ਹੋਣਗੀਆਂ! ਸੁਣਿਆਂ ਉਨ੍ਹਾਂ ਨੂੰ ਕਾਲੇ ਬੜੇ ਪਸੰਦ ਐ, ਖ਼ਾਸ ਕਰ ਜੱਟ!" ਉਹ ਚਾਹੁੰਦਾ ਹੋਇਆ ਵੀ ਇਹ ਨਹੀਂ ਸੀ ਕਹਿ ਸਕਿਆ ਕਿ ਉਹ ਗੋਰਿਆਂ ਦੇ ਬਾਗਾਂ 'ਚ ਕੰਮ ਕਰਦਾ ਸੀ। ਉਸ ਕੋਲ ਇਕ ਵੀ ਵਿੱਘਾ ਜ਼ਮੀਨ ਦਾ ਨਹੀਂ ਸੀ ਅਤੇ ਉਹ 'ਬਾਰਨ' 'ਚ ਰਹਿੰਦਾ ਸੀ। ਇਹ ਤਾਂ ਗਨੀਮਤ ਸੀ ਕਿ ਉਨ੍ਹਾਂ ਦੇ ਪਿੰਡ ਦਾ ਕੋਈ ਹੋਰ ਬੰਦਾ ਉਹਦੇ ਵਾਲੇ ਸ਼ਹਿਰ ਨਹੀਂ ਸੀ। ਬਾਅਦ 'ਚ ਤਾਂ ਕੁਝ ਲੋਕ ਆ ਗਏ ਸਨ। ਫਿਰ ਤਾਂ ਉਹ ਵਾਪਸ ਪਿੰਡ ਗਿਆ ਹੀ ਨਹੀਂ ਸੀ। ਭੈਣਾਂ ਤਾਹਨੇ ਦਿੰਦੀਆਂ ਰਹੀਆਂ ਸਨ: "ਸਾਡੇ ਨਿਆਣੇ ਤੇਰੇ ਕੁਝ ਨਹੀਂ ਲੱਗਦੇ? ਉਨ੍ਹਾਂ ਲਈ ਵੀ ਕੁਝ ਕਰ।" ਪਰ ਉਹ ਪਰਤਦੇ ਸਮੇਂ ਸਾਰੇ ਪੈਸੇ ਭਾਬੀ ਨੂੰ ਦੇ ਆਇਆ ਸੀ ਕਿ ਸਾਰਿਆਂ ਦੀ ਜ਼ਰੂਰਤ ਵੇਖ ਕੇ ਵੰਡ ਦੇਵੀਂ। ਉਹਨੂੰ ਲੱਗਿਆ ਸੀ ਕਿ ਇਕ ਉਹ ਹੀ ਹੈ ਜੋ ਉਹਦਾ ਦੁੱਖ ਦਰਦ ਸਮਝਦੀ ਸੀ। ਉਹਦੇ ਮੁੜ ਆਉਣ ਸਮੇਂ ਉਹ ਕਿੰਨਾ ਰੋਈ ਸੀ। ਕਿੰਨਾ ਗੁੱਸੇ ਹੋਈ ਸੀ ਆਪਣੇ ਮੁੰਡੇ ਕੁੜੀਆਂ ਨਾਲ। ਇਕ ਵਾਰ ਉਹਨੇ ਦੱਬੀ ਜ਼ਬਾਨ ਨਾਲ ਇਹ ਵੀ ਕਿਹਾ ਸੀ: "ਨਿਰੰਜਣਾਂ, ਤੂੰ ਹੁਣ ਵਿਆਹ ਕਰਵਾ ਲੈ। ਸਾਰੇ ਕਹਿੰਦੇ ਐ ਕਿ ਮੈਂ ਆਪਣੇ ਲਾਲਚ ਕਾਰਣ ਤੇਰਾ ਵਿਆਹ ਨਹੀਂ ਹੋਣ ਦਿੰਦੀ।" ਉਸ ਜੁਆਬ ਦਿੱਤਾ ਸੀ: "ਹੁਣ ਬੁੱਢੀ ਉਮਰ 'ਚ ਕੀ ਘੋੜੀ ਚੜ੍ਹਾਂਗੇ। ਹੁਣ ਤਾਂ ਨਿਆਣਿਆਂ ਦੇ ਹੀ ਵਿਆਹ ਹੋਣਗੇ।"

ਪੈਸਿਆਂ ਦੀ ਮੰਗ ਕਦੇ ਘੱਟ ਨਹੀਂ ਸੀ ਹੋਈ। ਕਦੇ ਕਿਸੇ ਦੇ ਵਿਆਹ ਲਈ, ਕਦੇ ਟਰੈਕਟਰ ਲਈ ਅਤੇ ਕਦੇ ਮੁਕੱਦਮੇਂ ਜ਼ਮਾਨਤ ਲਈ। ਉਹ ਕਿਤੇ ਸਮਝਦਾ ਨਹੀਂ ਸੀ ਕਿ ਭਾਬੀ ਆਪਣੇ ਇਲਾਜ ਲਈ ਅਲੱਗ ਪੈਸੇ ਮੰਗਵਾਉਂਦੀ ਅਤੇ ਭਤੀਜੇ ਉਹਦੇ ਇਲਾਜ ਲਈ ਅਲੱਗ। ਉਹ ਸਭ ਸਮਝਦਾ ਸੀ, ਪਰ ਸਭ ਨੂੰ ਚੁੱਪਚਾਪ ਪੈਸੇ ਭੇਜ ਦਿੰਦਾ। ਉਸ ਦਾ ਤਾਂ ਮਨ ਹੀ ਮਰ ਗਿਆ ਸੀ। 'ਵਾਹਿਗੁਰੂ ਜੀ', 'ਵਾਹਿਗੁਰੂ ਜੀ' ਕਹਿ ਉਹ ਗੁਟਕਾ ਚੁੱਕ ਪਾਠ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਜਦੋਂ ਬੰਤਾ ਅਤੇ ਮਲਕਾ ਹੁੰਦੇ ਸੀ, ਉਹ ਤਿੰਨੇ ਮਿਲ ਕੇ ਪਾਠ ਕਰ ਲਿਆ ਕਰਦੇ ਸਨ। ਬੰਤਾ ਵਿਚਾਰਾ ਤਾਂ ਆਪਣੇ ਬਾਗ, ਖੇਤ ਅਤੇ ਮੁਲਕ ਦੀ ਖ਼ਾਹਿਸ਼ ਮਨ 'ਚ ਲੈ ਕੇ ਹੀ ਮਰ ਗਿਆ। ਮਲਕੇ ਨੂੰ ਉਹਦੇ ਰਿਸ਼ਤੇਦਾਰ ਲੈ ਗਏ। ਬੜਾ ਮੌਜੀ ਆਦਮੀ ਸੀ। ਕਿਹਾ ਕਰਦਾ ਸੀ: "ਨਿਰੰਜਣ ਨੂੰ ਇਕ ਬੀਅਰ ਦਿਓ, ਮੌਜ 'ਚ ਆ ਜਾਵੇਗਾ, ਦੋ ਪੀਕੇ ਹੱਲਾ ਗੁੱਲਾ ਕਰੇਗਾ; ਤਿੰਨ ਪੀ ਕੇ ਤਾਂ ਉਹਨੂੰ ਔਰਤ ਚਾਹੀਦਾ ਐ।"

ਹਾਂ, ਪਹਿਲਾਂ ਤਾਂ ਕਦੇ ਕਦੇ ਉਹ ਐਸੀ ਵੈਸੀ ਥਾਂ 'ਤੇ ਚਲਾ ਜਾਂਦਾ। ਭੁੱਖ ਵੀ ਮਿਟਾ ਲੈਂਦਾ ਸੀ। ਪਰ ਜਦੋਂ ਤੋਂ ਬੀਰੂ ਦੀ

ਮੌਤ ਉਸ ਬੀਮਾਰੀ ਨਾਲ ਹੋਈ ਸੀ ਅਤੇ ਉਸ ਬਾਪੂ ਦੇ ਹੱਥਾਂ, ਬਾਗਾਂ ਤੇ ਹਰ ਜਗ੍ਹਾ ਉਸ ਬੀਮਾਰੀ ਦੀ ਛਾਪ ਦੇਖੀ ਸੀ ਉਦੋਂ ਤੋਂ ਉਹ ਉਥੇ ਜਾ ਨਹੀਂ ਸਕਿਆ। ਲੋਕਾਂ ਨੇ ਸਮਝਾਇਆ ਸੀ: "ਨਿਰੰਜਣਾਂ, ਤੂੰ ਐਵੇਂ ਈ ਫ਼ਿਕਰ ਕਰਦੈਂ। ਸ਼ਹਿਰ ਦੇ ਚੰਗੇ ਚੰਗੇ ਲੋਕ ਵੀ ਉਥੇ ਜਾਂਦੇ ਹਨ। ਇਹ ਰੋਗ ਕਿਤੇ ਹੁਣ ਲਾ-ਇਲਾਜ ਰਹਿ ਗਿਆ ਹੈ? ਹੁਣ ਤਾਂ ਕਨੂੰਨ ਹੀ ਏਨੇ ਸਖ਼ਤ ਹਨ ਕਿ ਉਨ੍ਹਾਂ ਵਿਚਾਰੀਆਂ ਨੂੰ ਵੀ ਡਾਕਟਰੀ ਜਾਂਚ ਕਰਾਉਣੀ ਪੈਂਦੀ ਹੈ।" ਪਰ ਉਹ ਫਿਰ ਕਦੇ ਨਹੀਂ ਗਿਆ ਸੀ।

ਕਈ ਮੈਕਸੀਕਣਾਂ ਉਸ 'ਤੇ ਜਾਨ ਦਿੰਦੀਆਂ ਸਨ। 'ਮਾਰੀਆ' ਕਿੰਨੀ ਸੁਹਣੀ ਸੀ। ਸੁਹਣਾ ਖ਼ੂਬਸੂਰਤ ਸਰੀਰ, ਕਾਲੀਆਂ ਅੱਖਾਂ, ਕਾਲੇ ਵਾਲ! ਪਹਿਲੀ ਵਾਰੀ ਜਦੋਂ 'ਬਾਰਨ' 'ਤੇ ਆਈ ਸੀ ਇਕ ਦਮ ਘੁਲ ਮਿਲ ਗਈ ਸੀ। ਉਹਦੇ ਨਾਲ ਸਭ ਕੁਝ ਕਰਨ ਸਮੇਂ ਕਦੇ ਕਦੇ ਭਾਬੀ ਯਾਦ ਆ ਜਾਂਦੀ! ਕਿੰਨੀ ਅਜੀਬ ਗੱਲ ਸੀ ਹੋਰ ਐਰ-ਗ਼ੈਰ ਤੀਵੀਆਂ ਕੋਲ ਜਾਣ ਸਮੇਂ ਕਦੇ ਭਾਬੀ ਦੀ ਯਾਦ ਨਹੀਂ ਆਈ ਸੀ। ਉਹ ਉਹਦੇ ਬਾਰੇ ਪਤਾ ਨਹੀਂ ਕੀ ਕੁਝ ਸੋਚਣ ਲੱਗ ਪਿਆ ਸੀ। ਪਰ ਇਕ ਦਿਨ ਮਾਰੀਆ ਨੇ ਕਿਹਾ ਸੀ: "ਮੈਂ 'ਬਾਰਨ' 'ਚ ਨਹੀਂ ਸੈਂ ਸਕਦੀ, ਕਿੰਨੇ ਕੀੜੇ ਨੇ ਏਥੇ!" ਉਹਨੇ ਸੋਚਿਆ ਸੀ ਕਿ ਮਾਰੀਆ ਨਾਲ ਵਿਆਹ ਦਾ ਅਰਥ ਹੈ, ਬੱਸ ਏਥੋਂ ਦਾ ਹੀ ਹੋ ਜਾਣਾ, ਫਿਰ ਕਦੇ ਦੇਸ਼ ਨਹੀਂ ਪਰਤ ਸਕਣਾ। ਬਾਅਦ ਵਿਚ ਮਾਰੀਆ ਦਾ ਵਿਆਹ ਅਨਟੋਨੀਓ ਨਾਲ ਹੋ ਗਿਆ ਸੀ।

ਨਿਰੰਜਣ ਦਾ ਮਨ ਉਸ ਦਿਨ ਭਟਕ ਰਿਹਾ ਸੀ। ਕਿਤੇ ਦਾ ਕਿਤੇ ਪਹੁੰਚ ਜਾਂਦਾ। ਕਦੇ ਬਚਪਨ ਦੀ ਕੋਈ ਗੱਲ ਚੇਤੇ ਆਉਂਦੀ ਕਦੇ ਜਵਾਨੀ ਦੀ। ਪਿਛਲੀ ਵਾਰੀ ਕਿਸੇ ਨੇ ਕਿਹਾ ਸੀ: "ਕਿਉਂ ਤੂੰ ਐਵੇਂ ਆਪਣੀ ਜ਼ਿੰਦਗੀ ਖ਼ਰਾਬ ਕਰ ਰਿਹੈਂ। ਉਥੇ ਤੇਰੇ ਭਤੀਜੇ ਅਫ਼ੀਮ ਗਾਂਜਾ ਸਭ ਕੁਝ ਛਕਦੇ ਹਨ। ਤੇਰੇ ਪੈਸੇ 'ਤੇ ਐਸ਼ ਕਰਦੇ ਐ ਐਸ਼!" ਉਹਨੇ ਜੁਆਬ ਦਿੱਤਾ ਸੀ: "ਨਿਆਣੇ ਮੇਰੇ ਹੁੰਦੇ ਐਸ਼ ਨਹੀਂ ਕਰਨਗੇ ਤਾਂ ਕਦੋਂ ਕਰਨਗੇ।" ਨਾ ਜਾਣੇ ਕੀ ਗੱਲ ਸੀ ਆਪਣੇ 'ਤੇ ਉਹ ਕਦੇ ਵੀ ਖਰਚ ਨਹੀਂ ਕਰ ਸਕਿਆ ਸੀ। ਭੈਣਾਂ ਨੂੰ ਵੀ ਉਹ ਕਦੇ ਕੁਝ ਨਾ ਭੇਜਦਾ। ਜਿਵੇਂ ਵਾਹਿਗੁਰੂ ਦਾ ਸਰਾਪ ਹੋਵੇ ਕਿ ਉਹਦੀ ਸਾਰੀ ਕਮਾਈ ਉਹਦੇ ਭਤੀਜਿਆਂ ਨੇ ਹੀ ਖਾਣੀ ਸੀ। ਉਸ ਕਦੇ ਕੋਈ ਫ਼ਜ਼ੂਲ ਖਰਚ ਨਹੀਂ ਕੀਤਾ ਸੀ। ਇਸ ਉਮਰ 'ਚ ਵੀ ਕਦੇ ਟੈਕਸੀ ਨਹੀਂ ਲਈ ਸੀ। ਬੱਸ 'ਚ ਹੀ ਸਫ਼ਰ ਕਰਦਾ ਰਿਹਾ ਸੀ। ਇਹ ਤਾਂ ਮਾਸਟਰ ਹੀ ਉਹਨੂੰ ਜ਼ਬਰਦਸਤੀ ਏਥੇ ਲੈ ਆਇਆ ਸੀ। ਕਹਿਣ ਲੱਗਾ "ਚਾਚਾ, ਸਾਰੀ ਉਮਰ ਤੂੰ ਸੁਆਹ ਖੇਹ ਖਾ ਕੇ ਲੰਘਾ ਦਿੱਤੀ। ਘੱਟੋ ਘੱਟ ਮਰ ਤਾਂ ਸਾਫ਼ ਸੁਥਰੀ ਥਾਂ 'ਤੇ।" "ਮਰਨ ਦਾ ਕੀ ਹੈ- ਮਿੱਟੀ 'ਚ ਮਿੱਟੀ ਮਿਲ ਗਈ, ਮਿੱਟੀ ਦਾ ਕੀ ਸਾਹ?" ਉਹ ਸੋਚਦਾ ਸੀ। ਸ਼ਾਇਦ ਮਾਸਟਰ ਨਾਰਾਜ਼ ਹੋ ਗਿਆ ਸੀ। ਕਹਿਣ ਲੱਗਾ: "ਚਾਚਾ ਤੂੰ ਵਸੀਅਤ ਲਿਖਦਾ ਏ ਅਤੇ ਪੰਜ ਛੇ ਸੌ ਡਾਲਰ ਜਮ੍ਹਾਂ ਕਰਦਾ ਏ। ਤੇਰਾ ਨਜ਼ਦੀਕੀ ਮੈਂ ਹੀ ਹਾਂ, ਨਹੀਂ ਤਾਂ ਸਭ ਕੁਝ ਮੈਨੂੰ ਈ ਕਰਨਾ ਪਏਗਾ।" ਨਿਰੰਜਣ ਸਿੰਘ ਨੇ ਜਿਉਂਦੇ ਜੀਅ ਆਪਣੇ 'ਤੇ ਕੋਈ ਖਰਚ ਨਹੀਂ ਕੀਤਾ ਸੀ ਅਤੇ ਉਹਦੇ ਮਰਨ ਬਾਅਦ ਉਹਦੀ ਲਾਸ਼ 'ਤੇ ਛੇ ਸੌ ਡਾਲਰ? ਇਹ ਗੱਲ ਉਹਦੇ ਦਿਮਾਗ 'ਚ ਨਹੀਂ ਬੈਠ ਰਹੀ ਸੀ। ਉਹਨੇ ਸੋਚਿਆ ਪਾਰਸੀ ਲੋਕ ਚੰਗੇ ਹਨ ਜਿਹੜੇ ਲਾਸ਼ ਨੂੰ ਚੀਲ੍ਹਾਂ, ਗਿੱਧਾਂ ਅੱਗੇ ਸੁੱਟ ਦਿੰਦੇ ਹਨ। ਕੁਝ ਤਾਂ ਫ਼ਾਇਦਾ ਹੁੰਦਾ ਹੈ ਬੰਦੇ ਦੇ ਸਰੀਰ ਦਾ। ਕੋਈ ਮੇਰੀ ਜਾਨ ਪਿੱਛੇ ਛੇ ਸੌ ਡਾਲਰ ਲਾਏ। ਫਿਰ ਉਸ ਸੋਚਿਆ: ਮਰਨ ਲਈ ਪਿੰਡ ਹੀ ਕਿਉਂ ਨਾ ਚਲਾ ਜਾਵੇ। ਪਰ ਉਸੇ ਪਲ ਉਸ ਸੋਚਿਆ ਸੀ ਕਿ ਉਹ ਕਿਸੇ ਦਾ ਮੁਥਾਜ ਕਿਉਂ ਬਣੇ? ਆਪਣੇ ਵਤਨ 'ਚੋਂ ਤਾਂ ਉਸ ਦਾ ਅੰਨ-ਪਾਣੀ ਕਦੋਂ ਦਾ ਮੁੱਕ ਚੁੱਕਾ ਸੀ!

ਫਿਰ ਉਹਨੇ ਪਤਾ ਕਰ ਲਿਆ ਕਿ ਜਿਨ੍ਹਾਂ ਦਾ ਕੋਈ ਵਾਲੀ ਵਾਰਸ ਨਹੀਂ ਹੁੰਦਾ, ਉਨ੍ਹਾਂ ਨੂੰ ਜਲਾਉਣ ਦਾ ਕੰਮ ਸਰਕਾਰ ਕਰ ਦਿੰਦੀ ਹੈ। ਉਹਦੇ ਮਨ 'ਚ ਇਕ ਦਰਦ ਜਿਹਾ ਉੱਠਿਆ ਸੀ - ਉਹਦਾ ਕੋਈ ਵਾਰਸ ਨਹੀਂ। ਫਿਰ ਨਿਰਲੇਪ ਭਾਵ ਨਾਲ ਆਪਣੇ ਆਪ ਨੂੰ ਸਮਝਾਇਆ: "ਡਰ ਦਾ ਕੀ ਐ? ਦੋਸਤ, ਰਿਸ਼ਤੇਦਾਰ ਨਾ ਜਲਾਉਣ, ਸਰਕਾਰ ਜਲਾ ਦੇਵੇ।" ਮਾਸਟਰ ਦੁਖੀ ਹੋਇਆ ਸੀ। ਕਹਿਣ ਲੱਗਾ: "ਚਾਚਾ, ਮੈਂ ਇਸ ਤਰ੍ਹਾਂ ਨਹੀਂ ਹੋਣ ਦਿਆਂਗਾ। ਤੂੰ ਆਪਣੇ ਆਪ ਜੇ ਕੁਝ ਨਹੀਂ ਕਰਨਾ ਤਾਂ ਨਾ ਕਰ- ਮੈਂ ਸਭ ਕੁਝ ਕਰੂੰਗਾ।" ਇਹ ਸੁਣਦਿਆਂ ਹੀ ਉਹ ਅੱਗ ਬਗੂਲਾ ਹੋ ਉੱਠਿਆ ਸੀ: "ਮੈਂ ਜਿਉਂਦੇ ਜੀਅ ਕਿਸੇ ਦਾ ਅਹਿਸਾਨ ਨਹੀਂ ਲਿਆ ਤਾਂ ਮਰਨ ਬਾਅਦ ਕਿਉਂ ਲਵਾਂ? ਮੇਰੇ ਮਰਨ 'ਤੇ ਕੋਈ ਮੇਰੇ ਲਈ ਕੁਝ ਨਹੀਂ ਕਰੇਗਾ। ਮੇਰਾ ਕੋਈ ਰਿਸ਼ਤੇਦਾਰ, ਦੋਸਤ ਨਹੀਂ– ਸਰਕਾਰ ਚਾਹੇ ਮੈਨੂੰ ਜਲਾਵੇ ਦਫ਼ਨਾਵੇ ਜਾਂ ਕਾਵਾਂ ਕੁੱਤਿਆਂ ਨੂੰ ਪਾ ਦੇਵੇ।"

ਮਾਸਟਰ ਫਿਰ ਦੁਖੀ ਹੋ ਕਹਿਣ ਲੱਗਾ: "ਚਾਚਾ, ਤੇਰੇ ਦਿਲ ਦਾ ਵੀ ਕੁਝ ਪਤਾ ਨਹੀਂ ਲੱਗਦਾ। ਕਿਸੇ ਲਈ ਤੂੰ ਬਾਦਸ਼ਾਹ ਐਂ ਤੇ ਕਈਆਂ ਲਈ ਫ਼ਕੀਰ! ਭੈਣਾਂ ਨੂੰ ਤੂੰ ਫੁੱਟੀ ਕੌਡੀ ਨਹੀਂ ਭੇਜਦਾ। ਆਪਣੇ 'ਤੇ ਦਸ ਡਾਲਰ ਨਹੀਂ ਖਰਚ ਸਕਦਾ। ਇਥੇ ਕਿਸੇ ਨੂੰ ਤੂੰ ਇਕ ਬੀਅਰ ਪਿਲਾ ਕੇ ਰਾਜ਼ੀ ਨਹੀਂ। ਉਸ ਦਿਨ ਮੈਂ ਕਿਹਾ ਤੇਰੇ ਕੋਲ ਕਾਫ਼ੀ ਥਾਂ ਐ- ਮੇਰਾ ਇਕ ਦੋਸਤ ਕੈਨੇਡਾ ਤੋਂ ਆ ਰਿਹੈ, ਤੇਰੇ ਕੋਲ ਰਹਿ ਪਏ। ਤੂੰ ਇਕ ਦਮ ਮੁੱਕਰ ਗਿਆ ਅਖੇ 'ਇਹ ਅਮਰੀਕਾ ਐ, ਏਥੇ ਕੋਈ ਕਿਉਂ ਕਿਸੇ ਦੇ ਰਹੇ? ਹੋਟਲ ਮੋਟਲ ਕਾਹਦੇ ਲਈ ਆ।"

ਉਹਦੇ ਦੇਖਦੇ ਦੇਖਦੇ ਸਾਰਾ ਸ਼ਹਿਰ ਬਦਲ ਗਿਆ ਸੀ। ਪੰਜਾਬੀਆਂ ਦਾ ਹੀ ਰਾਜ ਸੀ। ਕਿੰਨੇ ਹੀ ਬਾਗਾਂ, ਕੋਠੀਆਂ ਵਾਲੇ ਹੋ ਗਏ ਸਨ। ਗੁਰਦੁਆਰਾ ਕਿੰਨਾ ਵਧੀਆ ਬਣ ਗਿਆ ਸੀ। ਕਿੰਨੇ ਅਮਰੀਕਣ ਸਿੰਘ ਸਜ ਗਏ ਸਨ। ਬੱਚੇ ਕਿਵੇਂ ਅੰਗਰੇਜ਼ ਬਣ ਗਏ ਸਨ, ਕਿੰਨੀ ਸਾਫ਼ ਅੰਗਰੇਜ਼ੀ ਬੋਲਦੇ ਸਨ। ਕਈਆਂ ਦੇ ਤਲਾਕ ਹੋਣ ਲੱਗ ਪਏ ਸਨ। "ਵਾਹਿਗੁਰੂ ਜੀ, ਕਲਯੁਗ ਹੈ ਕਲਯੁਗ! ਜੱਟਾਂ ਦੀਆਂ ਕੁੜੀਆਂ ਅਮਰੀਕਨਾਂ ਨਾਲ ਰਹਿਣ ਲੱਗ ਪਈਆਂ ਹਨ।" ਉਸ ਮਨ 'ਚ ਕਿਹਾ।

ਉਸੇ ਵੇਲੇ ਮਾਸਟਰ ਆ ਗਿਆ। "ਚਾਚਾ ਤੇਰੀ ਚਿੱਠੀ ਆਈ ਐ। ਇਹ ਮੇਰੇ ਬੜੇ ਚੰਗੇ ਦੋਸਤ ਹਨ, ਬਾਸਟਨ ਤੋਂ ਆਏ ਹਨ।" ਉਸ ਆਪਣੇ ਨਾਲ ਆਏ ਇਕ ਬੰਦੇ ਨਾਲ ਜਾਣ-ਪਛਾਣ ਕਰਾਈ। ਨਿਰੰਜਣ ਸਿੰਘ ਬਹੁਤ ਖੁਸ਼ ਹੋ ਗਿਆ ਅਤੇ ਹਰ ਰੋਜ਼ ਤੋਂ ਜ਼ਿਆਦਾ ਦਰਿਆ ਦਿਲ ਹੋ ਕੇ ਕਹਿਣ ਲੱਗਾ: "ਇਹਨਾਂ ਨੂੰ ਬੀਅਰ ਪਿਲਾਓ, ਨਸ਼ਾ ਨੁਸ਼ਾ ਕਰਾਓ। ਫਿਰ ਕਾਕਾ ਚਿੱਠੀ ਤਾਂ ਸੁਣਾ।" ਉਸ ਮਾਸਟਰ ਨੂੰ ਕਿਹਾ। "ਚਾਚਾ ਤੇਰੀ ਨੂੰਹ ਸੁਣਾਉਂਦੀ ਐ।" ਮਾਸਟਰ ਬੋਲਿਆ।

ਨਿਰੰਜਣ ਸਿੰਘ ਨੇ ਦੇਖਿਆ: ਪਹਿਲਾਂ ਵਾਲੀ ਮਿੱਠੀ ਸਾਦੀ ਨੂੰਹ ਦੀ ਥਾਂ 'ਤੇ ਫੈਸ਼ਨੇਬਲ ਕੱਟੇ ਵਾਲਾਂ ਵਾਲੀ ਚੁਸਤ ਨੂੰਹ ਬੈਠੀ ਸੀ ਜੋ ਰੁਕ ਰੁਕ ਕੇ ਬੜੇ ਸਲੀਕੇ ਵਾਲੀ ਪੰਜਾਬੀ ਵਿਚ ਚਿੱਠੀ ਪੜ੍ਹ ਰਹੀ ਸੀ: "ਤੁਹਾਡਾ ਖ਼ਤ ਮਿਲ ਗਿਆ ਸੀ ਅਤੇ ਪੈਸੇ ਵੀ। ਛੋਟੇ ਦਾ ਵਿਆਹ ਤੀਹ ਤਰੀਕ ਦਾ ਸੀ, ਪਰ ਉਹਦੇ ਸਹੁਰੇ ਦਾ ਭਰਾ ਗੁਜ਼ਰ ਗਿਆ ਹੈ। ਹੁਣ ਵਿਆਹ ਅਗਲੇ ਸਾਲ ਦਾ ਕਰ ਦਿੱਤਾ ਹੈ। ਸਭ ਕੁਝ ਤੁਹਾਡੀ ਮਰਜ਼ੀ ਮੁਤਾਬਕ ਹੀ ਕਰਾਂਗੇ। ਆਪਣੀ ਸੇਹਤ ਦਾ ਖ਼ਿਆਲ ਰੱਖਣਾ। ਫ਼ਸਲਾਂ ਠੀਕ ਨੇ। ਟਰੈਕਟਰ

(ਬਾਕੀ ਸਫ਼ਾ 6)

# HIMALAYA RESTAURANT LTD.

6595 Main Street
Phone: 324-6514

2313 Main Street, (LICENSED PREMISES)
Phone: 876-2911

VANCOUVER, B.C.




KEWAL SINGH PABLA


# PABLA'S VIKING INN

**828 East Hastings**

**Call 324 - 6514**




JAGMOHAN SINGH PABLA


**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

# ਮਠਿਆਈ ਦੀ ਮਸ਼ਹੂਰ ਦੁਕਾਨ





# RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

# HARJIT JUDGE

BUS. 463-9523 RES. 462-2371

Let me look after all your Insurance Needs:

PERSONAL: Fire, Auto, Motor, Tenant Package

LIFE INSURANCE: Mortgage, Disability and Accident & Sickness.

COMMERCIAL: Bonding, Liability, Fires, Crime, Apartment Buildings, Retail Stores, Offices, Machinery, Boilers.





# Millwoods Hair Stylists (Unisex)

SPECIALIZED IN:

i) Haircut ii) Blow Dry iii) Colour
iv) Perms v) Henna vi) French Braids

PHONE:

# DARSHAN DHILLON

FOR APPOINTMENT (463-5012)

# ਵੈਨਕੂਵਰ ਸੱਥ ਦਾ ਦੂਜਾ ਸਭਿਆਚਾਰਕ ਅਤੇ ਸਾਹਿਤਕ ਪ੍ਰੋਗਰਾਮ

ਵੈਨਕੂਵਰ ਸੱਥ ਨੇ 16 ਨਵੰਬਰ ਨੂੰ ਡੇਵਿਡ ਥਾਂਪਸਨ ਸਕੂਲ ਵੈਨਕੂਵਰ ਵਿਚ ਆਪਣਾ ਦੂਜਾ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਵਿਚ ਗੀਤ, ਭੰਗੜਾ ਅਤੇ ਦੋ ਨਾਟਕ ਪੇਸ਼ ਕੀਤੇ ਗਏ।

ਪ੍ਰੋਗਰਾਮ ਭਾਰਤ ਦੇ ਮਸ਼ਹੂਰ ਸ਼ਾਇਰ ਬਿਸਮਿਲ ਦੇ ਗੀਤ ਨਾਲ ਸ਼ੁਰੂ ਕੀਤਾ ਗਿਆ। ਇਹ ਗੀਤ ਸੱਜਣ ਬੈਂਸ, ਸੁਖਵਿੰਦਰ ਲਾਲੀ, ਬਲਵਿੰਦਰ ਰੋਡੇ, ਇੰਦਰਜੀਤ ਰੋਡੇ ਅਤੇ ਪਾਲ ਬਿਨਿੰਗ ਨੇ ਬਹੁਤ ਹੀ ਜੋਸ਼ੀਲੀਆਂ ਅਤੇ ਸੁਰੀਲੀਆਂ ਆਵਾਜ਼ਾਂ ਵਿਚ ਪੇਸ਼ ਕੀਤਾ।

ਇਸ ਪ੍ਰੋਗਰਾਮ ਦਾ ਪਹਿਲਾ ਨਾਟਕ 'ਹਵਾਈ ਗੋਲੇ' ਪੰਜਾਬੀ ਦੇ ਉਘੇ ਨਾਟਕਕਾਰ ਸਰਦਾਰ ਗੁਰਸ਼ਰਨ ਸਿੰਘ ਹੋਰਾਂ ਦਾ ਲਿਖਿਆ ਹੋਇਆ ਸੀ। ਇਸ ਨਾਟਕ ਵਿਚ ਲੇਖਕ ਨੇ ਖੂਬਸੂਰਤੀ ਤੇ ਬਰੀਕੀ ਨਾਲ ਭਾਰਤ ਵਿਚਲੇ ਪਾਰਲੀਮੈਂਟਰੀ ਢਾਂਚੇ ਦਾ ਪੋਲ ਖੋਲ੍ਹਿਆ ਹੈ। ਦੁਨੀਆਂ ਵਿਚ 'ਸਭ ਤੋਂ ਵੱਡੀ ਡੈਮੋਕਰੇਸੀ' ਕਰਕੇ ਜਾਣਿਆ ਜਾਂਦਾ ਭਾਰਤ ਵਿਚਲਾ ਇਹ ਢਾਂਚਾ ਅਸਲ ਵਿਚ ਕਿੰਨਾ ਖੋਖਲਾ ਅਤੇ ਕੁਰੱਪਟ ਹੈ। ਸਰਕਾਰ ਰਿਸ਼ਵਤਖੋਰੀ ਖਤਮ ਕਰਨ ਦੀ ਬਜਾਇ ਖੁਦ ਉਸ ਨੂੰ ਵਧਾਉਂਦੀ ਹੈ। ਸਮੇਂ ਸਮੇਂ ਪੈਂਦੇ ਕਾਲਾਂ ਲਈ ਸਰਕਾਰ ਖੁਦ ਜ਼ਿੰਮੇਂਵਾਰ ਹੈ। ਪਰ ਆਪਣੀ ਅਸਲੀਅਤ ਤੇ ਪਰਦਾ ਪਾਉਣ ਲਈ ਸਰਕਾਰ ਤੇ ਆਪੋਜ਼ੀਸ਼ਨ ਪਾਰਟੀਆਂ ਬੜੀਆਂ ਵੱਡੀਆਂ ਵੱਡੀਆਂ ਬਹਿਸਾਂ ਕਰਦੀਆਂ ਹਨ। ਪਾਰਲੀਮੈਂਟ ਵਿਚ ਚਲਦੀਆਂ ਇਹ ਬਹਿਸਾਂ ਫੋਕੇ, ਹਵਾਈ ਗੋਲਿਆਂ ਤੋਂ ਵੱਧ ਕੁਝ ਵੀ ਨਹੀਂ। ਇਸ ਸਚਾਈ ਨੂੰ ਇਹ ਨਾਟਕ ਕਾਮਯਾਬੀ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਦਾ ਹੈ। ਇਸ ਨਾਟਕ ਨੂੰ ਪੇਸ਼ ਕਰਨ ਵਿਚ ਸੱਥ ਦੇ ਇਹਨਾਂ ਕਲਾਕਾਰਾਂ ਨੇ ਭਾਗ ਲਿਆ : ਬਲਵਿੰਦਰ ਰੋਡੇ, ਭਵਖੰਡਨ, ਮੱਖਣ ਟੁੱਟ, ਪਾਲ ਬਿਨਿੰਗ, ਇੰਦਰਜੀਤ ਰੋਡੇ, ਜਗਦੀਸ਼ ਬਿਨਿੰਗ ਤੇ ਸੁਖਵੰਤ ਹੁੰਦਲ।

ਇਸ ਪ੍ਰੋਗਰਾਮ ਦਾ ਦੂਜਾ ਨਾਟਕ 'ਪਿਕਟ ਲਾਈਨ' ਸੱਥ ਦੇ ਲੇਖਕ ਮੈਂਬਰਾਂ ਸਾਧੂ ਅਤੇ ਸੁਖਵੰਤ ਹੁੰਦਲ ਨੇ ਰਲ ਕੇ ਲਿਖਿਆ। ਪੰਜਾਬ ਤੋਂ ਆਉਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਸਿਰਫ ਫਾਰਮਾਂ ਵਿਚ ਹੀ ਕੰਮ ਮਿਲਦਾ ਹੈ। ਫਾਰਮਾਂ ਵਿਚ ਕੰਮ ਕਰਨ ਵਾਲਿਆਂ ਨੂੰ ਜਿਥੇ ਜਿਸਮਾਨੀ ਤੌਰ 'ਤੇ ਔਖਾ ਕੰਮ ਕਰਨਾ ਪੈਂਦਾ ਹੈ ਉਥੇ ਨਾਲ ਨਾਲ ਫਾਰਮਰਾਂ ਤੇ ਠੇਕੇਦਾਰ ਦੀ ਲੁੱਟ ਦਾ ਵੀ ਸ਼ਰੇਆਮ ਸ਼ਿਕਾਰ ਹੋਣਾ ਪੈਂਦਾ ਹੈ। ਇਹ ਠੇਕੇਦਾਰ ਤੇ ਫਾਰਮਰ ਵੀ ਬਹੁਤੇ ਪੰਜਾਬੀ ਹੀ ਹਨ। ਇਹ 'ਚੌਧਰੀ' ਕੈਨੇਡਾ ਵਰਗੇ ਸਨਅਤੀ ਤੌਰ 'ਤੇ ਤਰੱਕੀ ਕਰ ਚੁੱਕੇ ਮੁਲਕ ਵਿਚ ਵੀ ਖੇਤ-ਮਜ਼ਦੂਰਾਂ ਨਾਲ ਗੁਲਾਮਾਂ ਵਾਲਾ ਸਲੂਕ ਕਰਦੇ ਹਨ। ਇਹਨਾਂ ਹਾਲਤਾਂ ਤੋਂ ਤੰਗ ਆ ਕੇ ਕੁਝ ਖੇਤ-ਮਜ਼ਦੂਰ ਔਰਤਾਂ ਇਹਨਾਂ ਵਿਰੁੱਧ ਲੜਨ ਦਾ ਫੈਸਲਾ ਕਰਦੀਆਂ ਹਨ। ਫਾਰਮਰ ਉਹਨਾਂ ਨੂੰ ਰੋਕਣ ਲਈ ਆਪਣਾ ਤਾਣ ਲਾਉਂਦਾ ਹੈ। ਇਸ ਨਾਟਕ ਵਿਚ ਮਾਲਕਾਂ ਤੇ ਕਾਮਿਆਂ ਦੀ ਇਸ ਟੱਕਰ ਨੂੰ ਪੇਸ਼ ਕਰਨ ਦਾ ਜਤਨ ਕੀਤਾ ਗਿਆ।

ਇਸ ਨਾਟਕ ਨੂੰ ਪੇਸ਼ ਕਰਨ ਵਾਲਿਆਂ ਵਿਚ ਕਈ ਕਲਾਕਾਰ ਪਹਿਲੀ ਵਾਰੀ ਹੀ ਸਟੇਜ ਉਪਰ ਗਏ ਸਨ। ਨਾਟਕ ਦੇ ਲੇਖਕਾਂ ਦਾ ਵੀ ਇਸ ਖੇਤਰ ਵਿਚ ਪਹਿਲਾਂ ਕੋਈ ਤਜਰਬਾ ਨਹੀਂ ਸੀ। ਇਹੋ ਜਿਹੀਆਂ ਕਈ ਹੋਰ ਤਰੁੱਟੀਆਂ ਦੇ ਬਾਵਜੂਦ ਸਰੋਤਿਆਂ ਦੇ ਪ੍ਰਤੀਕਰਮ ਤੋਂ ਜਾਂਚਿਆ ਇਹ ਨਾਟਕ ਬਹੁਤ ਹੀ ਕਾਮਯਾਬ ਰਿਹਾ। ਨਾਟਕ ਦੇ ਪੰਤਾਲੀ ਮਿੰਟਾਂ ਦੌਰਾਨ ਸਰੋਤਿਆਂ ਨੇ ਪੈਂਤੀ ਵਾਰੀ ਤਾੜੀਆਂ ਤੇ ਹਾਸਿਆਂ ਨਾਲ ਆਪਣਾ ਪ੍ਰਤੀਕਰਮ ਪੇਸ਼ ਕੀਤਾ। ਹਰਜਿੰਦਰ ਸੰਘੇੜਾ ਤੇ ਰਸ਼ਪਾਲ ਜਿਹੜੀਆਂ ਕਿ ਪਹਿਲੀ ਵਾਰੀ ਹੀ ਸਟੇਜ ਤੇ ਗਈਆਂ ਸਨ, ਦੋਹਾਂ ਨੇ ਬਹੁਤ ਹੀ ਵਧੀਆ ਅਦਾਕਾਰੀ ਪੇਸ਼ ਕੀਤੀ। ਮੱਖਣ ਟੁੱਟ ਫਾਰਮਰ ਦੇ ਰੂਪ ਵਿਚ ਬਹੁਤ ਕਾਮਯਾਬ ਰਿਹਾ। ਬਾਕੀ ਦੇ ਸਾਰੇ ਕਲਾਕਾਰਾਂ ਨੇ ਆਪੋ ਆਪਣੇ ਰੋਲ ਬਹੁਤ ਕਾਮਯਾਬੀ ਤੇ ਖੂਬਸੂਰਤੀ ਨਾਲ ਨਿਭਾਏ। ਇਸ ਨਾਟਕ ਵਿਚ ਹਿੱਸਾ ਲੈਣ ਵਾਲੇ ਕਲਾਕਾਰ ਸਨ : ਰਸ਼ਪਾਲ, ਅੰਜੂ ਹੁੰਦਲ, ਹਰਜਿੰਦਰ ਸੰਘੇੜਾ, ਜਗਦੀਸ਼ ਬਿਨਿੰਗ, ਇੰਦਰਜੀਤ ਰੋਡੇ, ਜੱਸ ਬਿਨਿੰਗ, ਸੁਖਵੰਤ ਹੁੰਦਲ, ਮੱਖਣ ਟੁੱਟ, ਗੁਰਚਰਨ ਟੱਲੇਵਾਲੀਆ, ਬਲਵਿੰਦਰ ਰੋਡੇ ਅਤੇ ਅਮਨਪਾਲ ਸਾਰਾ।

ਇਸ ਨਾਟਕ ਦੇ ਦੌਰਾਨ ਅਤੇ ਖਤਮ ਹੋਣ ਬਾਅਦ ਸਰੋਤਿਆਂ ਦੇ ਚੇਹਰਿਆਂ ਤੋਂ ਜਾਪਦਾ ਸੀ ਕਿ ਉਹਨਾਂ ਨੇ ਨਾਟਕ ਨੂੰ ਬੇਹੱਦ ਪਸੰਦ ਕੀਤਾ। ਇਸ ਦਾ ਕਾਰਨ ਨਾਟਕ ਦੇ ਵਿ ਸ਼ੇ ਅਤੇ ਵਿਚ ਵਰਤੀ ਗਈ ਬੋਲੀ ਤੋਂ ਸਰੋਤਿਆਂ ਦਾ ਪੂਰੀ ਤਰ੍ਹਾਂ ਜਾਣੂ ਹੋਣਾ ਹੈ। ਫਾਰਮਾਂ ਵਿਚ ਆਉਂਦੀਆਂ ਮੁਸ਼ਕਲਾਂ ਤੋਂ ਇਥੇ ਵਸੰਦਾ ਹਰ ਪੰਜਾਬੀ ਭਲੀ ਭਾਂਤ ਜਾਣੂ ਹੈ। ਲੋਕਾਂ ਦੀਆਂ ਮੁਸ਼ਕਲਾਂ ਨੂੰ, ਲੋਕਾਂ ਦੇ ਘੋਲਾਂ ਨੂੰ ਲੋਕਾਂ ਦੀ ਬੋਲੀ ਵਿਚ ਪੇਸ਼ ਕਰਨਾ ਹੀ ਚੰਗਾ ਸਾਹਿਤ ਹੁੰਦਾ ਹੈ, ਲੋਕਾਂ ਦਾ ਸਾਹਿਤ ਹੁੰਦਾ ਹੈ। ਇਸ ਪੱਖੋ ਨਾਟਕ 'ਪਿਕਟ ਲਾਈਨ' ਇਕ ਬਹੁਤ ਵਧੀਆ ਸਾਹਿਤਕ ਕਿਰਤ ਹੋ ਨਿਬੜੀ ਹੈ। ਤੇ ਲੋਕ ਹਮੇਸ਼ਾਂ ਆਪਣੀ ਚੀਜ਼ ਪਛਾਨਣ 'ਚ ਮਾਹਿਰ ਹੁੰਦੇ ਹਨ। ਉਹਨਾਂ ਨੇ ਇਸ ਨਾਟਕ ਨੂੰ ਆਪਣਾ ਸਮਝ ਕੇ ਮਾਣਿਆ। ਇਸ ਪ੍ਰਤੀਕਰਮ ਤੋਂ ਇਹ ਗੱਲ ਇਕ ਵਾਰ ਫੇਰ ਸਾਫ ਹੋ ਜਾਂਦੀ ਹੈ ਕਿ ਨਾਟਕ ਨੂੰ ਨਾ ਸਮਝਣ ਤੇ ਮਾਨਣ ਵਿਚ ਹਮੇਸ਼ਾਂ ਸਰੋਤਿਆਂ ਦਾ ਹੀ ਕਸੂਰ ਨਹੀਂ ਹੁੰਦਾ। ਜੇ ਉਹਨਾਂ ਦੇ ਜੀਵਨ ਨੂੰ ਠੀਕ ਤਰੀਕੇ ਨਾਲ ਪੇਸ਼ ਕੀਤਾ ਜਾਵੇ ਤਾਂ ਉਹ ਜ਼ਰੂਰ ਅਨੰਦ ਮਾਣਦੇ ਹਨ ਤੇ ਉਹਨੂੰ ਸਮਝਦੇ ਹਨ। ਸਾਧੂ ਤੇ ਸੁਖਵੰਤ ਹੁੰਦਲ ਇਸ ਵਧੀਆ ਲਿਖਤ ਲਈ ਤੇ ਸੱਥ ਦੇ ਮੈਂਬਰ ਇਸ ਨੂੰ ਪੇਸ਼ ਕਰਨ ਲਈ ਵਧਾਈ ਦੇ ਹੱਕਦਾਰ ਹਨ।

ਇਸ ਤੋਂ ਬਿਨਾਂ ਪ੍ਰੋਗਰਾਮ ਵਿਚ ਚਾਰ ਪੰਜ ਹੋਰ ਗਰੁੱਪ-ਸੌਂਗ ਪੇਸ਼ ਕੀਤੇ ਗਏ। ਕੁਝ ਗੀਤ ਸੱਜਣ ਬੈਂਸ ਤੇ ਸੁਖਵਿੰਦਰ ਲਾਲੀ ਨੇ ਇਕੱਲਿਆਂ ਪੇਸ਼ ਕੀਤੇ। ਇਹਨਾਂ ਗੀਤਾਂ ਦੀ ਪੇਸ਼ਕਾਰੀ ਸਮੇਂ ਇਥੋਂ ਦੇ ਉਘੇ ਕਲਾਕਾਰ ਪਿਆਰੇ ਲਾਲ ਨੇ ਢੋਲਕ ਤੇ ਸਾਥ ਦਿਤਾ।

ਪ੍ਰੋਗਰਾਮ ਦੇ ਦੌਰਾਨ ਮੱਖਣ ਟੁੱਟ ਨੇ ਸੱਥ ਵਲੋਂ ਭਾਰਤ ਦੇ ਮੌਜੂਦਾ ਹਾਲਤਾਂ ਉਪਰ ਵਿਚਾਰ ਪੇਸ਼ ਕੀਤੇ ਅਤੇ ਸੱਥ ਵਲੋਂ ਮਤਾ ਪੇਸ਼ ਕੀਤਾ ਜਿਹਦੇ ਬਾਰੇ ਸਰੋਤਿਆਂ ਨੇ ਤਾੜੀਆਂ ਮਾਰ ਕੇ ਆਪਣੀ ਸਹਿਮਤੀ ਜ਼ਾਹਿਰ ਕੀਤੀ। ਮਤਾ ਇਸ ਪ੍ਰਕਾਰ ਹੈ :—

ਮਤਾ :—

"ਪਿਛਲੇ ਕੁਝ ਸਮੇਂ ਤੋਂ ਲੈ ਕੇ ਹੁਣ ਤੱਕ ਪੰਜਾਬ ਵਿਚ ਜੋ ਫਿਰਕੂ ਘਟਨਾਵਾਂ ਹੋਈਆਂ ਅਤੇ ਉਸ ਤੋਂ ਬਾਅਦ ਹੁਣ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਫਿਰਕੂ ਹਨੇਰੀ ਨੇ ਹਜ਼ਾਰਾਂ ਲੋਕਾਂ ਦਾ ਖੂਨ ਡੋਲ੍ਹਿਆ ਹੈ, ਅਸੀਂ ਵੈਨਕੂਵਰ ਸੱਥ ਵਲੋਂ ਇਹਨਾਂ ਘਟਨਾਵਾਂ ਦੀ ਨਿੰਦਿਆ ਕਰਦੇ ਹਾਂ। ਅਸੀਂ ਇਹਨਾਂ ਘਟਨਾਂਵਾਂ ਵਿਚ ਫਿਰਕਪ੍ਰਸਤਾਂ ਵਲੋਂ ਬੇਕਸੂਰ ਲੋਕਾਂ ਦੇ ਕੀਤੇ ਕਤਲਾਂ ਉਪਰ ਦੁੱਖ ਪ੍ਰਗਟ ਕਰਦੇ ਹੋਏ ਉਹਨਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ। ਫਿਰਕਾਪ੍ਰਸਤੀ ਕਦੀ ਵੀ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਹੋ ਸਕਦੀ। ਅਸੀਂ ਵੈਨਕੂਵਰ ਸੱਥ ਵਲੋਂ ਹਰ ਕਿਸਮ ਦੀ ਫਿਰਕਾਪ੍ਰਸਤੀ ਦੀ ਪੁਰਜ਼ੋਰ ਸ਼ਬਦਾਂ 'ਚ ਨਿਖੇਧੀ ਕਰਦੇ ਹਾਂ। ਇਸਦੇ ਨਾਲ ਹੀ ਭਾਰਤ ਦੀ ਸਰਕਾਰ ਜੋ ਇਸ ਮਸਲੇ ਨੂੰ ਇਸ ਹੱਦ ਤੱਕ ਉਲਝਾਉਣ ਲਈ ਮੁੱਖ ਤੌਰ ਤੇ ਜ਼ਿੰਮੇਂਵਾਰ ਹੈ ਅਸੀਂ ਉਸ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਿਆ ਕਰਦੇ ਹਾਂ ਅਤੇ ਮੰਗ ਦਰੇ ਹਾਂ ਕਿ ਸਰਕਾਰ ਹਾਲਤਾਂ ਨੂੰ ਸੁਧਾਰਨ ਲਈ ਜਲਦੀ ਤੋਂ ਜਲਦੀ ਯੋਗ ਕਦਮ ਚੁੱਕੇ।"

ਇਸ ਪ੍ਰੋਗਰਾਮ ਵਿਚ ਤਕਰੀਬਨ ਚਾਰ ਸੌ ਸਰੋਤਿਆਂ ਨੇ ਹਿੱਸਾ ਲਿਆ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪ੍ਰੋਗਰਾਮ ਦੀ ਪਹਿਲਾਂ ਕੋਈ ਵੀ ਐਡਵਰਟਾਈਜ਼ਮੈਂਟ ਨਹੀਂ ਕੀਤੀ ਗਈ। ਚਾਰ ਸੌ ਸਰੋਤਿਆਂ ਤੱਕ ਮੈਂਬਰਾਂ ਨੇ ਜ਼ਾਤੀ ਤੌਰ ਤੇ ਪਹੁੰਚ ਕੀਤੀ। ਪ੍ਰੋਗਰਾਮ ਸ਼ੁਕਰਵਾਰ ਸ਼ਾਮ ਨੂੰ ਹੋਣ ਕਰਕੇ ਬਹੁਤ ਸਾਰੇ ਲੋਕ ਜਿਹੜੇ ਰਾਤ ਦੀ ਸ਼ਿਫਟ ਕੰਮ ਕਰਦੇ ਹਨ ਨਹੀਂ ਆ ਸਕੇ। ਸੱਥ ਦੇ ਮੈਂਬਰ ਜਲਦੀ ਹੀ ਇਹਨਾਂ ਨਾਟਕਾਂ ਨੂੰ ਇਕ ਵਾਰ ਫੇਰ ਪੇਸ਼ ਕਰਨ ਦਾ ਪ੍ਰਬੰਧ ਕਰ ਰਹੇ ਹਨ। ਪ੍ਰੋਗਰਾਮ ਦੌਰਾਨ ਸਟੇਜ ਦੀ ਜ਼ਿੰਮੇਂਵਾਰੀ ਪਹਿਲੇ ਅੱਧ ਵਿਚ ਅੰਜੂ ਹੁੰਦਲ ਨੇ ਤੇ ਪਿਛੋਂ ਸਾਧੂ ਨੇ ਬੜੇ ਸੁਚੱਜੇ ਤਰੀਕੇ ਨਾਲ ਨਿਭਾਈ। ਇਸ ਵਰ੍ਹੇ ਵਿਚ ਇੰਨੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਸੱਥ ਨੇ ਦੋ ਪ੍ਰੋਗਰਾਮ ਪੇਸ਼ ਕੀਤੇ ਹਨ। ਇਹਨਾਂ ਵਧੀਆ ਉਦਮਾਂ ਲਈ ਵੈਨਕੂਵਰ ਸੱਥ ਵਧਾਈ ਦੀ ਹੱਕਦਾਰ ਹੈ।

•

**ਸਰਵਣ ਬੋਲ**

# ਫ਼ੈਜ਼ ਅਹਿਮਦ ਫ਼ੈਜ਼

ਫ਼ੈਜ਼ ਅਹਿਮਦ ਫ਼ੈਜ਼ ਉਰਦੂ ਅਤੇ ਪੰਜਾਬੀ ਦੇ ਮਹਾਨ ਕਰਾਂਤੀਕਾਰੀ ਸ਼ਾਇਰ ਸਨ। ਉਰਦੂ ਸਾਹਿਤ ਵਿਚ ਉਹ ਤਿੰਨ ਪ੍ਰਸਿੱਧ ਅਗਾਂਹਵਧੂ ਸ਼ਾਇਰਾਂ 'ਚੋਂ ਇਕ ਸਨ। ਉਨ੍ਹਾਂ ਦਾ ਜਨਮ 1911 ਵਿਚ ਸਿਆਲਕੋਟ ਵਿਚ ਹੋਇਆ। 1947 ਤੋਂ ਪਹਿਲਾਂ ਉਨ੍ਹਾਂ ਨੇ ਆਪਣੀ ਸ਼ਾਇਰੀ ਰਾਹੀਂ ਜੰਗੇ-ਆਜ਼ਾਦੀ ਵਿਚ ਹਿੱਸਾ ਪਾਇਆ। ਇਸ ਤੋਂ ਪਿਛੋਂ ਉਨ੍ਹਾਂ ਨੇ ਮਜ਼ਦੂਰ ਜਥੇਬੰਦੀਆਂ ਵਿਚ ਸਰਗਰਮੀ ਨਾਲ ਕੰਮ ਕੀਤਾ। "ਪਾਕਿਸਤਾਨ ਟਾਈਮਜ਼" ਦੇ ਸੰਪਾਦਕੀ-ਕਾਲ ਦੌਰਾਨ ਆਪਣੀ ਅਗਾਂਹਵਧੂ ਵਿਚਾਰਧਾਰਾ ਕਾਰਨ 1951 ਵਿਚ ਉਨ੍ਹਾਂ ਨੂੰ "ਰਾਵਲਪਿੰਡੀ ਸਾਜ਼ਿਸ਼ ਕੇਸ" ਤਹਿਤ ਗਰਿਫ਼ਤਾਰ ਕਰ ਲਿਆ ਗਿਆ। ਜੇਲ੍ਹ ਵਿਚ ਉਨ੍ਹਾਂ ਨੇ ਜਗਤ-ਪ੍ਰਸਿੱਧ ਰਚਨਾਵਾਂ "ਚਲੀ ਹੈ ਰਸਮ ਕਿ ਕੋਈ ਨਾ ਸਰ ਉਠਾ ਕੇ ਚਲੇ", "ਮੁਝ ਸੇ ਪਹਿਲੀ ਸੀ ਮੁਹੱਬਤ ਮੇਰੇ ਮਹਿਬੂਬ ਨਾ ਮਾਂਗ" ਆਦਿ ਰਚੀਆਂ। ਜੇਲ੍ਹ ਦੇ ਜੀਵਨ ਨੇ ਉਨ੍ਹਾਂ ਵਿਚ ਵੱਡੀ ਤਬਦੀਲੀ ਲਿਆਂਦੀ ਜਿਸ ਕਰਕੇ ਉਹ ਲੁੱਟੇ ਪੁੱਟੇ ਜਾ ਰਹੇ ਲੋਕਾਂ ਦੇ ਮਹਿਬੂਬ ਸ਼ਾਇਰ ਦਾ ਰੁਤਬਾ ਪਾ ਗਏ। ਉਨ੍ਹਾਂ ਦਾ ਦੇਹਾਂਤ 20 ਨਵੰਬਰ ਨੂੰ ਲਾਹੌਰ (ਪਾਕਿਸਤਾਨ) ਵਿਚ ਹੋਇਆ।

ਇਸ ਮਹਾਨ ਸ਼ਖ਼ਸੀਅਤ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਅਸੀਂ ਉਨ੍ਹਾਂ ਦੀਆਂ ਦੋ ਜਗਤ-ਪ੍ਰਸਿੱਧ ਰਚਨਾਵਾਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।

— ਅਦਾਰਾ ਵਤਨੋਂ ਦੂਰ

## ਪਹਿਲੀ ਸੀ ਮੁਹੱਬਤ

ਮੁਝਸੇ ਪਹਿਲੀ-ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ!
ਮੈਂ ਨੇ ਸਮਝਾ ਥਾ ਕਿ ਤੂ ਹੈ ਤੋ ਦਰਖ਼ਸ਼ਾਂ ਹੈ ਹਯਾਤ
ਤੇਰਾ ਗ਼ਮ ਹੈ ਤੋ ਗ਼ਮੇ-ਦਹਰ ਕਾ ਝਗੜਾ ਕਿਆ ਹੈ
ਤੇਰੀ ਸੂਰਤ ਸੇ ਹੈ ਆਲਮ ਮੇਂ ਬਹਾਰੋਂ ਕੋ ਸਬਾਤ
ਤੇਰੀ ਆਂਖੋਂ ਕੇ ਸਿਵਾ ਦੁਨੀਆਂ ਮੇ ਰੱਖਾ ਕਿਆ ਹੈ?

ਤੂ ਜੋ ਮਿਲ ਜਾਏ ਤੋ ਤਕਦੀਰ ਨਿਗੂੰ ਹੋ ਜਾਏ,
ਯੂੰ ਨ ਥਾ, ਮੈ ਨੇ ਫ਼ਕਤ ਚਾਹਾ ਥਾ ਯੂੰ ਹੋ ਜਾਏ।
ਔਰ ਭੀ ਦੁੱਖ ਹੈ ਜ਼ਮਾਨੇ ਮੇ ਮੁਹੱਬਤ ਕੇ ਸਿਵਾ

ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ
ਅਨਗਿਣਤ ਸਦੀਓਂ ਕੇ ਤਾਰੀਕ ਬਹਿਮਾਨਾ ਤਲਿਸਮ
ਰੇਸ਼ਮੋ-ਅਤਲਸੋ-ਕਮਖ਼੍ਵਾਬ ਕੇ ਬੁਨਵਾਏ ਹੂਏ
ਜਾ-ਬ-ਜਾ ਬਿਕਤੇ ਹੂਏ ਕੂਚਾ-ਓ-ਬਾਜ਼ਾਰ ਮੇ ਜਿਸਮ
ਖ਼ਾਕ ਮੇ ਲਿਥੜੇ ਹੂਏ ਖ਼ੂਨ ਮੇ ਨਹਿਲਾਏ ਹੂਏ

ਜਿਸਮ ਨਿਕਲੇ ਹੂਏ ਅਮਰਾਜ਼ ਕੇ ਤਨੂਰੋਂ ਸੇ
ਪੀਪ ਬਹਿਤੀ ਹੂਈ ਗਲਤੇ ਹੂਏ ਨਾਸੂਰੋਂ ਸੇ
ਲੋਟ ਜਾਤੀ ਹੈ ਉਧਰ ਕੋ ਭੀ ਨਜ਼ਰ ਕਿਆ ਕੀਜੇ
ਅਬ ਭੀ ਦਿਲਕਸ਼ ਹੈ ਤੇਰਾ ਹੁਸਨ ਮਗਰ ਕਿਆ ਕੀਜੇ

ਔਰ ਭੀ ਦੁਖ ਹੈਂ ਜ਼ਮਾਨੇ ਮੇ ਮੁਹੱਬਤ ਕੇ ਸਿਵਾ
ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ
ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ!

●

## ਦਰਦ ਆਏਗਾ ਦਬੇ ਪਾਂਵ

ਔਰ ਕੁਛ ਦੇਰ ਮੇਂ ਜਬ ਫਿਰ ਮੇਰੇ ਤਨਹਾ ਦਿਲ ਕੋ
ਫ਼ਿਕ੍ਰ ਆ ਲੇਗੀ ਕਿ ਤਨਹਾਈ ਕਾ ਕਿਆ ਚਾਰਾ ਕਰੇ

ਦਰਦ ਆਏਗਾ ਦਬੇ ਪਾਂਵ ਲੀਏ ਸੁਰਖ਼ ਚਿਰਾਗ਼
ਵੋ ਜੋ ਏਕ ਦਰਦ ਧੜਕਤਾ ਹੈ ਕਹੀਂ ਦਿਲ ਸੇ ਪਰੇ

ਸ਼ੋਲਾ-ਏ-ਦਰਦ ਜੋ ਪਹਲੂ ਮੇਂ ਲਪਕ ਉਠੇਗਾ
ਦਿਲ ਕੀ ਦੀਵਾਰ ਪੇ ਹਰ ਨਕਸ਼ ਦਮਕ ਉਠੇਗਾ।

ਹਲਕਾ-ਏ-ਜ਼ੁਲਫ਼ ਕਹੀਂ ਗੋਸ਼ਾ-ਏ-ਰੁਖ਼ਸਾਰ ਕਹੀਂ
ਹਿਜਰ ਕਾ ਦਸ਼ਤ ਕਹੀਂ ਗੁਲਸ਼ਨੇ-ਦੀਦਾਰ ਕਹੀਂ

ਲੁਤਫ਼ ਕੀ ਬਾਤ ਕਹੀਂ ਪਿਆਰ ਕਾ ਇਕਰਾਰ ਕਹੀਂ
ਦਿਲ ਸੇ ਫਿਰ ਹੋਗੀ ਮੇਰੀ ਬਾਤ ਕਿ ਏ ਦਿਲ, ਏ ਦਿਲ

ਯੇ ਜੋ ਮਹਿਬੂਬ ਬਨਾ ਹੈ ਤੇਰੀ ਤਨਹਾਈ ਕਾ
ਯੇ ਤੋ ਮਹਿਮਾਂ ਹੈ ਘੜੀ ਭਰ ਕਾ ਚਲਾ ਜਾਏਗਾ

ਇਸ ਸੇ ਕਬ ਤੇਰੀ ਮੁਸੀਬਤ ਕਾ ਮੁਦਾਵਾ ਹੋਗਾ
ਮੁਸ਼ਤਇਲ ਹੋ ਕੇ ਅਭੀ ਉਠੇਂਗੇ ਵਹਿਸ਼ੀ ਸਾਏ
ਯੇ ਚਲਾ ਜਾਏਗਾ ਰਹਿ ਜਾਏਂਗੇ ਬਾਕੀ ਸਾਏ

ਰਾਤ ਭਰ ਜਿਨਸੇ ਤੇਰਾ ਖ਼ੂਨ-ਖ਼ਰਾਬਾ ਹੋਗਾ
ਜੰਗ ਠਹਿਰੀ ਹੈ ਕੋਈ ਖੇਲ ਨਹੀਂ ਹੈ ਏ ਦਿਲ
ਦੁਸ਼ਮਨੇ-ਜਾਂ ਹੈਂ ਸਭੀ ਸਾਰੇ ਕੇ ਸਾਰੇ ਕਾਤਿਲ

ਯੇ ਕੜੀ ਰਾਤ ਭੀ ਯੇ ਸਾਏ ਭੀ ਤਨਹਾਈ ਭੀ
ਦਰਦ ਔਰ ਜੰਗ ਮੇਂ ਕੁਛ ਮੇਲ ਨਹੀਂ ਹੈ ਏ ਦਿਲ

ਲਾਓ ਸੁਲਗਾਓ ਕੋਈ ਜੋਸ਼ੇ-ਗ਼ਜ਼ਬ ਕਾ ਅੰਗਾਰ
ਤੈਸ਼ ਕੀ ਆਤਿਸ਼ੇ-ਜਰਾਰ ਕਹੀਂ ਸੇ ਲਾਓ
ਵੋ ਦਹਕਤਾ ਹੂਆ ਗੁਲਜ਼ਾਰ ਕਹੀਂ ਸੇ ਲਾਓ
ਜਿਸ ਮੇ ਗਰਮੀ ਭੀ ਹੈ ਹਰਕਤ ਭੀ ਤਵਾਨਾਈ ਭੀ

ਹ ਨ ਹੋ ਅਪਨੇ ਕਬੀਲੇ ਕਾ ਭੀ ਕੋਈ ਲਸ਼ਕਰ
ਮੁੰਤਜ਼ਿਰ ਹੋਗਾ ਅੰਧੇਰੇ ਕੀ ਫ਼ਸੀਲੋਂ ਕੇ ਉਧਰ
ਇਨਕੋ ਸ਼ੋਅਲੋ ਕੇ ਰਮਜ਼ ਅਪਨਾ ਪਤਾ ਤੋ ਦੇਂਗੇ
ਖ਼ੈਰ, ਹਮ, ਤਕ ਨ ਵੋ ਪਹੁੰਚੇ ਭੀ ਸਦਾ ਤੋ ਦੇਂਗੇ
ਦੂਰ ਕਿਤਨੀ ਹੈ ਅਭੀ ਸੁਬ੍ਹ, ਬਤਾ ਤੋ ਦੇਂਗੇ।

●

# ਐਂਟੀ-47 ਫਰੰਟ ਵੱਲੋਂ ਗੁਰਦੁਆਰਾ ਫਰੀਮੌਂਟ ਵਿਚ ਲੜੇ ਗਏ ਖਾੜਕੂ ਘੋਲ ਦੀ ਵਿਸ਼ੇਸ਼ ਰਿਪੋਰਟ

("ਐਂਟੀ '47 ਫਰੰਟ" ਕੈਲੇਫੋਰਨੀਆਂ ਵਿਚ ਰਹਿੰਦੇ ਅਗਾਂਹਵਧੂ ਵਿਚਾਰਾਂ ਵਾਲੇ ਸੰਘਰਸ਼ ਕਰਦੇ ਕਾਰਕੁੰਨਾਂ ਦੀ ਖਾੜਕੂ ਜੱਥੇਬੰਦੀ ਹੈ, ਜਿਸਦਾ ਮੁੱਖ ਉਦੇਸ਼ ਹੈ: ਹਿੰਦੁਸਤਾਨ ਅਤੇ ਬਾਹਰ ਫਿਰਕੂ ਤਨਾਅ ਕਰਕੇ 1947 ਵਰਗੇ ਹਾਲਾਤ ਬਣਨ ਤੋਂ ਰੋਕਣਾ ਅਤੇ ਇਸ ਸੇਧ ਵਿਚ ਲੋਕਾਂ ਨੂੰ ਸਿੱਖਿਅਤ ਕਰਕੇ ਲਾਮਬੰਦ ਕਰਨਾ। ਇਸ ਦਾ ਦਾਅਵਾ ਹੈ ਕਿ ਪਾਕਿਸਤਾਨ ਨੂੰ ਹੋਂਦ ਵਿਚ ਲਿਆ ਕੇ ਕੋਈ ਸਮੱਸਿਆ ਹੱਲ ਨਹੀਂ ਹੋਈ ਸਗੋਂ ਵਿਗੜੀ ਹੈ। ਪਿਛਲੇ ਮਹੀਨਿਆਂ ਵਿਚ ਜੱਥੇਬੰਦੀ ਵੱਲੋਂ ਇੰਦਰਾ ਗਾਂਧੀ ਦੇ ਕਤਲ ਤੋਂ ਪਹਿਲਾਂ ਅਤੇ ਬਾਅਦ ਦੇ ਫਿਰਕੂ ਫਸਾਦਾਂ ਬਾਰੇ ਇਕ ਵਰਕਾ ਜਾਰੀ ਕੀਤਾ ਗਿਆ ਹੈ ਜੋ 'ਵਤਨੋਂ ਦੂਰ' ਸਤੰਬਰ-ਅਕਤੂਬਰ 1984 ਵਿਚ ਵੀ ਛਪਿਆ ਹੈ। ਇਸ ਵਰਕੇ ਨੂੰ ਕੈਲੇਫੋਰਨੀਆਂ, ਵੈਨਕੂਵਰ, ਐਡਮੰਟਨ, ਵਿਨੀਪੈਗ ਆਦਿ ਸ਼ਹਿਰਾਂ ਵਿਚ ਭਾਰੀ ਗਿਣਤੀ ਵਿਚ ਵੰਡਿਆ ਗਿਆ ਹੈ। ਫਰੰਟ ਦੇ ਕਾਰਕੁੰਨ ਜਦੋਂ ਇਹੀ ਲੀਫਲੈੱਟ ਫਰੀਮੌਂਟ (ਕੈਲੇਫੋਰਨੀਆਂ) ਦੇ ਗੁਰਦੁਆਰੇ ਵਿਚ ਵੰਡਣ ਲਈ ਯਤਨ ਕਰ ਰਹੇ ਸਨ ਤਾਂ ਕੁੱਝ ਸਥਾਨਕ ਖ਼ਾਲਿਸਤਾਨੀ ਅਨਸਰਾਂ ਨੇ ਤਕਲੀਫ ਮਹਿਸੂਸ ਕੀਤੀ ਕਿਉਂਕਿ ਲੀਫਲੈੱਟ ਵਿਚ ਅਜੇਹੇ ਅਨਸਰਾਂ ਨੂੰ ਸਿੱਖਾਂ ਦੇ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਹੋਏ ਕਤਲੇਆਮ ਦੇ ਬਰਾਬਰ ਦੇ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਚੌਂਕਰੇ ਹੋਏ ਖਾਲਿਸਤਾਨੀਆਂ ਨੇ ਬਿਨਾ ਗੱਲ-ਬਾਤ ਕੀਤੇ ਹੀ ਫਰੰਟ ਵਾਲਿਆਂ ਨਾਲ ਗਾਲੀ-ਗਲੋਚ ਅਤੇ ਧੌਲ-ਧੱਫਾ ਸ਼ੁਰੂ ਕਰ ਦਿੱਤਾ। ਉਸ ਮੌਕੇ ਦੀ ਮੁਕੰਮਲ ਕਹਾਣੀ ਕੁਲਦੀਪ ਸਿੰਘ (ਫੋਰਟ ਮਕਮਰੀ) ਦੀ ਜ਼ੁਬਾਨੀ ਅਤੇ ਲਖਵਿੰਦਰ ਲਿੱਟ ਅਤੇ ਜਿੰਦ ਸਿੰਘ 'ਬਾਬਾ' (ਕੈਲੇਫੋਰਨੀਆਂ) ਦੀਆਂ ਰੀਪੋਰਟਾਂ ਰਾਹੀਂ ਸਾਨੂੰ ਪੁੱਜੀ ਹੈ ਜਿਸਨੂੰ ਅਸੀਂ ਹੇਠਾਂ ਦੇ ਰਹੇ ਹਾਂ। — ਅਦਾਰਾ)

"ਐਂਟੀ ਫੋਰਟੀ ਸੈਵਨ ਫਰੰਟ" ਇਕ ਸੰਸਥਾ ਹੈ ਜੋ ਖ਼ਾਲਿਸਤਾਨ ਜਾਂ ਕੋਈ ਹੋਰ ਦੇਸ਼ ਦੀ ਫਿਰਕੂ ਆਧਾਰ 'ਤੇ ਵੰਡ ਨੂੰ ਰੱਦ ਕਰਦੀ ਹੈ। ਇਸ ਦਾ ਦਾਅਵਾ ਹੈ ਕਿ ਪਾਕਿਸਤਾਨ ਕੋਈ ਸਮੱਸਿਆ ਹੱਲ ਨਹੀਂ ਕਰ ਸਕਿਆ ਅਤੇ ਨਾ ਹੀ ਕਦੇ 100 ਪ੍ਰਤੀਸ਼ਤ ਆਬਾਦੀ ਤਬਾਦਲਾ ਸੰਭਵ ਹੈ। ਹਿੰਦੂ-ਮੁਸਲਮਾਨਾਂ ਦੇ ਨਿੱਤ ਵਾਪਰਦੇ ਫਸਾਦ ਇਸ ਦੀ ਪੁਸ਼ਟੀ ਕਰਦੇ ਹਨ। ਫਰੰਟ ਦੀ ਕੁੱਲ ਸਮਰਥਾ ਇਸ ਕਾਜ ਨੂੰ ਸੰਬੋਧਤ ਹੈ ਕਿ 1947 ਵਰਗਾ ਕੁੱਝ ਵੀ ਕਦੇ ਇਤਿਹਾਸ 'ਚ ਨਹੀਂ ਦੁਹਰਾਇਆ ਜਾਣਾ ਚਾਹੀਦਾ। ਫਰੰਟ ਦੇ ਕਾਰਕੁੰਨਾਂ ਵੱਲੋਂ ਫਰੀਮੌਂਟ ਗੁਰਦੁਆਰੇ (ਕੈਲੇਫੋਰਨੀਆਂ) ਦੇ ਬਾਹਰ ਲੰਗਰ ਵਾਲੀ ਜਗ੍ਹਾ 'ਤੇ ਜਦੋਂ ਪੇਪਰ ਵੰਡੇ ਜਾ ਰਹੇ ਸਨ ਤਾਂ ਚੌਂਕਰੇ ਖ਼ਾਲਿਸਤਾਨੀ ਮੱਲੋਮੱਲੀ ਉਨ੍ਹਾਂ ਦੇ ਗਲ ਆਣ ਪਏ, ਪਰ ਦਹੀਂ ਦੇ ਭੁਲੇਖੇ ਇਹ ਅਨਸਰ ਕਪਾਹ ਦੇ ਫੁੱਟਾਂ ਨੂੰ ਮੂੰਹ ਮਾਰ ਬੈਠੇ। 24 ਨਵੰਬਰ ਦੀ ਰਾਤ ਨੂੰ ਪੋਸਟਰ ਵੰਡਣ ਸਬੰਧੀ ਕਈ ਮੀਟਿੰਗਾਂ ਕੀਤੀਆਂ ਗਈਆਂ। ਇਕ ਮੀਟਿੰਗ ਵਿਚ ਇਕ ਖ਼ਾਲਿਸਤਾਨੀ ਵੀ ਸੀ ਜੋ ਆਪਣੇ ਆਪ ਨੂੰ ਭਿੰਡਰਾਂਵਾਲੇ ਦਾ ਸੰਤ-ਸਿਪਾਹੀ ਸਮਝਦਾ ਸੀ ਜੋ ਦਾਅਵਾ ਕਰਦਾ ਸੀ ਕਿਵੇਂ ਉਸਨੇ ਭਿੰਡਰਾਂਵਾਲੇ ਦੇ ਬਚ ਨਿਕਲਣ ਦੀ ਸਕੀਮ ਮਾਸਟਰਮਾਈਂਡ ਕੀਤੀ। ਇਸੇ ਦੇ ਰਾਹੀਂ ਲੀਫਲੈੱਟ ਦੀ ਕਾਪੀ ਸਥਾਨਕ ਖ਼ਾਲਿਸਤਾਨੀ ਅਨਸਰਾਂ ਦੇ ਤੱਕ ਪਹੁੰਚ ਗਈ। ਉਨ੍ਹਾਂ ਨੇ ਉਸੇ ਰਾਤ ਤੋਂ ਹੀ ਤਿਆਰੀ ਵਿੱਢ ਦਿੱਤੀ ਅਤੇ ਡੀਂਗਾਂ ਮਾਰਨ ਲੱਗੇ ਕਿ ਪੇਪਰ ਵੰਡ ਕੇ ਤਾਂ ਵਿਖਾਉਣ! ਸੋ ਐਕਸ਼ਨ ਤੋਂ ਪਹਿਲੀ ਰਾਤ ਹੀ ਮਾਹੌਲ ਤਲਖ਼ੀ ਭਰਿਆ ਹੋ ਚੁੱਕਾ ਸੀ।

ਘਟਨਾ ਵਾਲੇ ਦਿਨ ਫਰੰਟ ਦੇ ਛੇ ਕਾਰਕੁੰਨ ਦੁਪਹਿਰ ਬਾਦ ਗੁਰਦੁਆਰੇ ਪਹੁੰਚੇ, ਮੱਥਾ ਟੇਕਿਆ ਅਤੇ ਬੈਠ ਗਏ। ਗੁਰਦੁਆਰੇ ਵਿਚ ਗੁਰਬਾਣੀ ਜਾਂ ਧਰਮ-ਪਰਚਾਰ ਤਾਂ ਕੋਈ ਨਹੀਂ ਹੋ ਰਿਹਾ ਸੀ ਪਰ ਉਹੀ 'ਸੰਤ-ਸਿਪਾਹੀ' ਆਪਣੀ ਰਾਤ ਵਾਲੀ ਚਗਲੀ ਹੋਈ ਕੂੜ-ਕਹਾਣੀ ਦੀ ਫਿਰ ਉਗਾਲੀ ਕਰ ਰਿਹਾ ਸੀ ਅਤੇ ਕਹਿ ਰਿਹਾ ਸੀ "ਹਿੰਦੂਆਂ ਦੀ ਤਾਂ ਹੁਣ ਇੱਟ ਨਾਲ ਇੱਟ ਖੜਕਾਉਣੀ ਹੀ ਪਵੇਗੀ। ਮੈਂ ਇਥੇ ਸਿਰਫ਼ ਚੰਦੇ ਲੈਣ ਹੀ ਆਇਆ ਹਾਂ ਛੇਤੀ ਹੀ ਵਾਪਸ ਮੁੜ ਜਾਣਾ ਹੈ। ਜਿਨ੍ਹਾਂ ਨੇ ਵੀ ਮੇਰੇ ਨਾਲ ਜਾਣਾ ਹੈ ਆਪਣਾ ਨਾਂ ਲਿਖਵਾ ਦੇਣ।" ਫਿਰ ਕਹਿਣ ਲੱਗਾ ਕਿ "ਕੁੱਝ ਕੁ ਵਿਅਕਤੀ ਇਥੇ ਪਰਚੇ ਵੰਡਣ ਆਏ ਹਨ। ਉਨ੍ਹਾਂ ਨੂੰ ਵੀ ਸੋਧਣਾ ਹੈ।" ਉਸ ਵਿਅਕਤੀ ਦੀ ਤਕਰੀਰ ਏਨੀ ਘਟੀਆ ਸੀ ਕਿ ਲੋਕ ਹਾਲ ਵਿਚੋਂ ਬਾਹਰ ਜਾਂਦੇ ਦੇਖੇ ਗਏ ਇਹ ਕਹਿੰਦਿਆਂ ਹੋਇਆਂ ਕਿ 'ਸਾਲਾ ਬੋਲੀ ਕੀ ਜਾਂਦੈ'। ਦੇਗ ਵੰਡਣ ਉਪਰੰਤ ਹਾਲ ਤੋਂ ਬਾਹਰ ਖੁਲ੍ਹੇ ਏਰੀਏ ਵਿਚ ਲੰਗਰ ਵਰਤਾਇਆ ਗਿਆ। ਲੰਗਰ ਉਪਰੰਤ ਫਰੰਟ ਦੇ ਦੋ ਸਾਥੀਆਂ ਨੇ ਲੀਫਲੈੱਟ ਵੰਡਣੇ ਸ਼ੁਰੂ ਕੀਤੇ ਜਿਹੜੇ ਕਿ ਆਮ ਲੋਕਾਂ ਨੇ ਬੜੇ ਧਿਆਨ ਨਾਲ ਪੜ੍ਹੇ। ਕੋਈ ਪੌਣਾ ਘੰਟਾ ਲੀਫਲੈੱਟ ਵੰਡੇ ਜਾਂਦੇ ਰਹੇ - ਬਿਨਾਂ ਕਿਸੇ ਅੜਿੱਕਣ ਦੇ। ਇੰਨੇ ਨੂੰ ਅੰਦਰੋਂ ਇਕ ਘਾਗ-ਖ਼ਾਲਿਸਤਾਨੀ ਆਪਣੇ ਪਿਆਲੀ-ਚੱਟਾਂ ਨਾਲ ਬਾਹਰ ਆਇਆ ਅਤੇ ਬਿਨਾਂ ਕਿਸੇ ਨਾਲ ਗੱਲ ਕੀਤੇ ਹੀ ਲੀਫਲੈੱਟ ਵੰਡ ਰਹੇ ਸਾਥੀਆਂ ਨੂੰ ਮਾਵਾਂ-ਭੈਣਾਂ ਦੀਆਂ ਗਾਲਾਂ ਬਕਦਾ ਆਪੇ ਤੋਂ ਬਾਹਰ ਹੋਣ ਲੱਗਾ। ਅਤੇ ਕਹਿਣ ਲੱਗਾ ਕਿ ਜੋ ਵੀ ਪੰਥ ਦੀ ਵਿਰੋਧਤਾ ਕਰਦਾ ਹੈ ਗੱਦਾਰ ਹੈ ਜੋ ਵੀ ਹਿੰਦੂ-ਸਿੱਖ ਏਕਤਾ ਦੀ ਗੱਲ ਕਰਦਾ ਹੈ ਸਾਡਾ ਵੈਰੀ ਹੈ। ਤੈਸ਼ ਵਿਚ ਆਇਆ ਇਹ ਸ਼ਖਸ਼ ਨੂੰ ਇਹ ਵੀ ਪਤਾ ਨਾ ਰਿਹਾ ਕਿ ਉਹ ਗੁਰਦੁਆਰੇ ਦੀ ਪਵਿੱਤਰ ਜਗਾ 'ਚ ਏਨਾ ਗੰਦ ਬਕ ਕੇ ਸਿੱਖੀ ਦੀ ਸਾਣ-ਮਰਯਾਦਾ ਦੇ ਮੁਢਲੇ ਸਿਧਾਂਤਾਂ ਦੀਆਂ ਖ਼ੁਦ ਹੀ ਧੱਜੀਆਂ ਉਡਾ ਰਿਹਾ ਹੈ। ਉਚੀ ਉਚੀ ਸੰਘ ਪਾੜ ਕੇ ਖ਼ਾਲਿਸਤਾਨੀ ਹਵਾੜ ਕੱਢਣ ਕਰਕੇ ਉਸ ਦੁਆਲੇ ਇਕੱਠ ਜਿਹਾ ਹੋਣਾ ਸ਼ੁਰੂ ਹੋ ਗਿਆ। ਫਰੰਟ ਵੱਲੋਂ ਉਸਨੂੰ ਨਿਰਮਾਣਤਾ ਨਾਲ ਕਿਹਾ ਗਿਆ ਕਿ ਅਜੇਹੀ ਗਾਲ-ਗਲੋਚ ਵਾਲੀ ਬੋਲੀ ਦੀ ਲੋੜ ਨਹੀਂ, ਤੂੰ ਦਲੀਲ ਨਾਲ ਗੱਲ ਕਰ, ਪਰ ਉਸਨੂੰ ਗਾਲਾਂ ਤੋਂ ਬਿਨਾਂ ਹੋਰ ਕੁੱਝ ਆਉਂਦਾ ਹੀ ਨਹੀਂ ਸੀ।

ਇੰਨੇ ਨੂੰ ਉਸ ਦੇ ਨਾਲ ਦੀ ਖ਼ਾਲਿਸਤਾਨੀ ਮੰਡੀਹਰ ਵੱਲੋਂ ਫਰੰਟ ਵਾਲਿਆਂ ਨੂੰ 'ਗੱਦਾਰ', 'ਇੰਦਰਾ ਦੇ ਬੰਦੇ' ਆਦਿ 'ਵਿਸ਼ੇਸ਼ਣਾਂ' ਨਾਲ ਨਿਵਾਜਦਿਆਂ ਹੋਇਆਂ ਘਸੁੰਨ ਵਿਖਾਉਣੇ ਸ਼ੁਰੂ ਹੋ ਗਏ। ਗਰਮਾ-ਗਰਮੀ ਵਧ ਰਹੀ ਸੀ। ਫਰੰਟ ਦੇ 5-6 ਕਾਰਕੁੰਨ ਛੇ ਸਾਰੇ ਖ਼ਾਲਿਸਤਾਨੀ ਭੀੜ ਵਿਚਕਾਰ ਘਿਰੇ ਹੋਏ ਸਨ। ਇੰਨੇ ਨੂੰ ਗੁਰਦੁਆਰੇ ਦਾ ਪ੍ਰਧਾਨ ਆ ਕੇ ਕਹਿਣ ਲੱਗਾ "ਕਾਕਾ, ਤੁਸੀਂ ਹੁਣ ਜਾਓ, ਤੁਸੀਂ ਆਪਣੇ ਪੇਪਰ ਵੰਡ ਲਏ ਹਨ।" ਫਰੰਟ ਵੱਲੋਂ ਇਹ ਸ਼ਰਤ ਮੰਨ ਲਈ ਗਈ ਕਿ ਜੇ ਇਹ ਸਾਰੀ ਮੰਡੀਹਰ ਸਾਡੇ ਰਾਹ 'ਚੋਂ ਪਰ੍ਹੇ ਹੋ ਜਾਣ ਤਾਂ ਹੀ ਅਸੀਂ ਇਥੋਂ ਜਾ ਸਕਾਂਗੇ। ਫਰੰਟ ਵਾਲੇ ਜਦ ਬਾਹਰ ਵੱਲ ਨੂੰ ਤੁਰਨ ਹੀ ਲੱਗੇ ਸਨ ਕਿ ਭੂਤਰੇ ਖਾਲਿਸਤਾਨੀ ਨੇ ਟੁੱਟਦਾਂ ਜਿਹਾ ਘਸੁੰਨ ਫਰੰਟ ਦੇ ਇਕ ਕਾਰਕੁੰਨ ਵੱਲ ਚਲਾਇਆ। ਫਰੰਟ ਦੇ ਵਿਅਕਤੀਆਂ ਨੇ ਸਥਿਤੀ ਵਿਗੜੀ ਵਿਚਾਰ ਕੇ ਆਤਮ-ਸੁਰੱਖਿਆ ਲਈ ਇਧਰੋਂ ਉਧਰੋਂ ਸਰੀਏ, ਪਾਈਪਾਂ, ਸੋਟੀਆਂ ਆਦਿ ਖਿੱਚ ਲਿਆਂਦੀਆਂ। ਇੰਨੇ ਵਿਚ ਬਹੁਤ ਸਾਰੇ ਹੋਰ ਵਿਅਕਤੀ ਵੀ ਫਰੰਟ ਦੀ ਹਮਾਇਤ ਵਿਚ ਆ ਗਏ ਅਤੇ ਦੁਖੀ ਹੋਇਆਂ ਨੇ ਖ਼ਾਲਿਸਤਾਨੀ ਮੰਡੀਹਰ ਦੇ 'ਤਾਅਣ, ਤਾਅਣ' ਵਗਾਉਣੀਆਂ ਸ਼ੁਰੂ ਕਰ ਦਿੱਤੀਆਂ। ਖ਼ਾਲਿਸਤਾਨੀ ਮਾਹੌਲ ਢਿੱਲਾ ਪੈ ਗਿਆ। ਫਰੰਟ ਵਾਲਿਆਂ ਨੇ ਇਸ ਖ਼ਾਲਿਸਤਾਨੀ (ਜਸਵੰਤ ਧਾਲੀਵਾਲ) ਦੀ ਕੁੱਟ ਕੁੱਟ ਕੇ ਤਸੱਲੀ ਕਰਾ ਦਿੱਤੀ। ਕੁੱਟ ਖਾਂਦੇ ਖਾਂਦੇ ਉਹ ਆਪਣੀ ਪੱਗ ਵੀ ਲੁਹਾ ਬੈਠਾ ਤਾਂ ਵਿਚੋਂ ਸਿਰ ਮੁੰਨਿਆ ਹੋਇਆ ਨਿਕਲਿਆ। ਉਤੋਂ ਬੀਬੀਆਂ ਦਾੜ੍ਹੀਆਂ ਤੇ ਵਿਚੋਂ ਚੋਰ ਕਾਂ!

ਇਕੱਠ ਵਿਚੋਂ ਇਕ ਬਾਬਾ ਕਹਿ ਰਿਹਾ ਸੀ: "ਉਏ ਬੇਤੂ ਉਹ (ਫਰੰਟ ਵਾਲੇ) ਬਥੇਰਾ ਕਹਿੰਦੇ ਸੀ ਚਣੀ ਗੱਲ ਕਰੋ, ਗੱਲ ਕਰੋ, ਹੁਣ ਸੁਆਦ ਲੈ ਲਿਆ?" ਖ਼ਾਲਿਸਤਾਨੀ ਅਨਸਰਾਂ ਦੀ ਛਿੱਤਰ-ਸੇਵਾ ਕਰਕੇ ਫਰੰਟ ਵਾਲਿਆਂ ਜਾਣ ਦੀ ਸੋਚੀ। ਫਰੰਟ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਕਾਰਾਂ ਵੱਲ ਨੂੰ ਜਾਣਾ ਸ਼ੁਰੂ ਕੀਤਾ ਗਿਆ। ਤੀਜੀ ਜਗਾਹ ਤੇ ਕਾਰਾਂ ਖੜ੍ਹੀਆਂ ਹੋਣ ਕਰਕੇ ਕੱਢਦਿਆਂ ਕੱਢਦਿਆਂ ਕੁੱਝ ਦੇਰ ਲੱਗ ਗਈ। ਫਰੰਟ ਦੇ ਕੇ ਮੁਖ ਕਾਰਕੁਨ ਭੁੱਖੀ ਹੋਈ ਖ਼ਾਲਿਸਤਾਨੀ ਰਹਿੰਦ-ਖੂੰਹਦ ਨੂੰ ਰੋਕੀ ਰੱਖਣ ਵਾਸਤੇ ਖੜ੍ਹੇ ਸਨ ਤਾਂ ਜੋ ਬਾਕੀ ਸਾਰੇ ਹਮਾਇਤੀ ਦੋਸਤ ਸੁਰੱਖਿਅਤ ਉਥੋਂ ਨਿਕਲ ਸਕਣ। ਏਨੇ ਸਮੇਂ ਦੌਰਾਨ ਖ਼ਾਲਿਸਤਾਨੀ ਗੁਰਦੁਆਰੇ ਵਿਚੋਂ ਆਪਣੇ ਹਥਿਆਰ ਤਲਵਾਰਾਂ, ਸੋਟੀਆਂ, ਬਾਂਸ, ਖੂੰਡੇ ਆਦਿ ਲੈ ਕੇ ਫਰੰਟ ਵਾਲਿਆਂ ਵੱਲ ਨੂੰ ਹੋ ਤੁਰੇ। ਹਾਲਾਤ ਬਹੁਤ ਹੀ ਨਾਜ਼ੁਕ ਸੀ। ਉਦੋਂ ਹੀ ਦਿਲ-ਕੰਬਾਊ ਟੀਂਅ ਟੀਂਅ ਕਰਦੀ ਹੋਈ ਗਈ ਕੈਲੀਬਰ ਦੀ ਛੋਟੀ ਬੋਰ ਦੀ ਗੋਲੀ, ਖ਼ਾਲਿਸਤਾਨੀ ਮੰਡੀਹਰ ਦੇ ਉਪਰ ਵੱਲ ਨੂੰ ਕਰਕੇ ਸੈਂਚੇਪਰ ਗੋਲੀ ਦਾ ਫਾਇਰ ਸੁਣਿਆ ਗਿਆ। ਮੰਡੀਹਰ ਦੇ ਪੈਰ ਕੁੱਝ ਦੇਰ ਲਈ ਉਥੇ ਹੀ ਜੰਮ ਗਏ ਅਤੇ ਇਸ ਤਰ੍ਹਾਂ ਫਰੰਟ ਵਾਲਿਆਂ ਨੂੰ ਨਿਕਲਣ ਲਈ ਕੁੱਝ ਰਾਹਤ ਮਿਲੀ। ਖ਼ਾਲਿਸਤਾਨੀ ਜੁੰਡਲੀ ਨੇ ਹਥਿਆਰਾਂ ਸਮੇਤ ਭੱਜ ਭੱਜ ਕੇ ਉਸ ਪਿੱਕ-ਅੱਪ ਟਰੱਕ ਦਾ ਦੋ ਫਰਲਾਂਗ ਤੱਕ ਪਿੱਛਾ ਕੀਤਾ ਜਿਸ ਵਿਚ ਫਰੰਟ ਵਾਲੇ ਜਾ ਰਹੇ ਸਨ। ਜਦ ਉਹ ਬਿਲਕੁਲ ਕਰੀਬ ਪਹੁੰਚ ਗਏ ਤਾਂ ਜਦ ਕੋਈ ਹੋਰ ਚਾਰਾ ਨਾ ਰਿਹਾ ਤਾਂ ਇਕ ਹੋਰ ਫਾਇਰ ਉੱਪਰ ਨੂੰ ਚਲਾਇਆ ਗਿਆ। ਜਸਵੰਤ, ਖ਼ਾਲਿਸਤਾਨੀਆਂ ਦਾ ਗੁਰੂ-ਘੰਟਾਲ ਇਕ ਬਾਹਦਰ ਸਾਈਂ ਦੇ ਪਿੱਛੇ ਲੁਕ ਕੇ ਜਾ ਰਿਹਾ ਸੀ। ਫਰੰਟ ਵੱਲੋਂ ਉਸ ਨੂੰ ਕਈ ਵਾਰ ਕਿਹਾ ਗਿਆ ਕਿ ਜ਼ਰਾ ਕੁ ਸਾਈਂ ਕੋਲੋਂ ਪਾਸੇ ਤਾਂ ਹੋ, ਤੈਨੂੰ ਅੱਜ ਹੱਥ ਵਿਖਾਈਏ। ਪਰ ਕਿੱਥੇ, ਉਹਨੂੰ ਅਜੇ ਪਹਿਲੀ ਮਾਰ ਹੀ ਨਹੀਂ ਭੁੱਲੀ ਸੀ। ਕਿਉਂਕਿ ਖ਼ਾਲਿਸਤਾਨੀਆਂ ਨੇ ਆਪ ਹੀ ਪੁਲੀਸ ਨੂੰ ਫੋਨ ਕਰ ਦਿੱਤਾ ਸੀ ਇਸ ਕਰਕੇ ਉਸੇ ਸਥਿਤੀ 'ਤੇ ਪੁਲੀਸ ਵੀ ਪਹੁੰਚ ਗਈ ਅਤੇ ਫਰੰਟ ਵਾਲਿਆਂ ਨੂੰ ਗੰਨ ਪੁਲੀਸ ਦੇ ਹਵਾਲੇ ਕਰਨ ਲਈ ਕਿਹਾ ਗਿਆ ਜੋ ਕਿ ਮੰਨੀ ਗਈ। ਖ਼ਾਲਿਸਤਾਨੀ ਵੀ ਹੁਣ ਚੰਗੇ ਸ਼ੇਰ ਬਣ ਗਏ, ਪਰ ਉਹ ਅਸਲੋਂ ਹੀ ਘਬਰਾ ਗਏ ਸਨ। ਉਨ੍ਹਾਂ ਨੇ ਝੂਠ-ਕੂੜ ਦੇ ਸਾਰੇ ਰੀਕਾਰਡ ਮਾਤ ਪਾਉਂਦਿਆਂ ਫਰੰਟ ਵਾਲਿਆਂ 'ਤੇ ਕਤਲ ਦੀ ਸਕੀਮ ਅਤੇ ਇਹੋ ਜਿਹੇ ਹੋਰ ਇਲਜ਼ਾਮ ਲਾਏ। ਪੁਲੀਸ ਸਟੇਸ਼ਨ ਪਹੁੰਚਣ 'ਤੇ ਫਰੰਟ ਵੱਲੋਂ ਆਪਣੀ ਦਲੀਲ ਪੇਸ਼ ਕੀਤੀ ਗਈ ਅਤੇ ਪੁਲੀਸ ਨੂੰ ਜਦ ਅਸਲੀਅਤ ਦਾ ਪਤਾ ਲੱਗਾ ਤਾਂ ਉਨ੍ਹਾਂ ਦਾ ਰਵੱਈਆ ਫਰੰਟ ਵੱਲ ਕਾਫੀ ਹਮਦਰਦੀ ਵਾਲਾ ਹੋ ਗਿਆ।

27 ਨਵੰਬਰ ਨੂੰ ਤਿੰਨਾਂ ਵਿਅਕਤੀਆਂ ਦੀ ਜ਼ਮਾਨਤ, ਜੋ ਕਿ ਪਹਿਲਾਂ ਤਿੰਨ ਹਜ਼ਾਰ ਪ੍ਰਤੀ ਵਿਅਕਤੀ ਸੀ, ਤੋਂ ਘਟਾ ਕੇ ਇਕ ਹਜ਼ਾਰ ਪ੍ਰਤੀ ਵਿਅਕਤੀ ਕਰ ਦਿੱਤੀ ਗਈ। ਤਿੰਨ ਵਿਅਕਤੀ ਇਮੀਗਰੇਸ਼ਨ ਦੀ ਰੋਕ ਲੱਗਣ ਕਰਕੇ ਜ਼ਮਾਨਤ 'ਤੇ ਰਿਹਾ ਨਾ ਕਰਵਾਏ ਜਾ ਸਕੇ। ਫਰੰਟ ਵਾਲਿਆਂ ਨੇ ਪੁਲੀਸ ਕਰਮਚਾਰੀਆਂ, ਕੇ ਵਕੀਲਾਂ, ਜੱਜ ਅਤੇ ਮੀਡੀਏ ਵਿਚ ਵੀ ਲੀਫਲੈੱਟ ਵੰਡੇ, ਜਿਸ ਕਰਕੇ ਇਹ ਸਾਰੀਆਂ ਸ਼ਕਤੀਆਂ ਦਾ ਰਵੱਈਆ ਫਰੰਟ ਵਾਲਿਆਂ ਪ੍ਰਤੀ ਕਾਫੀ ਹਮਦਰਦੀ ਵਾਲਾ ਸੀ। ਇਰਾਦਾ ਕਤਲ ਤੋਂ ਕੇਸ ਘਟਾ ਕੇ ਬੈਟਰੀ ਕਰ ਦਿੱਤੇ ਗਏ ਕਿਉਂਕਿ ਕਿਸੇ ਖ਼ਾਲਿਸਤਾਨੀਏ ਨੇ ਕੁੱਟ ਖਾਣ ਉਪਰੰਤ ਵੀ ਫਰੰਟ ਵਾਲਿਆਂ 'ਤੇ ਕਿਸੇ ਕਿਸਮ ਦਾ ਕੇਸ ਕਰਨ ਦਾ ਹੀਆ ਨਹੀਂ ਸੀ ਕੀਤਾ। 12 ਦਸੰਬਰ ਨੂੰ ਸਾਰਿਆਂ ਦੀ ਜੱਜ ਦੇ ਪੇਸ਼ੀ ਸੀ। ਖ਼ਾਲਿਸਤਾਨੀਆਂ ਵੱਲੋਂ 6 ਚਸ਼ਮਦੀਦ ਗਵਾਹ ਪੇਸ਼ ਕੀਤੇ ਜਾਣੇ ਸਨ, ਜਿਨ੍ਹਾਂ 'ਚੋਂ ਬਾਅਦ ਵਿਚ ਪੰਜ ਜਣੇ ਤਾਂ ਉਲਟਾ ਉਨ੍ਹਾਂ ਤੇ ਕੇਸ ਪੈ ਜਾਣ ਦੇ ਡਰੋਂ ਬੈਠ ਗਏ ਸਿਰਫ਼ ਇਕ ਹੀ ਅੜਿਆ। ਜੱਜ ਵੱਲੋਂ ਸਤਵੰਤ ਗਾਹੂ ਨੂੰ ਲੋੜ ਤੋਂ ਵੱਧ ਆਤਮ-ਸੁਰੱਖਿਆ ਲਈ ਤਾਕਤ ਵਰਤਣ ਦੋਸ਼ੋਂ ਇਕਮਹੀਨਾ ਕੈਦ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਜੱਜ ਨੇ ਕਿਹਾ "ਸਤਵੰਤ ਦੇ ਪਹਿਲਾਂ ਹੀ ਜੇਲ੍ਹ ਵਿਚ ਰਹਿਣ ਕਰਕੇ ਪੂਰੀ ਹੋ ਚੁੱਕੀ ਹੈ।" ਬਾਕੀ ਪੰਜਾਂ ਨੂੰ ਵੀ ਜੱਜ ਨੇ ਬਰੀ ਕਰ ਦਿੱਤਾ। ਛੇਆਂ 'ਤੇ ਸਿਰਫ਼ ਇਹ ਪਾਬੰਦੀ ਲਾਈ ਹੈ ਕਿ ਗੁਰਦੁਆਰਾ ਫਰੀਮੌਂਟ ਵਿਚ ਇਕ ਸਾਲ ਨਹੀਂ ਜਾ ਸਕਦੇ। ਬਾਕੀ ਹੋਰ ਕੋਈ ਵੀ ਕੇਸ ਨਹੀਂ ਹੈ। ਸੱਭ ਖ਼ਾਲਿਸਤਾਨੀਆਂ ਦੇ ਸਿਰੀਂ ਸੈਂਕੜੇ ਘੜੇ ਪਾਣੀ ਪੈ ਗਿਆ। ਉਹ ਕੋਰਟ ਦੀ ਕਾਰਵਾਈ ਖ਼ਤਮ ਹੋਣ ਤੋਂ ਪਹਿਲਾਂ ਹੀ ਦੋ-ਦੋ, ਚਾਰ-ਚਾਰ ਦੀਆਂ ਟੋਲੀਆਂ ਵਿਚ ਦੜ੍ਹਾ ਹੋ ਗਏ।

ਇਸ ਘਟਨਾ ਤੋਂ ਉਪਰੰਤ ਹੇਠ ਲਿਖੇ ਨੁਕਤੇ ਸਾਹਮਣੇ ਆਏ ਹਨ ਜੋ ਕਿ ਬਹੁਤ ਮਹੱਤਵ-ਪੂਰਨ ਹਨ:

1) ਇਸ ਘਟਨਾ ਤੋਂ ਬਾਅਦ ਖ਼ਾਲਿਸਤਾਨੀਏ ਆਪਸ ਵਿਚ ਝਗੜਦੇ ਦੇਖੇ ਗਏ। ਇਕ ਧਿਰ ਕਹਿ ਰਹੀ ਸੀ ਕਿ ਫਰੰਟ ਵਾਲਿਆਂ ਦਾ ਲੀਫਲੈੱਟ ਵੰਡਣ ਦਾ ਹੱਕ ਬਣਦਾ ਸੀ, ਤੁਸੀਂ ਉਨ੍ਹਾਂ ਮਗਰ ਕਿਉਂ ਪਏ?

2) ਦੋ ਦਸੰਬਰ ਦਿਨ ਐਤਵਾਰ ਨੂੰ ਫਰੀਮੌਂਟ ਗੁਰਦੁਆਰੇ ਵਿਚ ਖ਼ਾਲਿਸਤਾਨੀ ਲੀਡਰ ਸ਼ੇਰਗਿੱਲ, ਜਿਸ ਦੀ ਮੁਰੰਮਤ ਪਿਛਲੇ ਹਫ਼ਤੇ ਹੀ ਫਰੰਟ ਨੇ ਕੀਤੀ ਸੀ, ਨੇ ਕਿਹਾ "ਫਰੰਟ ਵਾਲੇ ਬੰਦੇ ਖ਼ਰਾਬ ਹਨ, ਇਹਨਾਂ ਦੀਆਂ ਦੂਰ ਤੱਕ ਸ਼ਾਖਾਵਾਂ ਹਨ। ਆਪਾਂ ਇਨ੍ਹਾਂ ਨਾਲ ਸਿੱਧਾ ਪੰਗਾ ਨਹੀਂ ਲੈਣਾ। ਆਪਾਂ ਇਹਨਾਂ ਦੇ ਬਿਲ-ਪੇਪਰਾਂ (ਇਮੀਗਰੇਸ਼ਨ ਦੇ ਪੇਪਰਾਂ) ਤੋਂ ਬੀਵੀਆਂ ਨੂੰ ਫਸਾਈਏ ਤੇ ਜਾਂ ਜਦੋਂ ਕਦੇ ਇਹ ਕਿਤੇ ਫਸੇ ਹੋਣ ਉਦੋਂ ਪੂਰਾ ਜ਼ੋਰ (ਕਾਨੂੰਨੀ) ਇਨ੍ਹਾਂ ਦੇ ਵਿਰੁੱਧ ਲਾਉ।

3) ਪਤਾ ਲੱਗਿਆ ਹੈ ਕਿ 'ਪੰਜਾਬ ਨੂੰ ਜੰਗ ਲਿਜਾਣ ਵਾਲਾ ਸਿੰਘ' ਅੱਜ ਕੱਲ ਕਿਤੇ ਨਹੀਂ ਲੱਭ ਰਿਹਾ। ਇਕ ਹੋਰ ਮੁਰਲੈਲੀ ਘਟਨਾ ਤੋਂ ਅਗਲੇ ਦਿਨ ਹੀ ਨਿਊਜਾਰਕ ਨੂੰ ਪੱਤਰੇ ਵਾਚ ਗਿਆ ਕਿ "ਇੱਥੇ ਤਾਂ ਰੌਲਾ ਰੱਪਾ ਬਹੁਤਾ ਹੈ।"

4) ਇਸ ਘਟਨਾ ਤੋਂ ਪਿੱਛੋਂ ਖ਼ਾਲਿਸਤਾਨੀ ਢਢੋਂਗ ਦਾ ਖਾਲੀ ਲਿਫਾਫਾ ਪਾਟ ਚੁੱਕਾ ਹੈ। ਆਮ ਲੋਕਾਂ ਵਿਚ ਇਹ ਵਿਚਾਰ ਸੁਣਿਆਂ ਗਿਆ ਹੈ ਕਿ ਸ਼ੁਕਰ ਹੈ ਖ਼ਾਲਿਸਤਾਨੀਆਂ ਵਿਰੁੱਧ ਵੀ ਕੋਈ ਨਿੱਤਰ ਕੇ ਸਾਹਮਣੇ ਆਇਆ ਹੈ।

5) ਗੁਰਦੁਆਰੇ ਦੇ ਆਸ ਪਾਸ ਵਾਲੇ ਗੋਰੇ ਗੁਰਦੁਆਰੇ ਦੇ 'ਚੰਦਰੇ ਗੁਆਂਢ' ਤੋਂ ਦੁਖੀ ਹਨ। ਕਿਉਂਕਿ ਮਾਰਚ ਵਿਚ ਇਥੇ ਹੀ ਲੀਡਰੀ ਪਿੱਛੇ ਜ਼ਬਰਦਸਤ ਕੁੱਤਾ-ਘੜੀਸ ਹੋਈ ਸੀ, ਜਿਸ ਕਰਕੇ ਇਕ ਪੁਲਸੀਆ ਵੀ ਜ਼ਖ਼ਮੀ ਹੋਇਆ ਸੀ।

6) ਸਿਆਸੀ ਮਾਮਲਿਆਂ ਵਿਚ ਫਰੰਟ ਦੇ ਪੈਰ ਲੱਗ ਗਏ ਹਨ। ਕੈਨੇਡਾ ਤੋਂ ਬਹੁਤ ਸਾਰੀਆਂ ਭਰਾਤਰੀ ਜਥੇਬੰਦੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਆਮ ਮੀਡੀਏ ਵਿਚ ਇਸ ਘਟਨਾ ਦਾ ਬਹੁਤ ਅਸਰ ਹੋਇਆ ਹੈ। ਫਰੰਟ ਦੇ ਹੌਸਲੇ ਬੁਲੰਦ ਹੋਏ ਹਨ।

7) ਸਭ ਤੋਂ ਮਹੱਤਵਪੂਰਣ ਤੱਥ ਜੋ ਇਸ ਘਟਨਾ ਚੋਂ ਉੱਭਰ ਕੇ ਆਇਆ ਹੈ ਉਹ ਇਹ ਹੈ ਭਾਰਤ ਵਿਚ ਵੱਸਦੇ ਬਹੁਤ ਸਾਰੇ ਸਾਧਾਰਨ ਲੋਕ ਅਤੇ ਭਰਾਤਰੀ ਜਥੇਬੰਦੀਆਂ ਇਹ ਮਹਿਸੂਸ ਕਰਦੀਆਂ ਸਨ ਕਿ ਖ਼ਾਲਿਸਤਾਨੀ ਤਹਿਰੀਕ ਨੂੰ ਬਾਹਰੋਂ ਹਵਾ ਮਿਲ ਰਹੀ ਹੈ। ਇਸ ਘਟਨਾ ਨੇ ਸਿੱਧ ਕਰ ਦਿੱਤਾ ਹੈ ਕਿ ਇੱਥੇ ਖ਼ਾਲਿਸਤਾਨੀ ਤਹਿਰੀਕ ਦੇ ਹਾਮੀ ਹੀ ਨਹੀਂ ਸਗੋਂ ਇਸ ਦੇ ਵਿਰੋਧ ਕਰਨ ਵਾਲੇ ਵੀ ਹਨ ਅਤੇ ਸਰਗਰਮੀ ਨਾਲ ਕੰਮ ਕਰ ਰਹੇ ਹਨ। ਇਸ ਘਟਨਾ ਨੇ ਜਿੱਥੇ ਖ਼ਾਲਿਸਤਾਨੀ ਅਨਸਰਾਂ ਦੇ ਸੋਗ ਪਾਇਆ ਹੈ, ਉਥੇ ਸਾਂਝੀਵਾਲਤਾ ਅਤੇ ਅਗਾਂਹਵਧੂ ਵਿਚਾਰਾਂ ਦੀ ਧਾਰਨੀ ਜਥੇਬੰਦੀਆਂ ਦੇ ਹੌਸਲੇ ਹੋਰ ਬੁਲੰਦ ਕੀਤੇ ਹਨ ਅਤੇ ਵੱਖਵਾਦੀ ਅਨਸਰਾਂ ਦਾ ਭਾਂਡਾ ਚੁਰਾਹੇ ਵਿਚ ਭੰਨਿਆ ਹੈ।

ਫਰੰਟ ਦੇ ਕਾਰਕੁਨ ਆਪਣੀਆਂ ਸਰਗਰਮੀਆਂ ਲਈ ਵਚਨਬੱਧ ਹਨ। ●

# ਸੁਰਖ਼ੀਆਂ

— ਸਾਧੂ

(ਇਹ 'ਸੁਰਖ਼ੀਆਂ' ਦਰਸਾਉਂਦੀਆਂ ਹਨ ਕਿ ਪਿਛਲੇ ਦੋ ਤਿੰਨ ਸਾਲਾਂ ਦੇ ਹਾਲਾਤ ਅਖ਼ਬਾਰਾਂ ਵਿਚ ਕਿਸ ਤਰ੍ਹਾਂ ਪੇਸ਼ ਹੁੰਦੇ ਰਹੇ ਹਨ। ਇਹਨਾਂ ਵਿਚ ਕਿੰਨੀਆਂ ਹੀ ਵਿਰੋਧਤਾਈਆਂ ਛਪੀਆਂ ਨਜ਼ਰ ਆਉਂਦੀਆਂ ਹਨ। ਇਹ ਇਕ ਸੰਖੇਪ ਦਸਤਾਵੇਜ਼ ਹੈ ਜਿਹੜੀ ਸ਼ਾਇਦ ਹਾਲਾਤ ਨੂੰ ਸਮਝਣ ਵਿਚ ਸਹਾਈ ਹੋ ਸਕੇ। ਇਹ ਸੁਰਖ਼ੀਆਂ ਇਸ ਤਰ੍ਹਾਂ ਲਿਖੀਆਂ ਕਈ ਨੂੰ ਕਵਿਤਾ ਜਾਪਦੀਆਂ ਹਨ, ਪਰ ਜੇ ਕਿਸੇ ਦੋਸਤ ਨੂੰ ਇਹ ਕਵਿਤਾ ਨਾ ਲੱਗਣ ਤਾਂ ਉਹ ਇਹਨਾਂ ਨੂੰ ਇਕ ਦਸਤਾਵੇਜ਼ ਸਮਝ ਕੇ ਹੀ ਪੜ੍ਹ ਸਕਦਾ ਹੈ — ਅਦਾਰਾ ਵਤਨੋਂ ਦੂਰ)

ਸਰਕਾਰ ਸਿੱਖਾਂ ਦੀਆਂ ਮੰਗਾਂ ਨਹੀਂ ਮੰਨ ਰਹੀ
ਸਿੱਖ ਆਗੂ ਸੰਤਾਂ ਦੇ ਧੜਿਆਂ ਵਿਚ ਵੰਡੇ ਗਏ
ਮੰਗਾਂ ਮਨਵਾਉਣ ਲਈ ਐਜੀਟੇਸ਼ਨ ਤੇਜ਼
ਗਾਂ ਦੇ ਕੰਨ ਵੱਢ ਕੇ ਮੰਦਰਾਂ 'ਚ ਸੁੱਟੇ ਗਏ
ਗੁਰਦੁਆਰਿਆਂ 'ਚ ਸਿਗਰਟਾਂ ਦੇ ਟੋਟੇ ਸੁੱਟੇ ਗਏ
ਅਸੀਂ ਪੰਜਾਬੀ ਨਹੀਂ ਹਿੰਦੂ ਹਾਂ
ਅਸੀਂ ਪੰਜਾਬੀ ਨਹੀਂ ਸਿੱਖ ਹਾਂ
ਇਕ 'ਹਿੰਦੂ ਹਿੰਦੂ' ਕੂਕਣ ਵਾਲੀ ਕਲਮ ਦਾ ਕਤਲ
ਸੰਤਾਂ ਨੇ ਕਤਲ ਨੂੰ ਠੀਕ ਕਿਹਾ
ਸੰਤਾਂ ਨੇ ਕਤਲ ਨੂੰ ਨਿੰਦਿਆ
ਧਾਰਮਿਕ ਅਸਥਾਨਾਂ ਤੋਂ ਸਮੱਗਲਿੰਗ ਹੋਣ ਦੀਆਂ ਅਫ਼ਵਾਹਾਂ
ਸੰਤਾਂ ਨੇ ਅਫ਼ਵਾਹਾਂ ਨੂੰ ਹਿੰਦੂਆਂ ਦੀ ਚਾਲ ਦੱਸਿਆ
ਸਿੱਖਾਂ ਦੇ ਮਸਲੇ ਦਾ ਹੱਲ ਨਾ ਕਰਨ ਲਈ ਸਰਕਾਰ 'ਤੇ ਦੋਸ਼
ਸਰਕਾਰ ਨੇ ਇਸ ਨੂੰ ਸਿੱਖਾਂ ਦੀ ਚਾਲ ਦੱਸਿਆ
ਸੰਤਾਂ ਦੇ ਬੰਦਿਆਂ ਨੇ ਹਿੰਦੂ ਕੁੜੀਆਂ ਦੀ ਪਤ ਲੁੱਟੀ
ਸੰਤਾਂ ਨੇ ਇਸ ਨੂੰ ਹਿੰਦੂਆਂ ਦੀ ਚਾਲ ਦੱਸਿਆ
ਸਿੱਖਾਂ ਦੇ ਚੁਣੇ ਹੋਏ ਆਗੂਆਂ ਨੂੰ ਅੱਖੋਂ ਪਰੋਖੇ ਕਰ —
ਵਿਦੇਸ਼ੀ ਅਖ਼ਬਾਰਾਂ ਤੇ ਦੂਰਦਰਸ਼ਨ ਸੰਤਾਂ ਦੇ ਗੁਣ ਗਾਉਣ ਲੱਗੇ
ਸੰਤਾਂ ਦੀ ਅਨਪੜ੍ਹ ਕੁਰੱਖ਼ਤ ਆਵਾਜ਼ —
ਲੰਡਨ, ਨਿਊਯਾਰਕ, ਆਟਵਾ ਗੂੰਜਣ ਲੱਗੀ
ਦੁਨੀਆਂ ਦੇ ਹਰ ਕੋਨੇ 'ਚ ਗੂੰਜਦੀ ਆਵਾਜ਼
ਸਿੱਖਾਂ ਨੂੰ ਗਿਆਰਵਾਂ ਗੁਰੂ ਜਾਪਣ ਲੱਗੀ
ਸਰਕਾਰ ਸਿੱਖਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ
ਸਰਕਾਰ ਅਸਲ ਵਿਚ ਹਿੰਦੂ ਸਾਮਰਾਜ ਹੈ
ਸਿੱਖਾਂ ਨੂੰ ਧਰਤੀ ਤੋਂ ਖ਼ਤਮ ਕਰਨ ਦੀ ਏਹਦੀ ਪੱਕੀ ਚਾਲ ਹੈ
ਹਿੰਦੂਆਂ ਨੂੰ ਅਸੀਂ ਮੁਸਲਮਾਨ ਹੋਣੋਂ ਬਚਾਇਆ
ਜੇ ਅਸੀਂ ਨਾ ਹੁੰਦੇ ਅੱਜ ਹਿੰਦੂ ਨਾ ਹੁੰਦੇ
ਜੇ ਅਸੀਂ ਨਾ ਹੁੰਦੇ ਅੱਜ ਸਿੱਖ ਨਾ ਹੁੰਦੇ
ਇਹ ਝੂਠ ਹੈ, ਗੁਰੂ ਨਾਨਕ ਦੇਵ ਹਿੰਦੂ ਨਹੀਂ ਸੀ
ਅਸੀਂ ਸ਼ੇਰ ਹਾਂ ਇਸ ਕਰਕੇ ਗਿਣਤੀ ਵਿਚ ਥੋੜ੍ਹੇ ਹਾਂ
ਸਾਡੇ ਇਕ ਦੇ ਹਿੱਸੇ ਮਸੀਂ ਪੈਂਤੀ ਹਿੰਦੂ ਆਉਂਦੇ ਹਨ
ਕੀ ਅਸੀਂ ਪੈਂਤੀ ਹਿੰਦੂ ਵੀ ਨਹੀਂ ਮਾਰ ਸਕਾਂਗੇ?
ਜ਼ਰੂਰ ਜ਼ਰੂਰ, ਅਸੀਂ ਛੱਤੀ ਛੱਤੀ ਮਾਰਾਂਗੇ
ਬੱਸ 'ਚੋਂ ਕੱਢ ਕੇ ਛੇ ਮਾਰੇ
ਇਹ ਤਾਂ ਅਜੇ ਨਮੂਨੀ ਹੈ
ਅਸੀਂ ਹਿੰਦੂ-ਖ਼ੂਨ ਦੀਆਂ ਨਦੀਆਂ ਵਹਾ ਦਿਆਂਗੇ
ਅਸੀਂ ਸਿੱਖਾਂ ਨੂੰ ਕੱਚਿਆਂ ਖਾ ਜਾਵਾਂਗੇ
ਇਹ ਜਨੂੰਨੀ ਨਸ਼ਾ ਹੈ ਇਹ ਪਾਗਲਪਣ ਹੈ
ਮੁੜ ਸੰਤਾਲੀ ਕਿਉਂ ਬਣਾਉਂਦੇ ਹੋ
ਇਕ ਵਸਦੇ ਘਰ ਨੂੰ ਕਿਉਂ ਅੱਗ ਲਾਉਂਦੇ ਹੋ
ਇਸ ਤਰ੍ਹਾਂ ਬੋਲਣ ਵਾਲੀ ਪ੍ਰੀਤ-ਲੜੀ 'ਚ ਪ੍ਰੋਣ ਵਾਲੀ —

ਕਲਮ ਦਾ ਕਤਲ
ਇਕ ਕਮਿਊਨਿਸਟ ਸੰਪਾਦਕ ਦਾ ਕਤਲ
ਪੰਜਾਬੀ ਲੇਖਕ ਨਿਵਾਜ਼ੀ ਦਾ ਕਤਲ
ਏਕਤਾ ਦੀ ਗੱਲ ਕਰਨ ਵਾਲਿਆਂ ਦੀ ਮਾਰ ਕੁਟਾਈ
ਵਿਦੇਸ਼ੀ ਅਖ਼ਬਾਰਾਂ ਹਰ ਘਟਨਾਂ
ਵਿਸ਼ਵ-ਪੱਧਰ 'ਤੇ ਪੇਸ਼ ਕਰ ਰਹੀਆਂ ਹਨ
ਜਨੂੰਨੀ ਕਤਲ ਸਿੱਖਾਂ ਦੀ ਐਜੀਟੇਸ਼ਨ ਦਾ ਹਿੱਸਾ ਨਹੀਂ ਹਨ
ਇਹ ਕਤਲ ਕਾਂਗਰਸ ਖ਼ੁਦ ਕਰਵਾ ਰਹੀ ਹੈ
ਅਸੀਂ ਜਨੂੰਨੀ ਕਾਤਲ ਨਹੀਂ
ਸਾਡੀ ਹਿੱਟ ਲਿਸਟ 'ਤੇ
ਹਿੰਦੂ ਵੀ ਹਨ, ਸਿੱਖ ਵੀ ਤੇ ਨਾਸਤਿਕ ਵੀ
ਅਸੀਂ ਆਪਣੀਆਂ ਮੰਗਾਂ ਮਨਵਾਉਣ ਲਈ ਹੋਰ ਕਤਲ ਕਰਾਂਗੇ
ਦਿੱਲੀ ਵਿਚ ਸਿੱਖਾਂ ਦੀ ਫੜ-ਫੜਾਈ
ਲੋਕਾਂ ਦੇ ਚੁਣੇ ਹੋਏ ਅਕਾਲੀ ਆਗੂ ਸੋਕ ਮਾਰ ਗਏ
ਹਰਿਆਣੇ ਵਿਚ ਸਿੱਖਾਂ ਦੀ ਮਾਰ ਕੁਟਾਈ
ਗੁਰਦੁਆਰੇ ਜਾਲ਼ ਦਿੱਤੇ ਗਏ
ਸੰਤਾਂ ਨੇ ਬਦਲੇ ਦੀ ਗੱਲ ਕੀਤੀ ਹੈ
ਸਿੱਖ ਜਗਤ ਇਹਨਾਂ ਖ਼ਬਰਾਂ ਨਾਲ ਭੜਕ ਉੱਠਿਆ
ਪੰਜਾਬ ਦੀ ਹਵਾ 'ਚ ਜ਼ਹਿਰ ਘੁਲਣ ਲੱਗਾ
ਕਤਲਾਂ ਦਾ ਸਿਲਸਿਲਾ ਤੇਜ਼
ਸੰਤਾਂ ਦੀ ਆਪਸੀ ਟੱਕਰ ਦੀਆਂ ਅਫ਼ਵਾਹਾਂ
ਤੂੰ ਕਾਂਗਰਸੀ ਹੈਂ
ਨਹੀਂ, ਤੂੰ ਕਾਂਗਰਸੀ ਹੈਂ
ਬਾਹਮਣੀ ਤੇਰੀ ਮਾਂ ਹੈ
ਨਹੀਂ, ਬਾਹਮਣੀ ਤੇਰੀ ਮਾਂ ਹੈ
ਧਾਰਮਿਕ ਅਸਥਾਨ ਦੀ ਨਾਲੀ 'ਚੋਂ ਲਾਸ਼ਾਂ ਬਰਾਮਦ
ਦਿੱਲੀ ਦੀ ਸਰਕਾਰ ਵੱਲੋਂ ਸੰਤਾਂ ਨੂੰ ਚਿਤਾਵਨੀ
ਮੈਂ ਆਖ਼ਰੀ ਦਮ ਤੱਕ ਲੜਦਾ ਰਹਾਂਗਾ
ਸੰਤਾਂ ਦੇ ਬੰਦਿਆਂ ਹਵਾਈ ਜਹਾਜ਼ ਅਗਵਾ ਕਰ ਲਿਆ
ਸੰਤਾਂ ਦੀ ਪਾਕਿਸਤਾਨ ਦੇ ਆਗੂਆਂ ਨਾਲ ਸਾਂਝ
ਇਹ ਸਭ ਹਿੰਦੂ ਸਰਕਾਰ ਦੀਆਂ ਚਾਲਾਂ ਹਨ
ਸਿੱਖਾਂ ਦੀ ਲਹਿਰ ਲਈ ਲੰਡਨ, ਨਿਊਯਾਰਕ, ਆਟਵਾ ਫ਼ਿਕਰਮੰਦ
ਸਿੱਖ ਆਗੂਆਂ ਦੀ ਯੂ. ਐਨ. ਓ. ਅੱਗੇ ਅਪੀਲ
ਖ਼ਾਲਿਸਤਾਨ ਦੀ ਮੰਗ ਵਧ ਰਹੀ ਹੈ
ਵਿਦੇਸ਼ੀ ਸਿੱਖ ਲੜਾਈ ਵਿਚ ਹਿੱਸਾ ਲੈਣ ਲੱਗੇ
ਵਿਦੇਸ਼ਾਂ ਵਿਚ ਖ਼ਾਲਿਸਤਾਨ ਦੇ ਦਫ਼ਤਰ
ਖ਼ਾਲਿਸਤਾਨ ਦਾ ਡਾਲਰ (ਰੁਪਇਆ ਨਹੀਂ) ਛਪ ਗਿਆ
ਭਾਰਤ ਦੀ ਸਰਕਾਰ ਕੈਨੇਡਾ ਦੇ ਜਿੰਦਾ ਸ਼ਹੀਦ ਤੋਂ ਭੈਭੀਤ
ਜਿੰਦਾ ਸ਼ਹੀਦ ਕਤਲ ਕਰਕੇ ਫ਼ਰਾਰ
ਕੈਨੇਡਾ ਦੀ ਸੰਗਤ ਨੇ ਜਿੰਦਾ ਸ਼ਹੀਦ ਦੇ ਪੈਰਾਂ ਵਿਚ ਡਾਲਰ ਵਿਛਾ ਦਿੱਤੇ
ਸ਼ਹੀਦ (ਜਿੰਦਾ) ਦੇ ਤਿੰਨ ਘਰ ਉੱਸਰ ਗਏ

ਸ਼ਹੀਦ ਦੀ ਪਤਨੀ ਹਰ ਹਫ਼ਤੇ ਜਰਮਨ ਜਾਂਦੀ ਹੈ
ਸਰਕਾਰ ਸਖ਼ਤੀ ਵਰਤੇਗੀ
ਸੰਤ ਮਰਦੇ ਦਮ ਤੱਕ ਡਟੇ ਰਹਿਣਗੇ
ਫੌਜ ਧਾਰਮਿਕ ਅਸਥਾਨਾਂ ਵਿਚ ਦਾਖਲ ਨਹੀਂ ਹੋਵੇਗੀ
ਦਾਖਲ ਨਹੀਂ ਹੋਣ ਦਿੱਤੀ ਜਾਵੇਗੀ
ਧਾਰਮਿਕ ਅਸਥਾਨ ਵਿਚ ਫੌਜ ਨਹੀਂ ਦਾਖਲ ਹੋਣੀ ਚਾਹੀਦੀ
ਧਾਰਮਿਕ ਅਸਥਾਨ ਵਿਚ ਹਥਿਆਰ ਨਹੀਂ ਹੋਣੇ ਚਾਹੀਦੇ
ਸਿੱਖਾਂ ਦਾ ਹਥਿਆਰ ਰੱਖਣਾ ਜਮਾਂਦਰੂ ਹੱਕ ਹੈ
ਸਿੱਖਾਂ ਦਾ ਆਪਣੇ ਦੁਸ਼ਮਣ ਨੂੰ ਮਾਰਨਾ ਜਮਾਂਦਰੂ ਹੱਕ ਹੈ
ਸਿੱਖ ਕੌਮ ਆਪਣੀ ਰਾਖੀ ਕਰਨਾ ਜਾਣਦੀ ਹੈ
ਦੁਸ਼ਮਣ ਕੋਈ ਵੀ ਹੋ ਸਕਦਾ ਹੈ - ਹਿੰਦੂ, ਸਿੱਖ, ਮਰਦ, ਔਰਤ
ਕੀ ਸਿੱਖ ਕੌਮ ਹੈ?
ਗੱਦਾਰੋ ਚੁੱਪ ਕਰੋ
ਸਰਕਾਰ ਫੌਜੀ ਦਖਲ-ਅੰਦਾਜ਼ੀ ਨਹੀਂ ਕਰੇਗੀ
ਪੰਜਾਬ 'ਤੇ ਫੌਜ ਤਾਇਨਾਤ - ਹਰ ਪਿੰਡ ਛਾਉਣੀ
ਧਾਰਮਿਕ ਅਸਥਾਨਾਂ ਦੁਆਲੇ ਫੌਜ ਦਾ ਪਹਿਰਾ
ਫੌਜ ਧਾਰਮਿਕ ਅਸਥਾਨ ਵਿਚ ਦਾਖਲ ਨਹੀਂ ਹੋਵੇਗੀ
ਫੌਜ ਧਾਰਮਿਕ ਅਸਥਾਨ ਵਿਚ ਦਾਖਲ ਨਹੀਂ/ ਹੋ ਗਈ ਹੈ
ਸਿੱਖ ਜਥੇ ਬਹਾਦਰੀ ਨਾਲ ਲੜ ਰਹੇ ਹਨ
ਫੌਜੀ ਨੌਜਵਾਨ ਸ਼ਾਂਤੀ ਦੀ ਰੱਖਿਆ ਲਈ ਜਾਨਾਂ ਦੇ ਰਹੇ ਹਨ
ਬੱਚੇ, ਬੁੱਢੇ, ਮਰਦ, ਔਰਤਾਂ ਮਰ ਰਹੇ ਹਨ
ਲੋਕਾਂ ਦੇ ਘਰ ਢਹਿ ਰਹੇ ਹਨ
ਹਵਾ ਵਿਚ ਮੌਤ ਦੀ ਗੰਧ ਹੈ
ਫੌਜੀਆਂ ਨੇ ਸ਼ਾਂਤੀ ਬਚਾ ਲਈ ਹੈ
ਧਾਰਮਿਕ ਅਸਥਾਨ ਕਬਜ਼ੇ ਵਿਚ ਹੈ
ਸ਼ਾਂਤੀ ਕਾਇਮ ਹੈ
ਪਿੰਡਾਂ ਵਿਚ ਔਰਤਾਂ ਦੀ ਪਤ ਲੁੱਟੀ ਜਾ ਰਹੀ ਹੈ
ਪਿੰਡਾਂ 'ਚੋਂ ਲੋਕ ਧਾਰਮਿਕ ਅਸਥਾਨ ਵੱਲ ਵਧੇ
ਰਾਹ ਵਿਚ ਗੋਲੀ ਦਾ ਸ਼ਿਕਾਰ ਹੋਏ
ਲੋਕਾਂ ਦੇ ਘਰ, ਫਸਲਾਂ ਤਬਾਹ ਹੋਈਆਂ ਹਨ
ਔਰਤਾਂ ਵਿਧਵਾ ਹੋਈਆਂ ਹਨ
ਕੰਮ-ਕਾਰ, ਪੜ੍ਹਾਈ ਦਾ ਨੁਕਸਾਨ ਹੋਇਆ ਹੈ
ਹਿੰਦੂਆਂ ਨੇ ਖੁਸ਼ੀ ਵਿਚ ਲੱਡੂ ਵੰਡੇ ਹਨ
ਸਿੱਖ ਕੌਮ ਧਾਰਮਿਕ ਅਸਥਾਨ 'ਤੇ ਹਮਲੇ ਦਾ ਬਦਲਾ ਲਵੇਗੀ
ਸਿੱਖ ਕੌਮ ਲੜਨ, ਮਰਨ ਲਈ ਤਿਆਰ ਹੈ
ਸਰਕਾਰ ਹਰ ਸਿੱਖ ਨੌਜਵਾਨ ਨੂੰ ਖ਼ਤਮ ਕਰਨ 'ਤੇ ਤੁਲ ਪਈ ਹੈ
ਪੰਜਾਬ ਵਿਚ ਬੱਚਾ ਬੱਚਾ ਖ਼ਾਲਿਸਤਾਨ ਦੀ ਮੰਗ ਕਰ ਰਿਹਾ ਹੈ
ਪੰਜਾਬ ਵਿਚ ਇੱਕਾ ਦੁੱਕਾ ਲੋਕ ਖ਼ਾਲਿਸਤਾਨ ਚਾਹੁੰਦੇ ਹਨ
ਪੰਜਾਬ ਦੀ ਹਰ ਘਟਨਾ ਵਿਦੇਸ਼ੀ ਲੰਬੜਦਾਰ ਹਰ ਪਲ ਦੱਸ ਰਹੇ ਹਨ
ਦੁਨੀਆਂ ਭਰ ਵਿਚ ਪੰਜਾਬ ਦੀ ਘਟਨਾਂ ਦੀ ਚਰਚਾ ਹੈ
ਆਂਧਰਾ ਪਰਦੇਸ਼ ਵਿਚ ਪੁਲਿਸ ਨੇ ਛੇ ਹਜ਼ਾਰ ਹੜਤਾਲੀ-ਕਾਮੇ ਮਾਰ ਦਿੱਤੇ
ਐੱਲ-ਸੈਲਵਾਡੋਰ ਵਿਚ ਆਜ਼ਾਦੀ ਦੀ ਲੜਾਈ ਤੇਜ
ਨਿਕਾਰਾਗੂਆ ਉੱਪਰ ਅਮਰੀਕੀ ਹਮਲੇ ਦੀਆਂ ਤਿਆਰੀਆਂ
ਸਾਊਥ - ਅਫਰੀਕਾ ਵਿੱਚ ਕਾਲਿਆਂ 'ਤੇ ਨਿੱਤ ਗੋਲੀ ਚੱਲਦੀ ਹੈ
ਪੰਜਾਬ ਦੀ ਘਟਨਾਂ ਦੁਨੀਆਂ ਦੀ ਸਭ ਤੋਂ ਵੱਡੀ ਘਟਨਾਂ ਹੈ
ਨਿਊਯਾਰਕ ਵੀ ਇਹੋ ਕਹਿੰਦਾ ਹੈ ਮਾਸਕੋ ਵੀ
ਹਰ ਸਿੱਖ ਦਾ ਹਰ ਹਿੰਦੂ ਦੁਸ਼ਮਣ ਹੈ
ਅਸੀਂ ਆਪਣੇ ਅਤੇ ਹਿੰਦੂਆਂ ਵਿਚਾਲੇ ਕੰਧ ਉਸਾਰਨੀ ਹੈ

ਜੋ ਉਹ ਖਾਂਦੇ ਹਨ ਅਸੀਂ ਖਾਣਾ ਨਹੀਂ
ਜੋ ਉਹ ਪਹਿਨਦੇ ਹਨ ਅਸੀਂ ਪਹਿਨਣਾ ਨਹੀਂ
ਸਾੜੀਆਂ ਪਾੜ ਦਿਉ, ਚੌਲ ਨਾ ਖਾਉ
ਅਸੀਂ ਸਿੱਖ ਕੌਮ ਦੀ ਤੌਹੀਨ ਦਾ ਬਦਲਾ ਲਵਾਂਗੇ
ਸੂਰਮੇ ਸੰਤ-ਸਿਪਾਹੀ ਦੀ ਸ਼ਹੀਦੀ ਦਾ ਮੁੱਲ ਚੁਕਾਵਾਂਗੇ
ਉਹ ਮਹਾਨ ਸਨ ਮਰਦੇ ਦਮ ਤੱਕ ਲੜਦੇ ਰਹੇ
ਜੋ ਕਿਹਾ ਕਰ ਕੇ ਵਿਖਾਇਆ
ਉਹ ਧਾਰਮਿਕ ਅਸਥਾਨ ਦੀ ਆੜ ਵਿਚ ਲੁਕਣ ਵਾਲੇ ਡਰਾਕਲ ਸਨ
ਧਾਰਮਿਕ ਅਸਥਾਨ ਦੀ ਬੇਇੱਜ਼ਤੀ ਦੇ ਜ਼ਿੰਮੇਵਾਰ ਹਨ
ਇਹ ਬਕਵਾਸ ਕਰਨ ਵਾਲੇ ਸਭ ਹਿੰਦੂ ਹਨ
ਇਹਨਾਂ ਨੂੰ ਮਾਰ ਦਿਉ
ਮੌਤ ਹੀ ਇਕ ਦਵਾਈ ਹੈ ਹਰ ਪਾਸੇ ਦੁਹਾਈ ਹੈ
ਉਹ ਮਹਾਨ ਸ਼ਹੀਦ ਸੀ
ਕੁਰਬਾਨੀ ਦੇ ਕੇ ਕੌਮ ਨੂੰ ਜਗਾ ਗਿਆ
ਆਪਣੀ ਦੇਹ 'ਤੇ ਬਹਾਦਰ ਗੋਲੀਆਂ ਖਾ ਗਿਆ
ਉਹ ਸਾਡਾ ਗੁਰੂ ਸੀ, ਰੱਬ ਸੀ
ਉਹ ਸ਼ਹੀਦ ਹੋਇਆ ਹੈ ਤੇ ਮਰਿਆ ਵੀ ਨਹੀਂ
ਸੰਤ ਜ਼ਿੰਦਾ ਹਨ
ਜ਼ਖ਼ਮੀ ਹਾਲਤ ਵਿਚ ਕਿਸੇ ਦੋਸਤ ਦੇਸ਼ ਵਿਚ ਆਰਾਮ ਫਰਮਾ ਰਹੇ ਹਨ
ਸੰਤ ਮੌਕੇ 'ਤੇ ਪਰਗਟ ਹੋਣਗੇ
ਜੇ ਉਹ ਜ਼ਿੰਦਾ ਹੋਏ ਤਾਂ ਤਰਥੱਲ ਮੱਚੇਗਾ
ਸੰਤਾਂ ਦੀ ਲੋੜ ਹੈ ਕੌਮ ਨੂੰ
ਸੰਤ ਜ਼ਿੰਦਾ ਹਨ
ਲੀਡਰੀ ਲਈ ਜੁੱਤੀ ਖੜਕ ਰਹੀ ਹੈ
ਆਗੂਆਂ ਲਈ ਹਵਾਈ ਜ਼ਹਾਜ਼ ਤੇ ਕਾਰਾਂ ਚਾਹੀਦੀਆਂ ਹਨ
ਤੁਸੀਂ ਸਿੱਖ ਨਹੀਂ, ਪੈਸੇ ਪਿੱਛੇ ਭੱਜਦੇ ਚੋਰ ਹੋ
ਨਹੀਂ ਤੁਸੀਂ ਚੋਰ ਹੋ
ਮੈਨੂੰ ਸੰਤਾਂ ਨੇ ਕੌਮ ਦੀ ਰਹਿਨੁਮਾਈ ਲਈ ਭੇਜਿਆ ਹੈ
ਸੰਤਾਂ ਬਾਅਦ ਸਿੱਖ ਕੌਮ ਦਾ ਲੀਡਰ ਮੈਂ ਹੀ ਹੋ ਸਕਦਾ ਹਾਂ
ਤੇ ਮੈਥੋਂ ਬਾਅਦ ਇਹ ਅਜੀਬ ਸਿੰਘ
ਸਿੰਘੋ ਸੰਭਲੋ, ਕੌਮ ਨਾਜ਼ੁਕ ਮੌਕੇ 'ਚੋਂ ਗੁਜ਼ਰ ਰਹੀ ਹੈ
ਇਹ ਆਖ਼ਰੀ ਘੱਲੂਘਾਰਾ ਹੈ
ਧਾਰਮਿਕ ਅਸਥਾਨ 'ਤੇ ਹੋਏ ਹਮਲੇ ਦਾ ਬਦਲਾ ਲਵਾਂਗੇ
ਪੈਸੇ ਸਾਨੂੰ ਦਿਉ
ਸਾਡੇ ਕੋਲ ਅਸਲੀ ਪ੍ਰੋਗਰਾਮ ਹੈ
ਫੰਡ ਇਸ ਪਤੇ 'ਤੇ ਭੇਜੋ
ਕੁਝ ਆਪੇ ਬਣੇ ਆਗੂ ਜ਼ਿੰਦਾ ਸ਼ਹੀਦ ਨਹੀਂ ਹੋ ਸਕਦੇ
ਇਹ ਜਰਮਨ 'ਚ ਕਿੱਦਾਂ ਪਹੁੰਚੇ ਸੀ?
ਇਹ ਜਰਮਨ 'ਚੋਂ ਕਿੱਦਾਂ ਆਏ?
ਇਹ ਕਿਸੇ ਨੂੰ ਹਿਸਾਬ ਕਿਤਾਬ ਹੀ ਨਹੀਂ ਦੇ ਰਹੇ
ਚਾਕੂ ਨਾਲ ਰਾਕਟ ਦਾ ਢਿੱਡ ਪਾੜਨ ਦੀ ਡੀਂਗ ਮਾਰਦੇ ਹਨ
ਸਿੰਘੋ ਸੰਭਲੋ ਪੰਥ ਨੂੰ ਖ਼ਤਰਾ ਹੈ
ਖ਼ਤਰਾ ਨਵੇਂ ਹਥਿਆਰਾਂ ਨਾਲ ਹੀ ਟਲੇਗਾ
ਸ਼ਾਂਤੀ ਹਥਿਆਰਾਂ ਨਾਲ ਹੀ ਆਉਂਦੀ ਹੈ
ਪ੍ਰਧਾਨ ਰੀਗਨ ਨੇ ਕਿਹੈ ਉਹ ਸ਼ਾਂਤੀ ਲਈ ਹੋਰ ਹਥਿਆਰ ਬਣਾਏਗਾ
ਮਾਸਕੋ ਵੀ ਸ਼ਾਂਤੀ ਲਈ ਹੋਰ ਹਥਿਆਰ ਤਿਆਰ ਕਰ ਰਿਹਾ ਹੈ
ਸੰਤ ਜ਼ਿੰਦਾ ਹਨ
ਖ਼ਾਲਿਸਤਾਨੀਆਂ ਕੋਲ ਹੁਣ ਆਪਣਾ ਜਹਾਜ਼ ਹੈ

ਸਾਡੇ ਹਰ ਪਿੰਡ 'ਚ ਪ੍ਰਗਟ ਹੋਇਆ ਬਾਜ਼ ਹੈ
ਬਾਜ਼ ਪ੍ਰਗਟ ਹੋਏ ਹਨ, ਤੜਪੇ ਹਨ, ਮਰ ਗਏ ਹਨ
ਉਹ ਬਾਜ਼ ਨਹੀਂ ਚੂਹੇ ਖਾਣੇ ਸ਼ਿਕਰੇ ਹਨ
ਚੂਹਿਆਂ ਤੋਂ ਜ਼ਹਿਰ ਦਾ ਸ਼ਿਕਾਰ ਹੋ ਕੇ ਮਰ ਰਹੇ ਹਨ
ਉਹ ਬਾਜ਼ ਹਨ ਤੁਸੀਂ ਸਭ ਹਿੰਦੂ ਹੋ
ਲੰਡਨ ਵਿਚ ਤਿੰਨਾਂ ਹਫ਼ਤਿਆਂ ਵਿਚ ਤਿੰਨ ਲੱਖ ਪੌਂਡ 'ਕੱਠੇ ਹੋਏ
ਨਿਊਯਾਰਕ, ਵਾਸ਼ਿੰਗਟਨ ਵਿਚ ਸਿੱਖਾਂ ਦੇ ਹੌਸਲੇ ਬੁਲੰਦ
ਭਾਰਤੀ ਸਰਕਾਰ ਦੇ ਨੁਮਾਇੰਦਿਆਂ ਦੇ ਆਂਡੇ, ਜੁੱਤੀਆਂ
ਭਾਰਤੀ ਸਰਕਾਰ ਦੇ ਜਰਨੈਲ ਦੀ ਛਿੜੀ ਉੜਾ ਦਿੱਤੀ
ਜੈਲੂ ਕੁੱਤੇ ਦੀ ਟੇਪ ਲੂਹ ਦਿੱਤੀ
ਟੇਪ ਪ੍ਰਕਾਸ਼ਤ ਕਰਨ ਵਾਲੇ ਦੇ ਜੁੱਤੀਆਂ
ਸਟੋਰਾਂ ਵਾਲਿਆਂ ਨੇ ਸਟੋਰਾਂ ਵਾਲਿਆਂ ਦੇ ਧੱਕੇ ਮਾਰੇ, ਮਰਵਾਏ
ਫ਼ੌਜ ਤਿਆਰ ਕੀਤੀ ਜਾ ਰਹੀ ਹੈ
ਸਰਕਾਰ ਨੇ ਵੀਜ਼ਾ ਠੋਕ ਦਿੱਤਾ ਹੈ
ਲੈ ਲਉ ਹੋਰ ਪੰਗੇ
ਸੰਤ ਜ਼ਿੰਦਾ ਹਨ
ਬਾਹਮਣੀ ਗੱਡੀ ਚਾੜ੍ਹ ਦਿੱਤੀ ਗਈ
ਸਿੱਖ ਜਗਤ 'ਚ ਖ਼ੁਸ਼ੀ ਦੀ ਲਹਿਰ
ਸੀਟੀਆਂ, ਚੀਕਾਂ, ਪਟਾਕੇ, ਥਰੀ ਐੱਕਸ ਰੱਮ
ਹਿੰਦੂਆਂ ਦੀਆਂ ਅੱਖਾਂ 'ਚ ਹੰਝੂ
ਜਿਹੜੇ ਸੰਤ ਮਰੇ ਤੋਂ ਲੱਡੂ ਵੰਡਦੇ ਸਨ ਹੁਣ ਕਿਉਂ ਰੋਂਦੇ ਹਨ ?
ਸੰਤ ਜ਼ਿੰਦਾ ਹਨ
ਸਿੱਖ ਵੀ ਲੱਡੂ ਵੰਡਣ ਲੱਗੇ
ਭੰਗੜਾ ਪਾਉ, ਪਟਾਕੇ ਵਜਾਉ
ਮਠਿਆਈਆਂ ਖਾਉ ਇਹ ਜਸ਼ਨ ਦਾ ਦਿਨ ਹੈ
ਸਿੱਖ ਇਕ ਬਹਾਦਰ ਕੌਮ ਹੈ
ਸਾਰੀ ਦੁਨੀਆਂ 'ਚੋਂ ਮਹਾਨ
ਬਹਾਦਰ ਵੈਰੀ ਮਰੇ 'ਤੇ ਨੱਚਦੇ ਹਨ ?
ਪਤਾ ਨਹੀਂ
ਜਿੰਨਾ ਪਾ ਲਿਆ ਠੀਕ ਹੈ ਹੋਰ ਨਾ ਪਾਉ
ਟੀ. ਵੀ. ਤੇ ਘੰਟਿਆਂ ਬੱਧੀ ਇੰਦਰਾ ਦਾ ਕਤਲ ਪੇਸ਼ ਕੀਤਾ ਜਾ ਰਿਹਾ ਹੈ
ਅਮਰੀਕਾ ਦਾ ਬੱਚਾ ਬੱਚਾ ਇਸ ਵਿਚ ਦਿਲਚਸਪੀ ਲੈ ਰਿਹਾ ਹੈ
ਹਰ ਕੋਈ ਟੀ. ਵੀ. ਦੇਖ ਰਿਹਾ ਹੈ
ਟੀ. ਵੀ. 'ਤੇ ਸਿਰਫ਼ ਇੰਦਰਾ ਹੈ ਉਹ ਵੀ ਮਰੀ ਹੋਈ
ਸ਼ਹਿਰਾਂ ਵਿਚ ਹਿੰਦੂਆਂ ਵੱਲੋਂ ਸਿੱਖਾਂ ਦਾ ਕਤਲੇਆਮ ਸ਼ੁਰੂ
ਇਕੱਲੇ ਦਿੱਲੀ 'ਚ ਪੌਂਹਟ ਕੁੱਲ ਇਕ ਸੌ ਪੰਦਰਾਂ
ਰਾਜੀਵ ਗਾਂਧੀ ਪ੍ਰਧਾਨ ਚੁਣੇ ਗਏ
ਹੁਣ ਅਸੀਂ ਉਸ ਨੂੰ ਵੀ ਗੱਡੀ ਚਾੜ੍ਹਾਂਗੇ
ਕਤਲ ਹੋਣ ਵਾਲਿਆਂ ਦੀ ਗਿਣਤੀ ਪੰਜ ਸੌ ਤੋਂ ਵੀ ਉੱਤੇ
ਜੈਲ ਸਿੰਘ ਨੇ ਖ਼ੁਸ਼ਾਮਦ ਸਿੰਘ ਨੂੰ
ਕਿਸੇ ਹਿੰਦੂ ਦੇ ਘਰ ਲੁਕਣ ਦੀ ਸਲਾਹ ਦਿੱਤੀ
ਸਿੱਖ ਮੂਲੀਆਂ ਗਾਜਰਾਂ ਵਾਂਗ ਵੱਢੇ ਗਏ
ਸਿੱਖ ਮਿੱਟੀ ਦਾ ਤੇਲ ਪਾ ਪਾ ਕੇ ਲੂਹੇ ਗਏ
ਗਿਣਤੀ ਗਿਆਰਾਂ ਸੌ ਤੋਂ ਵੀ ਉੱਤੇ
ਪੰਜਾਹ ਹਜ਼ਾਰ ਤੋਂ ਉੱਤੇ ਸਿੱਖ ਮਾਰੇ ਹਨ
ਅਸੀਂ ਪੰਜਾਹ ਹਜ਼ਾਰ ਹਿੰਦੂ ਹੁਣੇ ਮਾਰਾਂਗੇ
ਅਸੀਂ ਬਦਲਾ ਲਵਾਂਗੇ
ਸੰਤ ਜ਼ਿੰਦਾ ਹਨ
ਸਿੱਖ ਹਿੰਦੂਆਂ ਨੇ ਨਹੀਂ
ਕਾਂਗਰਸ ਤੇ ਪੁਲੀਸ ਨੇ ਮਿਲ ਕੇ ਗੁੰਡਿਆਂ ਤੋਂ ਮਰਵਾਏ ਹਨ
ਹਿੰਦੂਆਂ ਨੇ ਸਿੱਖਾਂ ਦੀ ਰੱਖਿਆ ਕੀਤੀ
ਅਸੀਂ ਖ਼ਾਲਿਸਤਾਨ ਲਵਾਂਗੇ
ਅਸੀਂ ਅਣਖ ਨਾਲ ਜੀਵਾਂਗੇ
ਅਸੀਂ ਕਿਸੇ 'ਤੇ ਵਾਰ ਨਹੀਂ ਕਰਦੇ
ਸੰਤਾਂ ਨੇ ਕੋਈ ਨਿਹੱਕਾ ਨਹੀਂ ਸੀ ਮਾਰਿਆ
ਉਹ ਬਹਾਦਰਾਂ ਵਾਂਗ ਸ਼ਹੀਦੀ ਪਾ ਗਏ ਹਨ
ਉਹ ਸਮਝਦਾਰ ਸਿਆਸੀ ਆਗੂਆਂ ਵਾਂਗ ਬਚ ਕੇ ਨਿੱਕਲ ਗਏ ਹਨ
ਕੌਮ ਨੂੰ ਆਗੂ ਦੀ ਲੋੜ ਹੈ
ਕੌਮ ਨੂੰ ਪੈਸੇ ਦੀ ਲੋੜ ਹੈ
ਪੈਸਾ ਦਿਉ ਹਥਿਆਰ ਖ਼ਰੀਦਣੇ ਹਨ
ਪੈਸਾ ਦਿਉ ਕਾਰਾਂ ਖ਼ਰੀਦਣੀਆਂ ਹਨ
ਪੈਸਾ ਦਿਉ ਜਹਾਜ਼ ਖ਼ਰੀਦਣੇ ਹਨ
ਗੁਆਂਢੀ ਦੇਸ਼ ਦੀ ਸਰਕਾਰ ਨੇ ਸਿੱਖਾਂ ਨੂੰ ਜੀ ਆਇਆਂ ਕਿਹਾ
ਅਸੀਂ ਗੁੱਸੇ ਵਿਚ ਹਾਂ
ਅਸੀਂ ਪੰਜਾਹ ਹਜ਼ਾਰ ਹਿੰਦੂ ਮਾਰ ਦਿਆਂਗੇ
ਇਹ ਭੜਕੀਲੇ ਲੈਕਚਰ ਨਾ ਦਿਓ
ਲੋਕਾਂ ਦਾ ਵਿਸ਼ਵਾਸ਼ ਉੱਠ ਜਾਵੇਗਾ - ਤਾਂ ਪੈਸਾ ਕਿਥੋਂ ਆਏਗਾ
ਅਸੀਂ ਕੈਨੇਡਾ ਤੇ ਅਮਰੀਕਾ ਦੇ ਕਾਨੂੰਨ 'ਚ ਰਹਿ ਕੇ ਹਰ ਗੱਲ ਕਰਨੀ ਹੈ
ਅਸੀਂ ਬਾਹਰ ਰਹਿੰਦਾ ਹਰ ਸਰਕਾਰੀ ਏਜੰਟ ਜਾਨੋਂ ਮਾਰ ਦੇਣਾ ਹੈ
ਸਾਨੂੰ ਗੁਰੂ ਘਰ ਖ਼ਾਲਿਸਤਾਨ ਦਾ ਝੰਡਾ ਝੁਲਾਉਣ ਦਿਉ
ਸਿੰਘੋ ਥੋੜ੍ਹਾ ਸਬਰ ਕਰੋ ਸਾਡੀ ਕਿਸ਼ਤ ਨਹੀਂ ਤੁਰਦੀ
ਠੇਕੇਦਾਰਾਂ ਨੇ ਇਸ ਸਾਲ ਖੇਤ-ਮਜ਼ਦੂਰਾਂ ਨੂੰ ਪੈਸੇ ਨਹੀਂ ਦਿੱਤੇ
ਫ਼ਾਰਮਾਂ ਵਿਚ ਲੋਕ ਵਿਹਲੇ ਬੈਠੇ ਹਨ
ਖੇਤ-ਮਜ਼ਦੂਰੋ ਆਪਣੇ ਹੱਕਾਂ ਦੀ ਰਾਖੀ ਲਈ 'ਕੱਠੇ ਹੋ ਜਾਉ
'ਧਰਮ ਨੂੰ ਖ਼ਤਰਾ ਹੈ' ਦੇ ਚੱਕਰ ਵਿਚ ਨਾ ਆਵੋ
ਇਹ ਕਮਿਊਨਿਸਟ ਹਨ, ਗੱਦਾਰ ਹਨ ਇਹਨਾਂ ਨੂੰ ਮਾਰ ਦਿਉ
ਤਨ, ਮਨ, ਧਨ ਕੌਮ ਦੇ ਲੇਖੇ ਲਾ ਦਿਉ
ਧਰਮ ਨੂੰ ਬਚਾਉਣ ਲਈ ਇਹ ਆਖ਼ਰੀ ਮੌਕਾ ਹੈ
ਖ਼ਾਲਿਸਤਾਨ ਇਕ ਸਾਲ ਵਿਚ
ਅਮੀਰ ਬੰਦੇ ਨੂੰ ਲੀਡਰ ਬਣਾਉ ਉਹ ਚੋਰੀ ਨਹੀਂ ਕਰੇਗਾ
ਚੋਰੀ ਕਰਨ ਦੀ ਨਈਂ ਲੋੜ ਪੈਸਾ ਪਹਿਲਾਂ ਈ ਬਥੇਰਾ
ਅਮੀਰ ਹਮੇਸ਼ਾ ਦੂਜਿਆਂ ਦੇ ਹੱਕ ਮਾਰ ਕੇ ਬਣੀਦਾ ਹੈ
ਅਮੀਰ ਸਿਰਫ਼ ਚੋਰ ਹੀ ਹੋ ਸਕਦਾ ਹੈ
ਇਹ ਬਕਵਾਸ ਕਰਦਾ ਹੈ - ਧੱਕੇ ਮਾਰੋ, ਬਾਹਰ ਕੱਢੋ
ਖ਼ਾਲਿਸਤਾਨ ਬਣ ਕੇ ਰਹੇਗਾ
ਸਮਿਤਾ ਪਾਟਿਲ ਤੇ ਰਾਜ ਬੱਬਰ ਦੀ ਸ਼ਾਦੀ
ਅਮਿਤਾਭ ਬਚਨ ਫਿਰ ਬੀਮਾਰ ਹੈ
ਔਖੇ ਸਮੇਂ ਕੌਮ ਦੀ ਅਗਵਾਈ ਕਰ ਰਹੀ
ਕੌਮ ਦੀ ਸਿਰ ਕੱਢਤਾ ਅਖ਼ਬਾਰ ਹੈ
ਹਿੰਦੂ ਅਖ਼ਬਾਰਾਂ ਨੂੰ ਇਸ਼ਤਿਹਾਰ ਨਾ ਦਿਉ
ਇਹ ਅਖ਼ਬਾਰ ਵਧਾਈ ਦੀ ਹੱਕਦਾਰ ਹੈ
ਪ੍ਰਮਾਤਮਾਂ ਇਸ ਨੂੰ ਚੜ੍ਹਦੀਆਂ ਕਲਾਂ 'ਚ ਰੱਖੇ
ਅਗਲੇ ਹਫ਼ਤੇ ਬੁੜ੍ਹਬੁੜ੍ਹ ਸਾਹਿਬ ਤੁਹਾਡੇ ਸੁਆਲਾਂ ਦੇ ਜਵਾਬ ਦੇਣਗੇ
ਜਦੋਂ ਦਾ ਮੈਨੂੰ ਇਸ਼ਕ ਹੋਇਆ ਹੈ ਸਾਡੀ ਗਾਂ ਨਹੀਂ ਮਿਲਦੀ - ਕੁਮਾਰੀ ਮਿੱਸ ਸ੍ਰੀਮਤੀ
ਮਿੱਸ ਸ੍ਰੀ ਮਤੀ ਜੀ ਤੁਹਾਡੀ ਗਾਂ ਦੇ ਕਿਤੇ ਕੰਨ ਤਾਂ ਨਹੀਂ ਸੀ ਵੱਢੇ ਗਏ ? ਹੀ..ਹੀ..
ਧੂਆਂਧਾਰ ਸੁਰਖ਼ੀਆਂ ਲਈ ਸਾਡੀ ਅਖ਼ਬਾਰ ਪੜ੍ਹੋ

ਧੂੰਆਂਧਾਰ ਸਪੀਚਾਂ ਲਈ ਸਾਡੇ ਗੁਰਦੁਆਰੇ ਆਉ
ਮਸਾਲੇਦਾਰ ਕੁੱਕੜ ਤੇ ਵਧੀਆ ਸ਼ਰਾਬ ਲਈ ਸਾਡੀ ਦੁਕਾਨ ਤੇ ਪਧਾਰੋ
ਅਖ਼ਬਾਰ ਦਾ ਇਕ ਪਾਠਕ ਹੋਰ ਬਣਾਉ
ਅਮਿਤਾਭ ਬਚਨ ਚੋਣਾਂ ਲੜੇਗਾ
ਵਿਜੈਂਤੀ ਮਾਲਾ ਤੇ ਸੁਨੀਲ ਦੱਤ ਵੀ
ਭੁਪਾਲ ਵਿਚ ਅਮਰੀਕੀ ਕਾਰਖ਼ਾਨੇ ਦੀ ਜ਼ਹਿਰ
ਹਜ਼ਾਰਾਂ ਮੌਤਾਂ
ਲੋਕ ਅੰਨ੍ਹੇ ਹੋਣ ਲੱਗੇ
ਔਰਤਾਂ ਦੇ ਗਰਭ ਗਿਰਨ ਲੱਗੇ
ਸਰਕਾਰੀ ਹਲਕਿਆਂ ਨੂੰ ਇਸ ਖ਼ਤਰੇ ਦਾ ਪਹਿਲਾਂ ਹੀ ਪਤਾ ਸੀ
ਪ੍ਰਧਾਨ ਮੰਤਰੀ ਨੇ ਹਾਲਾਤ ਦਾ ਜਾਇਜ਼ਾ ਲਿਆ - ਭਾਸ਼ਨ ਦਿੱਤਾ - ਤਾੜੀਆਂ
ਰਾਜੀਵ ਗਾਂਧੀ ਦੇ ਚੋਣਾਂ ਜਿੱਤਣ ਦੀ ਆਸ
ਰਾਜੀਵ ਗਾਂਧੀ ਨੇ ਰੀਕਾਰਡ ਤੋੜਦੀਆਂ ਸੀਟਾਂ ਜਿੱਤੀਆਂ
ਸਿੱਖਾਂ ਨੇ ਰਾਜੀਵ ਗਾਂਧੀ ਨੂੰ ਵੋਟਾਂ ਪਾਈਆਂ
ਚੁਰਾਸੀ ਖ਼ਤਮ ਹੋ ਗਿਆ ਪਰ ਚੁਰਾਸੀ ਦਾ ਗੇੜ......

● (BURNABY, B.C.)

## ਕੁਰਾਹ

ਗੁਰਚਰਨ ਰਾਮਪੁਰੀ

ਤੁਸੀਂ ਤਾਂ ਗੱਦੀਓਂ ਉਰ੍ਹਾਂ ਹੀ ਜਬਰ ਦੇ ਰਾਹ ਪੈ ਗਏ ਹੋ
ਜਦੋਂ ਕਲਗੀ ਸਜ ਗਈ ਤਾਂ ਕੀ ਕਰੋਗੇ!
ਤੁਸੀਂ ਜਿਸ ਬੂਟੇ ਦੀ ਛਾਵੇਂ ਬੈਠਣਾ ਹੈ
ਉਸੇ ਨੂੰ ਕੱਟਣੇ ਪਏ ਹੋ ।

ਤੁਸੀਂ ਜੋ ਬਾਰੂਦ ਜਾਬਰ ਲਈ ਸੁਕਾ ਕੇ ਰੱਖਣਾ ਸੀ
ਉਹ ਵਿਦੇਸ਼ੀ ਖ਼ੂਨ ਵਿਚ ਭਿੱਜਦਾ ਪਿਆ ਹੈ,
ਇਹੀ ਤਾਂ ਬਾਬਰ ਅਜੋਕਾ ਭਾਲਦਾ ਹੈ ।
ਜੇ ਕਦੇ ਇਤਿਹਾਸ ਦੇ ਨਾਦਰ ਨੂੰ ਉਲਟਾ ਕਰਕੇ ਦੇਖੋ
ਅੱਜ ਦਾ ਹਾਕਮ ਬਣੇਗਾ ।

ਸੈਨਿਆਂ ਜੱਥੇ 'ਚ ਨੇ ਸਿਰਲੱਥ ਤੇ ਬਲਵਾਨ ਹਾਥੀ,
ਜੇ ਇਨ੍ਹਾਂ ਨੂੰ ਸਿਰਫ਼ ਅੰਨ੍ਹੀ-ਮਦ ਪਿਲਾ ਕੇ
ਜੰਗ ਵਿਚ ਘੱਲਦੇ ਰਹੋਗੇ,
ਫੇਰ ਦਿੱਲੀ ਦੇ ਤਖ਼ਤ ਸਿਰਫ਼ ਬਾਬਰ ਹੀ ਬਹੇਗਾ ।

ਮੇਰੇ ਮਿੱਤਰੋ!
ਤੀਰ ਚਿੱਲੇ ਚਾੜ੍ਹਨੋਂ ਪਹਿਲਾਂ ਵਿਚਾਰੋ
ਕੀ ਨਿਸ਼ਾਨਾ ਹੈ ਤੁਹਾਡਾ ?
ਨਹੀਂ ਤਾਂ, ਦੁਸ਼ਮਣ ਦੀ ਥਾਂ 'ਤੇ,
ਸਿਰਫ਼ 'ਵਾ ਨੂੰ ਹੀ ਤੁਸੀਂ ਫੱਟੜ ਕਰੋਗੇ।

ਕਿਸੇ ਵੀ ਤਰਕਸ਼ ਦੇ ਵਿਚੋਂ ਤੀਰ ਆਖ਼ਰ ਮੁੱਕ ਜਾਂਦੇ
ਤੀਰ ਕੇਵਲ ਇਕ ਹੋਵੇਗਾ ਤੁਹਾਡੇ ਐਨ ਨੇੜੇ
ਪਰ ਤੁਹਾਨੂੰ ਨਾ ਦਿਸੇਗਾ ਲੈਣ ਖੁੰਝੇ ਹੁੰਦਿਆਂ ਵੀ
ਓਸ ਨੂੰ ਸੀਨੇ ਲਗਾ ਕੇ
ਤੁਸੀਂ ਤੇ ਸਰਕਾਰ ਦੋਵੇਂ ਸਦਾ ਖ਼ਾਤਰ ਸੌਂ ਰਹੋਗੇ;
ਚੁੱਪ, ਗਾੜ੍ਹੀ ਧੁੰਦ ਵਾਂਗੂ ਸ਼ਹਿਰ ਨੂੰ
ਆਪਣੇ ਕਲਾਵੇ ਲੈ ਲਵੇਗੀ।

●

• ਇਕਬਾਲ ਰਾਮੂਵਾਲੀਆ •

## ਜੇ ਮੈਂ ਆਖ ਵੀ ਦੇਵਾਂ

ਜੇ ਮੈਂ ਆਖ ਵੀ ਦੇਵਾਂ
ਨਵਾਂ ਸਾਲ, ਫਿਰ ਵੀ, ਮੁਬਾਰਕ ਨਹੀਂ ਹੋਣਾ

ਇਹ ਵੀ ਤਾਂ ਉਸੇ ਸੜਕ ਦਾ ਹੀ ਟੋਟਾ ਹੈ
ਜੁ ਟੁੱਟੇ ਪਹੀਆਂ, ਜ਼ਖ਼ਮੀ ਘੋੜਿਆਂ
ਅਤੇ ਪੰਕਚਰ ਟਰੱਕਾਂ ਸਮੇਤ
ਲਗਾਤਾਰ ਸਾਡੇ ਸਿਰਾਂ 'ਚ ਖੰਪਦੀ ਆਈ ਹੈ।
ਅਸੀਂ, ਇੰਞ ਹੀ, ਚਾਹ ਦੇ ਖੋਖਿਆਂ 'ਚ ਬੈਠ
ਉਸ ਦੇਵੀ ਨੂੰ ਉਡੀਕਦੇ ਰਹਾਂਗੇ
ਜੁ ਸ਼ਾਇਦ ਆਪਣੇ ਖ਼ਾਲੀ ਢੋਲਾਂ 'ਚ
ਡੁੱਬ ਗਿਆ ਹੋਵੈ।

ਇਸ ਦਰਿਆ ਨੇ
ਸਾਡੇ ਲਹੂ ਨਾਲ ਹੀ ਚੜ੍ਹਨਾ ਹੈ;
ਸਾਡੇ 'ਚੋਂ ਕਈਆਂ ਨੇ
ਧੋਬੀਘਾਟਾਂ ਲਈ ਪਟੜੇ ਬਣ ਜਾਣੈ
ਤੇ ਕਈਆਂ ਨੇ
ਮੱਛੀਆਂ ਪਕੜਦੇ ਮਲਾਹਾਂ ਲਈ ਚੱਪੂ।
ਬਾਕੀਆਂ ਨੇ ਕਿਨਾਰਿਆਂ ਉੱਤੇ ਹੀ ਖੁਰ ਜਾਣੈ
ਕਦੇ-ਵੀ-ਨਾ-ਪਰਤਣੀਆਂ
ਬੇੜੀਆਂ ਨੂੰ ਉਡੀਕਦੇ ਉਡੀਕਦੇ।

ਬਦਚਲਣ ਹਵਾ ਨੇ
ਇੰਞ ਹੀ ਵਗਣਾ ਹੈ,
ਤੇ ਲਾਸ਼ਾਂ ਦੀ ਬੋ ਦੀਆਂ ਝੋਲੀਆਂ ਭਰਕੇ
ਦਿੱਲੀ ਨੂੰ ਪਰਤ ਜਾਣਾ ਹੈ;
ਅਸੀਂ ਆਪਣੇ ਹੀ ਪਸੀਨੇ 'ਚ ਡੁੱਬ ਜਾਣੈ
ਫੂਕਾਂ ਨਾਲ ਕੰਧਾਂ 'ਤੋਂ
ਲਹੂ ਦੀ ਸਿੱਲ੍ਹ ਸੁਕਾਉਂਦੇ ਸੁਕਾਉਂਦੇ ।

ਜੇ ਮੈਂ ਆਖ ਵੀ ਦੇਵਾਂ
ਨਵਾਂ ਸਾਲ, ਫਿਰ ਵੀ, ਮੁਬਾਰਕ ਨਹੀਂ ਹੋਣਾ।

●

(REGINA, SASKATCHWAN)

## ਇਕ ਸੂਚਨਾ – ਪੰਜਾਬੀ ਸਾਹਿਤ-ਪ੍ਰੇਮੀਆਂ ਦੇ ਧਿਆਨਯੋਗ:

ਪਿਛਲੇ ਦਿਨੀਂ ਪੰਜਾਬੀ ਦੇ ਇੰਗਲੈਂਡ ਵਸਦੇ ਕਵੀ ਜਗਤਾਰ ਢਾਅ ਦੀ ਪੁਸਤਕ 'ਗੁਆਚੇ ਪਾਰ ਦੀ ਤਲਾਸ਼' ਦੇ ਗੁਜਰਾਤੀ ਵਿਚ ਅਨੁਵਾਦ ਹੋਣ ਦੀ ਸੂਚਨਾ ਮਿਲੀ ਹੈ। ਜੇ ਅਸੀਂ ਸਮਝਦੇ ਹਾਂ ਕਿ ਇਹ ਪ੍ਰਵਾਸੀ ਪੰਜਾਬੀ ਸਾਹਿਤ ਲਈ ਪੈਦਾ ਹੋ ਰਹੀ ਗੰਭੀਰਤਾ ਦਾ ਸੂਚਕ ਹੈ। ਪੰਜਾਬੀ ਸਾਹਿਤ ਵਿਚ ਦਿਲਚਸਪੀ ਰੱਖਣ ਵਾਲਿਆਂ ਲਈ ਜਗਤਾਰ ਦੀ ਇਸ ਪੁਸਤਕ ਦਾ ਕਿਸੇ ਹੋਰ ਭਾਸ਼ਾ ਵਿਚ ਛਪਣਾ ਬੜੇ ਮਾਣ ਅਤੇ ਖ਼ੁਸ਼ੀ ਵਾਲੀ ਗੱਲ ਹੈ। — ਅਦਾਰਾ ਵਤਨੋਂ ਦੂਰ

# ਕਮਿਊਨਿਟੀ ਵਿਚ ਸੱਦ-ਭਾਵਨਾਂ ਦੇ ਮਸਲੇ ਸਬੰਧੀ ਮੀਟਿੰਗ

ਸਤਵੰਤ

ਸੋਲਾਂ ਦਸੰਬਰ, 1984 ਨੂੰ INDIA CENTRE ( 51 AVE, 89 ST.) ਵਿਚ ਗਿਆਰਾਂ ਤੋਂ ਦੋ ਵਜੇ ਤੀਕ ਕਮਿਊਨਿਟੀ ਵਿਚ ਏਕਤਾ ਅਤੇ ਸੱਦਭਾਵਨਾਂ ਦੇ ਮਸਲੇ ਸਬੰਧੀ ਇਕ ਮੀਟਿੰਗ ਹੋਈ। ਇਸ ਇਕੱਤਰਤਾ ਵਿਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵਤਨੋਂ ਦੂਰ, ਸੀਨੀਅਰ ਸੀਟੀਜ਼ਨਜ਼ ਐਸੋਸੀਏਸ਼ਨ ਅਤੇ ਹੋਰ ਜੱਥੇਬੰਦੀਆਂ ਵੱਲੋਂ ਅਤੇ ਕਮਿਊਨਿਟੀ ਦੇ ਵੱਖ ਵੱਖ ਹਿੱਸਿਆਂ 'ਚੋਂ ਵਿਅਕਤੀਗਤ ਤੌਰ 'ਤੇ ਤਕਰੀਬਨ 30 ਪ੍ਰਤੀਨਿਧ ਸ਼ਾਮਲ ਹੋਏ। ਮੀਟਿੰਗ ਦੇ ਆਰੰਭ ਵਿਚ ਲਾਟ ਭਿੰਡਰ ਨੇ ਅਜੋਕੇ ਫ਼ਿਰਕੂ ਮਾਹੌਲ ਵਿਚ ਸੱਦਭਾਵਨਾ ਅਤੇ ਏਕਤਾ ਕਾਇਮ ਕਰਨ ਲਈ ਇਸ ਮੀਟਿੰਗ ਦੇ ਉਦੇਸ਼ਾਂ ਬਾਰੇ ਦੱਸਿਆ। ਸ੍ਰੀ ਸਰੂਪ ਸਿੰਘ ਬਿੰਦ ਨੇ ਕਾਫ਼ੀ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਸਿੱਖੀ ਦੇ ਬਾਣੇ ਹੇਠ ਫ਼ਿਰਕੂ ਜਨੂੰਨੀ ਡਰ ਅਤੇ ਦਹਿਸ਼ਤ ਦਾ ਮਾਹੌਲ ਬਣਾਈ ਬੈਠੇ ਹਨ। ਉਨ੍ਹਾਂ ਕਿਹਾ ਕਿ ਉਹ ਕਦੀ ਵੀ ਅਜੇਹੇ ਮਜ਼ਹਬ ਵਿਚ ਵਿਸ਼ਵਾਸ਼ ਨਹੀਂ ਰੱਖਦੇ ਜੋ ਇਕ ਇਨਸਾਨ ਨੂੰ ਦੂਜੇ ਨਾਲੋਂ ਪਾੜਦਾ ਹੈ। ਗੁਰੂ ਨਾਨਕ ਦੇਵ ਜੀ ਵਰਗੇ ਮਹਾਂਪੁਰਸ਼ਾਂ ਨੇ ਸਦਾ ਸਾਂਝੀਵਾਲਤਾ ਅਤੇ ਸਾਰੇ ਮਨੁੱਖਾਂ ਨੂੰ ਇਕ ਨੂਰ ਤੋਂ ਉਪਜੇ ਦੱਸਿਆ। ਉਨ੍ਹਾਂ ਕਿਹਾ ਕਿ ਫ਼ਿਰਕੂ ਜਨੂੰਨੀ ਦਲੀਲ ਨਾਲ ਗੱਲਬਾਤ ਕਰਨ ਲਈ ਤਿਆਰ ਨਹੀਂ; ਜੋ ਵੀ ਉਨ੍ਹਾਂ ਨਾਲ ਦਲੀਲ ਦੀ ਗੱਲ ਕਰਦਾ ਹੈ ਉਸਨੂੰ ਘੜੇ-ਘੜਾਏ ਲੇਬਲ 'ਕਮਿਊਨਿਸਟ', 'ਇੰਦਰਾ ਦਾ ਚਮਚਾ' ਆਦਿ ਨਾਲ ਨਿਵਾਜਦੇ ਹਨ। ਉਨ੍ਹਾਂ ਜ਼ੋਰ ਨਾਲ ਕਿਹਾ ਕਿ ਕਦੀ ਵੀ ਵਿਚਾਰਾਂ ਨੂੰ ਡੰਡੇ ਦੇ ਜ਼ੋਰ ਕਿਸੇ ਉੱਤੇ ਨਹੀਂ ਠੋਸਿਆ ਜਾ ਸਕਦਾ।

ਸ੍ਰੀ ਨਈਅਰ ਜੋ ਕਿ ਅਕਤੂਬਰ ਵਿਚ ਹਿੰਦੁਸਤਾਨ ਹੋ ਕੇ ਆਏ ਹਨ, ਨੇ ਪੰਜਾਬ ਦੀ ਸਥਿਤੀ ਬਾਰੇ ਆਪਣੇ ਪ੍ਰਤੀਕਰਮ ਦੱਸੇ ਕਿ ਪੰਜਾਬ ਵਿਚ ਖ਼ਾਲਿਸਤਾਨ ਵਗੈਰਾ ਕਿਸੇ ਸਾਧਾਰਣ ਪੰਜਾਬੀ ਦੀ ਮੰਗ ਨਹੀਂ, ਸਗੋਂ ਇਹ ਰਾਮ ਰੌਲਾ ਸਿਰਫ਼ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਿਚ ਹੀ ਹੈ। ਉਨ੍ਹਾਂ ਦੱਸਿਆ ਕਿ ਹਰਿਮੰਦਰ ਸਾਹਿਬ ਤੇ ਫ਼ੌਜੀ ਹਮਲੇ ਕਰਕੇ ਸਾਰੇ ਪੰਜਾਬੀਆਂ ਦੀ ਧਾਰਮਕ ਭਾਵਨਾਵਾਂ ਨੂੰ ਹਰਜ਼ਾ ਪਹੁੰਚਿਆ ਹੈ। ਇਸ ਦੇ ਕਾਰਨਾਂ ਵੱਲ ਸੰਕੇਤ ਕਰਦਿਆਂ ਸਮੇਂ ਉਨ੍ਹਾਂ ਕਿਹਾ ਕਿ ਟੌਹੜੇ ਦਾ ਇਹ ਇਖ਼ਲਾਕੀ ਫ਼ਰਜ਼ ਬਣਦਾ ਸੀ ਕਿ ਅੱਤਵਾਦ ਨੂੰ ਭਾਂਜ ਦੇਣ ਦੀ ਕੋਸ਼ਿਸ਼ ਕਰਦਾ, ਪਰ ਉਸ ਨੇ ਤਾਂ ਸਗੋਂ ਇਸ ਨੂੰ ਹੋਰ ਉਤਸ਼ਾਹਿਤ ਕੀਤਾ ਇਸ ਕਰਕੇ ਕਾਂਗਰਸ ਦੇ ਨਾਲ ਨਾਲ ਇਸ ਕਤਲੇਗ਼ਾਰਤ ਦੀ ਜ਼ਿੰਮੇਵਾਰੀ ਅੱਤਵਾਦੀ ਅਨਸਰਾਂ ਅਤੇ ਅਕਾਲੀ ਲੀਡਰਸ਼ਿੱਪ ਉੱਤੇ ਵੀ ਆਉਂਦੀ ਹੈ।

ਸ੍ਰੀ ਰਘਬੀਰ ਸੰਗਣ ਨੇ ਕਿਹਾ ਕਿ ਸਾਨੂੰ ਇਕ ਵਿਸ਼ਾਲ ਮੀਟਿੰਗ ਜੱਥੇਬੰਦ ਕਰਨ ਲਈ ਯਤਨਸ਼ੀਲ ਹੋਣਾ ਪਏਗਾ, ਜਿਸ ਵਿਚ ਲੋਕਾਂ ਵਿਚ ਏਕਤਾ ਅਤੇ ਆਪਸੀ ਮਿਲਵਰਤਣ ਦੇ ਮਸਲੇ 'ਤੇ ਜ਼ੋਰ ਦਿੱਤਾ ਜਾਵੇ। ਇਸ ਦੀ ਪੂਰਤੀ ਲਈ ਉਨ੍ਹਾਂ ਤਿਆਰੀ ਮੀਟਿੰਗਾਂ ਅਤੇ ਵਿਅਕਤੀਗਤ ਪਰਚਾਰ ਉੱਤੇ ਜ਼ੋਰ ਦਿੱਤਾ। ਉਨ੍ਹਾਂ ਇਕ ਦੁੱਖ ਵੀ ਪਰਗਟ ਕੀਤਾ ਕਿ ਆਮ ਕਰਕੇ ਹਿੰਦੂ ਵੀਰਾਂ ਵੱਲੋਂ ਅਜੇਹੀਆਂ ਮੀਟਿੰਗਾਂ ਵਿਚ ਪ੍ਰਤੀਨਿਧਤਾ ਉਨੀ ਨਹੀਂ ਜਿੰਨੀ ਹੋਣੀ ਚਾਹੀਦੀ ਹੈ। ਰਜਿੰਦਰ ਹੰਸ ਅਤੇ ਸਤਵੰਤ ਨੇ ਮੀਟਿੰਗ ਦੇ ਮੰਤਵ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਮੀਟਿੰਗ ਦਾ ਮੁਖ ਉਦੇਸ਼ ਸਾਧਾਰਨ ਪੰਜਾਬੀਆਂ ਵਿਚਕਾਰ ਸੱਦਭਾਵਨਾਂ ਕਾਇਮ ਕਰਨਾ ਹੈ ਅਤੇ ਕੱਟੜ ਫ਼ਿਰਕਾਪ੍ਰਸਤ ਸਿੱਖ ਅਨਸਰਾਂ ਨਾਲ ਕੋਈ ਸਮਝੌਤਾ ਨਹੀਂ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ 'ਵਤਨੋਂ ਦੂਰ' ਦੇ ਅਹਿਮ ਰੋਲ ਦੀ ਵਿਆਖਿਆ ਕੀਤੀ।

ਸ੍ਰੀ ਬਖ਼ਤਾਵਰ ਸਿੰਘ ਕਾਲੀਰਾਏ ਨੇ ਕਿਹਾ ਕਿ ਕਿਵੇਂ 1947 ਵਿਚ ਫ਼ਿਰਕੂ ਜਨੂੰਨ ਕਰਕੇ ਗੰਭੀਰ ਗਲਤੀਆਂ ਹੋਈਆਂ ਅਤੇ ਕਿਵੇਂ ਅੱਜ ਫੇਰ ਇਹ ਫ਼ਿਰਕਾਪ੍ਰਸਤ ਇਤਿਹਾਸ ਨੂੰ ਪੁੱਠਾ ਗੇੜ ਦੇਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਬੇਖ਼ੌਫ਼ ਹੋ ਕੇ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਆਖਣ ਦੀ ਹਿੰਮਤ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਕਿਵੇਂ ਇਨ੍ਹਾਂ ਥੋੜ੍ਹੇ-ਜਿਹੇ ਫ਼ਿਰਕਾਪ੍ਰਸਤਾਂ ਨੇ ਆਪਣੀਆਂ ਕਰਤੂਤਾਂ ਕਾਰਨ ਇਮੀਗਰੇਸ਼ਨ ਅਤੇ ਸਾਡੇ ਇਥੇ ਨਸਲੀ ਸਬੰਧਾਂ ਵਿਚ ਅੜਿੱਕਾ ਪਾਈ ਹੈ ਜਿਸ ਕਰਕੇ ਸਾਧਾਰਨ ਸ਼ਹਿਰੀਆਂ ਨੂੰ ਵੀਜ਼ਾ ਲੈਣ ਵਿਚ ਮੁਸ਼ਕਿਲਾਂ ਆ ਰਹੀਆਂ ਹਨ। ਸ੍ਰੀ ਹਰਦੇਵ ਵਿਰਕ ਨੇ ਕਿਹਾ ਕਿ ਇਸ ਫ਼ਿਰਕੂ ਸਥਿਤੀ ਵਿਚ ਸਰਕਾਰ ਅਤੇ ਦੂਸਰੇ ਪੱਖਾਂ ਦਾ ਰੋਲ ਸਾਫ਼ ਹੈ। 'ਵਤਨੋਂ ਦੂਰ' ਅਤੇ ਦੂਸਰੇ ਪਰਚੇ ਜਿਹੜੇ ਹੱਕ ਸੱਚ ਦੀ ਆਵਾਜ਼ ਨੂੰ ਬੁਲੰਦ ਕਰਦੇ ਹਨ, ਦੀ ਉਨ੍ਹਾਂ ਸ਼ਲਾਘਾ ਕੀਤੀ। ਅਵਤਾਰ ਗਿੱਲ ਨੇ ਮੀਟਿੰਗ ਦੀ ਅਹਿਮੀਅਤ ਬਾਰੇ ਦੱਸਿਆ ਕਿ ਕਿਉਂਕਿ ਫ਼ਿਰਕਾਪ੍ਰਸਤ ਖ਼ਾਲਿਸਤਾਨੀਆਂ ਅਤੇ ਫ਼ਿਰਕੂ ਹਿੰਦੂ ਅਨਸਰਾਂ ਵੱਲੋਂ ਅੱਜ ਨਫ਼ਰਤ ਦੀ ਜ਼ਹਿਰ ਫੈਲਾਈ ਜਾ ਰਹੀ ਹੈ ਇਸ ਕਰਕੇ ਅਸੀਂ ਚੁੱਪ ਕਰਕੇ ਤਮਾਸ਼ਬੀਨ ਹੋ ਕੇ ਨਹੀਂ ਦੇਖ ਸਕਦੇ। ਇਸੇ ਸਬੰਧ ਵਿਚ ਜਗਦੇਵ ਸੋਹੀ ਨੇ ਕਿਹਾ ਕਿ ਨਿਊਟਰਲ ਹੋ ਕੇ ਬੈਠਣ ਨਾਲ ਮਸਲਿਆਂ ਦਾ ਹੱਲ ਨਹੀਂ ਹੋਣਾ ਕਿਉਂਕਿ ਨਿਊਟਰਲ ਕੋਈ ਲਫ਼ਜ਼ ਨਹੀਂ। ਜਿਹੜੇ ਸ਼ਖ਼ਸ ਅੱਜ ਚੁੱਪ ਕਰਕੇ ਤਮਾਸ਼ਬੀਨ ਬਣੇ ਹੋਏ ਹਨ ਅਸਲ ਵਿਚ ਉਹ ਗਲਤ ਰੁਝਾਨ ਦਾ ਪੱਖ ਪੂਰ ਰਹੇ ਹਨ।

ਸ੍ਰੀ ਰਜਿੰਦਰ ਪੰਨੂ ਹੋਰਾਂ ਕਿਹਾ ਕਿ ਚੁੱਪ ਕਰਕੇ ਉਡੀਕਿਆਂ, ਹਾਲਾਤਾਂ ਨੇ ਆਪਣੇ ਆਪ ਠੀਕ ਨਹੀਂ ਹੋਣਾ। ਬਹੁਤ ਸਾਰੇ ਲੋਕੀਂ ਜੋ ਗੁਰਦੁਆਰਿਆਂ ਵਿਚ ਜਾਂਦੇ ਹਨ ਉਹ ਇਨ੍ਹਾਂ ਫ਼ਿਰਕਾਪ੍ਰਸਤ ਖ਼ਾਲਿਸਤਾਨੀਆਂ ਦੀਆਂ ਹਰਕਤਾਂ ਤੋਂ ਸੜੇ ਪਏ ਹਨ ਕਿਉਂਕਿ ਇਹ ਫ਼ਿਰਕਾਪ੍ਰਸਤ ਵਿਚਾਰ ਜਾਂ ਤਰਕ ਨਾਲ ਕੋਈ ਗੱਲ ਨਹੀਂ ਕਰਦੇ। ਪਰ ਵਧੇਰੇ ਲੋਕੀਂ ਜੁਰਅਤ ਨਹੀਂ ਕਰਦੇ ਕਿ ਇਹ ਸਿੱਖੀ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਲੋੜ ਹੈ ਕਿ ਇਹਨਾਂ ਫ਼ਿਰਕਾਪ੍ਰਸਤਾਂ ਵਿਰੁੱਧ ਆਵਾਜ਼ ਉਠਾਈ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਅੱਜ ਅਸੀਂ ਅਜੇਹਾ ਨਹੀਂ ਕਰਾਂਗੇ ਤਾਂ ਅਸੀਂ ਖ਼ੁਦ ਕੂ-ਕਲੈਕਸ-ਕਲੈਨ ਵਰਗੀਆਂ ਨਸਲੀ ਜੱਥੇਬੰਦੀਆਂ ਦੇ ਆਪ ਚਾਹੁੰਦੇ ਸ਼ਿਕਾਰ ਬਣ ਜਾਵਾਂਗੇ। ਉਨ੍ਹਾਂ ਇਹ ਕਿਹਾ ਕਿ ਇਸ ਲੜਾਈ ਵਿਚ ਸਾਨੂੰ ਸਾਧਾਰਨ ਕੈਨੇਡੀਅਨ ਸ਼ਹਿਰੀਆਂ ਨੂੰ ਵੀ ਨਾਲ ਲੈਣਾ ਚਾਹੀਦਾ ਹੈ

ਸ੍ਰੀ ਜਤਿੰਦਰ ਸ਼ਾਹ ਅਤੇ ਬੇਦ ਰਾਜਨ ਨੇ ਇਸ ਕਿਸਮ ਦੀ ਮੀਟਿੰਗ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਵਤਨ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਉਨ੍ਹਾਂ ਲਈ ਇਹ ਮਸਲਾ ਸਾਰੀ ਕਮਿਊਨਿਟੀ ਦਾ ਸਾਂਝਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਉਹ ਖ਼ੁਦ ਪੰਜਾਬੀ ਨਹੀਂ ਪਰ ਪਰ ਫੇਰ ਵੀ ਭਾਰਤੀ ਹੋਣ ਕਰਕੇ ਉਹ ਕਮਿਊਨਿਟੀ ਦੀ ਏਕਤਾ ਵਿਚ ਵਿਸ਼ਵਾਸ਼ ਕਰਦੇ ਹਨ ਅਤੇ ਵਿਅਕਤੀਗਤ ਤੌਰ 'ਤੇ ਇਸ ਕਾਰਜ ਲਈ ਸਰਗਰਮ ਹਨ। ਮੀਟਿੰਗ ਦੇ ਅੰਤ 'ਤੇ ਇਹ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਇਕ ਵਿਸ਼ਾਲ ਮੀਟਿੰਗ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਕ ਹੋਰ ਤਿਆਰੀ ਮੀਟਿੰਗ ਕੀਤੀ ਜਾਵੇ ਜਿਸ ਵਿਚ ਕਮਿਊਨਿਟੀ ਦੇ ਹੋਰ ਮੁਖ ਪ੍ਰਤੀਨਿਧਾਂ ਨੂੰ ਸ਼ਾਮਲ ਕੀਤਾ ਜਾਵੇ। ਅਗਲੀ ਮੀਟਿੰਗ 13 ਜਨਵਰੀ, 1985 ਦੁਪਹਿਰ ਦੇ ਦੋ ਵਜੇ ਰੱਖੀ ਗਈ ਹੈ।●

### ਸਾਮਰਾਜੀ ਪ੍ਰਬੰਧ ਦੇ ਕਾਰੇ :

# ਇਥੋਪੀਆ 'ਚ ਭੁੱਖ-ਮਰੀ ਨੇ ਲੱਖਾਂ ਨਿਗਲ ਲਏ

ਦੱਖਣੀ ਅਫ਼ਰੀਕਾ ਦੇ ਮੁਲਕ ਇਥੋਪੀਆ ਨੇ ਪਿਛਲੇ ਕਈ ਦਿਨਾਂ ਤੋਂ ਸੰਸਾਰ ਭਰ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੋਇਆ ਹੈ। ਹਰ ਨਵੇਂ ਦਿਨ ਨੂੰ ਕੰਡੇ ਖੜ੍ਹੇ ਕਰਨ ਵਾਲੀਆਂ ਖ਼ਬਰਾਂ ਰੇਡੀਓ ਤੇ ਪ੍ਰੈਸ ਰਾਹੀਂ ਸੁਣਨ ਨੂੰ ਮਿਲ ਰਹੀਆਂ ਹਨ। ਲੱਖਾਂ ਈ ਲੋਕੀਂ ਭੁੱਖ-ਮਰੀ ਦੀ ਲਪੇਟ 'ਚ ਆ ਗਏ ਹਨ ਅਤੇ ਰੋਜ਼ਾਨਾ ਸੈਂਕੜੇ ਮਰਦ, ਔਰਤਾਂ ਤੇ ਬੱਚੇ ਮੌਤ ਦੇ ਮੂੰਹ 'ਚ ਜਾ ਰਹੇ ਹਨ। ਆਦਮਖ਼ੋਰ ਸੰਸਾਰ ਸਾਮਰਾਜੀ ਪ੍ਰਬੰਧ ਕਿਸ ਹੱਦ ਲੋਕਾਂ ਦਾ ਘਾਣ ਕਰ ਸਕਦਾ ਹੈ, ਇਹ ਇਹਦੀ ਮੂੰਹ-ਬੋਲਦੀ ਤਸਵੀਰ ਹੈ। ਇਹ ਕੋਈ ਪਹਿਲੀ ਵਾਰ ਨਹੀਂ ਕਿ ਇਹ ਮੁਲਕ ਭਿਆਨਕ ਕਾਲ ਦੇ ਖ਼ੂਨੀ ਪੰਜਿਆਂ 'ਚ ਜਕੜਿਆ ਗਿਆ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰ ਇਥੋਂ ਦੇ ਲੋਕੀਂ ਇਸ ਦੀ ਮਾਰੂ ਲਪੇਟ ਵਿਚ ਆ ਚੁੱਕੇ ਹਨ। 1882-92 ਦੇ ਜ਼ਬਰਦਸਤ ਕਾਲ ਸਮੇਂ ਹਜ਼ਾਰਾਂ ਲੋਕੀਂ ਮਰ ਗਏ ਸੀ। ਇਸ ਪਿਛੋਂ 1965-66 'ਚ ਫਿਰ ਕਾਲ ਪੈ ਗਿਆ। ਉਸ ਸਮੇਂ ਇਥੋਪੀਆ ਦੇ ਪ੍ਰਾਂਤ ਵੋਲੋ ਦੇ ਹਰ ਜ਼ਿਲ੍ਹੇ ਦਾ ਦੂਜਾ ਮਨੁੱਖ ਭੁੱਖ-ਮਰੀ ਨੇ ਹੜੱਪ ਲਿਆ ਸੀ। ਲੱਗਭੱਗ ਇਕ ਦਹਾਕਾ ਪਹਿਲਾਂ ਇਕ ਵਾਰ ਫਿਰ ਸੋਕਾ ਪਿਆ। ਭੁੱਖ ਨਾਲ ਮਰਦੇ ਲੋਕੀਂ ਰਾਜੇ ਦੇ ਖ਼ਿਲਾਫ਼ ਉਠ ਖੜੇ ਹੋਏ ਅਤੇ 1974 ਵਿਚ ਬਾਦਸ਼ਾਹ ਹੇਲ ਸਿਲੇਸੀ ਦਾ ਤਖ਼ਤ ਉਲਟਾ ਕੇ ਕਰਨਲ ਮੈਂਗਿਸਤੂ ਦੀ ਅਗਵਾਈ ਵਿਚ ਫ਼ੌਜੀ ਜੁੰਡਲੀ ਡੇਰਗ ਕਾਬਜ਼ ਹੋ ਗਈ। ਆਪਣੇ ਆਪ ਨੂੰ 'ਮਾਰਕਸਵਾਦੀ' ਕਹਾਉਂਦੀ ਇਸ ਜੁੰਡਲੀ ਦਾ ਸਾਰਾ ਜ਼ੋਰ ਅੱਜ ਤੱਕ ਆਪਣੇ ਵਿਰੋਧੀਆਂ ਨੂੰ ਕੁਚਲਣ 'ਤੇ ਲੱਗਾ ਹੋਇਆ ਹੈ, ਜਿਹੜੇ ਵੀ ਇਸ ਜਾਬਰ ਰਾਜ ਵਿਰੁੱਧ ਇਥੋਪੀਅਨ ਲੋਕ-ਇਨਕਲਾਬੀ ਪਾਰਟੀ ਦੀ ਅਗਵਾਈ ਵਿਚ ਲੜ ਰਹੇ ਹਨ ਅਤੇ ਹਜ਼ਾਰਾਂ ਹੀ ਮਜਦੂਰਾਂ, ਕਿਸਾਨਾਂ ਤੇ ਵਿਦਿਆਰਥੀਆਂ ਨੂੰ ਇਹ ਮੌਤ ਦੇ ਘਾਟ ਉਤਾਰ ਚੁੱਕੀ ਹੈ। ਰੂਸੀ ਜ਼ਾਰਾਂ ਦੀ ਉਂਗਲ ਤੇ ਨੱਚ ਰਹੀ ਇਸ ਜੁੰਡਲੀ ਨੇ ਲੋਕਾਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਖੇਤੀ ਦਾ ਵਿਕਾਸ ਰੁਕਿਆ ਖੜ੍ਹਾ ਹੈ। ਕੁਦਰਤੀ ਵਸੀਲਿਆਂ ਨੂੰ ਠੀਕ ਢੰਗ ਨਾਲ ਵਰਤੋਂ 'ਚ ਨਹੀਂ ਲਿਆਂਦਾ ਗਿਆ। ਇਹੀ ਵਜਾਹ ਹੈ ਕਿ ਇਥੋਪੀਅਨ ਲੋਕੀ ਇਕ ਵਾਰ ਫਿਰ ਮੌਤ ਦੇ ਮੂੰਹ ਜਾ ਡਿੱਗੇ ਹਨ।

ਕਾਲ-ਪੀੜਤ ਖੇਤਰਾਂ ਦਾ ਦੌਰਾ ਕਰਕੇ ਮੁੜੇ ਰਿਪੋਰਟਰਾਂ ਨੇ ਦੱਸਿਆ ਕਿ ਸਭ ਤੋਂ ਵੱਧ ਪ੍ਰਭਾਵਤ ਹੋਣ ਵਾਲੇ ਸੂਬੇ ਵੋਲੋ, ਟਿਗਰੇ ਤੇ ਗੋਂਡਾਰ ਹਨ। 32 ਲੱਖ ਦੀ ਆਬਾਦੀ ਵਾਲੇ ਵੋਲੋ ਵਿਚ 12 ਲੱਖ ਤੋਂ ਵੱਧ ਲੋਕੀਂ ਮੌਤ ਦੇ ਮੂੰਹ 'ਚ ਜਾ ਪਏ ਹਨ। ਭੁੱਖ ਦੇ ਲਿਤਾੜੇ ਲੋਕ ਰੋਟੀ ਦੀ ਭਾਲ ਵਿਚ ਰਿਲੀਫ ਕੇਂਦਰਾਂ ਵੱਲ ਜਾਂਦੇ ਦੇਖੇ ਗਏ। ਕੁਝ ਆਪਣੇ ਪਤੀ, ਪਤਨੀਆਂ ਤੇ ਬੱਚਿਆਂ ਨੂੰ ਕੰਮ-ਚਲਾਊ ਸਟ੍ਰੈਚਰਾਂ 'ਤੇ ਪਾ ਕੇ ਲਿਜਾ ਰਹੇ ਸਨ ਅਤੇ ਹਜ਼ਾਰਾਂ ਹੀ ਅਜਿਹੇ, ਜੋ ਭੁੱਖ ਦੇ ਝੰਬੇ ਤੁਰਨੋਂ ਆਰੀ ਹੋ ਗਏ ਹਨ, ਮੌਤ ਦੀ ਇੰਤਜ਼ਾਰ ਵਿਚ ਸੜਕਾਂ ਦੇ ਕਿਨਾਰੇ ਪਏ ਹਨ।

ਇਥੋਪੀਆ ਦੇ ਰਿਲੀਫ਼ ਕਮਿਸ਼ਨਰ ਡੇਵਿਟ ਵਾਰਡੇ ਜਾਰਜਸ ਦੇ ਦੱਸਣ ਅਨੁਸਾਰ 70 ਲੱਖ ਦੇ ਕਰੀਬ ਲੋਕ ਭੁੱਖ-ਮਰੀ ਦਾ ਸ਼ਿਕਾਰ ਹੋ ਗਏ ਹਨ। ਸੋਕੇ ਦੀ ਮਾਰ 'ਚ ਆਏ ਹਜ਼ਾਰਾਂ ਕਿਸਾਨਾਂ ਨੇ ਅੱਗੇ ਤੋਂ ਫਸਲਾਂ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਛੱਡ ਦਿੱਤੀਆਂ ਹਨ ਅਤੇ ਉਹ ਅਦੀਸ ਅਬਾਬਾ ਤੋਂ 400 ਕਿਲੋਮੀਟਰ ਉੱਤਰ ਵੱਲ ਸਥਿਤ ਕੋਰਮ ਸ਼ਹਿਰ ਨੂੰ ਧਾਅ ਕੇ ਪੈ ਗਏ ਹਨ, ਜਿੱਥੇ ਪਹਿਲਾਂ ਹੀ 31,000 ਕਾਲ-ਪੀੜਤਾਂ ਦੀ ਦੇਖ ਭਾਲ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਹੀ ਹੋਰ ਕਿਸਾਨ ਆਰਜੀ ਤੰਬੂਆਂ 'ਚ ਬੈਠੇ ਮੌਤ ਨਾਲ ਘੁਲ ਰਹੇ ਹਨ।

ਤਰਪਾਲ ਦੇ ਪੰਜ ਤੰਬੂਆਂ ਵਿਚ ਯਤੀਮਖ਼ਾਨਾ ਖੋਹਲਿਆ ਗਿਆ ਹੈ। ਸੁੱਕ ਕੇ ਪਿੰਜਰ ਬਣੇ ਬੱਚਿਆਂ ਦੀਆਂ ਖੋਪਰੀਆਂ 'ਚੋਂ ਬਾਹਰ ਨੂੰ ਉਭਰਦੀਆਂ ਅੱਖਾਂ ਮੌਤ ਦਾ ਡਰਾਉਣਾ ਦ੍ਰਿਸ਼ ਪੇਸ਼ ਕਰਦੀਆਂ ਹਨ। ਹਰ ਰੋਜ਼ ਵੱਡੀ ਗਿਣਤੀ ਵਿਚ ਕਾਲੀ ਖ਼ੰਘ, ਖ਼ਸਰਾ ਤੇ ਪੇਚਿਸ਼ ਨਾਲ ਬੱਚੇ ਮਰ ਰਹੇ ਹਨ। ਕੁਝ ਮਾਪੇ, ਜਿਹੜੇ ਆਪਣੇ ਬੱਚਿਆਂ ਨੂੰ ਅੱਖਾਂ ਸਾਹਵੇਂ ਤੜਫ਼ ਤੜਫ਼ ਕੇ ਮਰਦਿਆਂ ਤੱਕਣ ਤੋਂ ਅਸਮਰੱਥ ਹਨ, ਯਤੀਮਖ਼ਾਨੇ 'ਚ ਛੱਡ ਕੇ ਪਹਾੜਾਂ 'ਚ ਅਲੋਪ ਹੋ ਜਾਂਦੇ ਹਨ। ਰਿਲੀਫ ਤੇ ਮੁੜ-ਵਸਾਓ ਕਮਿਸ਼ਨ (RRC) ਦੇ ਖ਼ੇਤਰੀ ਅਧਿਕਾਰੀ ਯੇਲਵਲਸ਼ੇਤ ਨੇ ਕਿਹਾ ਕਿ ਰੋਜ਼ਾਨਾ 50 ਤੋਂ 100 ਤੱਕ ਵਿਅਕਤੀਆਂ ਦੀ ਮੌਤ ਹੋ ਜਾਂਦੀ ਹੈ, ਜਿਨ੍ਹਾਂ ਵਿਚ ਵੱਡੀ ਗਿਣਤੀ ਬੱਚਿਆਂ ਦੀ ਹੈ। ਭੁੱਖ-ਮਰੀ ਨਾਲ ਪੈਦਾ ਹੋਈਆਂ ਬੀਮਾਰੀਆਂ ਨੇ ਉਨ੍ਹਾਂ ਨੂੰ ਏਨਾ ਕਮਜ਼ੋਰ ਕਰ ਦਿੱਤਾ ਹੈ ਕਿ ਉਹ 3000 ਮੀਟਰ ਉਚਾਈ 'ਤੇ ਵਸੇ ਕੋਰਮ ਸ਼ਹਿਰ ਦੀਆਂ ਰਾਤਾਂ ਦੀ ਕਾਟਵੀਂ ਠੰਢ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਲਗਾਤਾਰ ਮੌਤ ਦੇ ਖ਼ੂਨੀ ਜਬਾੜਿਆਂ 'ਚ ਧੱਕੇ ਜਾ ਰਹੇ ਹਨ। ਇਕ ਵੱਖਰੇ ਪਿੰਡ ਵਿਚ ਕੁਝ ਏਜੰਸੀਆਂ ਦੀ ਮਦਦ ਨਾਲ 8000 ਮਾਸੂਮ ਬੱਚਿਆਂ ਦੀ ਦੇਖ-ਭਾਲ ਕੀਤੀ ਜਾ ਰਹੀ ਹੈ।

ਯੇਲਵਲਸ਼ੇਤ ਨੇ ਦੱਸਿਆ ਕਿ 18,000 ਵਿਅਕਤੀਆਂ ਦੇ ਰੈਣ-ਬਸੇਰੇ ਲਈ ਕੋਈ ਥਾਂ ਨਹੀਂ ਅਤੇ ਪਹਾੜਾਂ ਦੀ ਹੱਡ-ਚੀਰਵੀਂ ਹਵਾ ਤੇ ਸ਼ੀਤ ਬੁੱਲਿਆਂ ਨਾਲ ਉਹ ਨਮੂਨੀਆ ਤੇ ਕਈ ਹੋਰ ਖਤਰਨਾਕ ਬੀਮਾਰੀਆਂ ਨਾਲ ਗ੍ਰਸੇ ਜਾ ਰਹੇ ਹਨ।

ਗੱਲ ਕੀ, ਕਾਲ ਨੇ ਚਾਰੇ ਪਾਸੇ ਹਾਹਾਕਾਰ ਮਚਾ ਰੱਖੀ ਹੈ। ਸੈਂਕੜੇ ਲੋਕੀਂ ਦਿਨ-ਬ-ਦਿਨ ਮਰ ਰਹੇ ਹਨ, ਹਜ਼ਾਰਾਂ ਹੀ ਭਿਆਨਕ ਬੀਮਾਰੀਆਂ ਦੇ ਮੂੰਹ 'ਚ ਡਿੱਗ ਰਹੇ ਹਨ, ਪਰ ਰੂਸੀ-ਪਿੱਠੂ ਮੈਂਗਿਸਤੂ ਫ਼ੌਜੀ ਜੁੰਡਲੀ ਨੂੰ ਮਨੁੱਖੀ ਜਾਨਾਂ ਨਾਲੋਂ ਹਥਿਆਰਾਂ ਨਾਲ ਵੱਧ ਮੋਹ ਹੈ, ਤਾਂ ਕਿ ਆਪਣੇ ਗੁਆਂਢੀ ਸੋਮਾਲੀਆ ਤੇ ਅਰਿਟੀਰੀਆ 'ਤੇ ਦਾਬਾ ਰੱਖਿਆ ਜਾ ਸਕੇ।

## ਰੂਸ ਦਾ 'ਸਮਾਜਵਾਦੀ' ਨਕਾਬ ਲੀਰੋ ਲੀਰ ਅਮਰੀਕਾ ਸਿਆਸੀ ਦਾਅ 'ਤੇ

ਇਹ ਕਾਲ-ਰੂਪੀ ਆਫ਼ਤ ਚਾਣਚੱਕ ਕਿਤੇ ਅਸਮਾਨੋਂ ਨਹੀਂ ਆ ਡਿੱਗੀ, ਬਲਕਿ ਪਿਛਲੇ ਤਿੰਨਾਂ ਸਾਲਾਂ ਤੋਂ ਇਥੋਪੀਆ ਸੋਕੇ ਦੀ ਫ਼ੇਟ ਝੱਲਦਾ ਆ ਰਿਹਾ ਹੈ ਅਤੇ ਮਨੁੱਖੀ ਜਾਨਾਂ ਤਬਾਹ ਹੋ ਰਹੀਆਂ ਹਨ। ਬੀਤੇ ਪੰਜ ਸਾਲਾਂ ਵਿਚ ਅਫ਼ਰੀਕਾ ਦੇ ਅੱਧੀ ਦਰਜਨ ਮੁਲਕਾਂ ਦੇ 35 ਲੱਖ ਲੋਕੀਂ ਭੁੱਖ-ਮਰੀ ਨਾਲ ਮਰ ਚੁੱਕੇ ਹਨ, ਜਿਨ੍ਹਾਂ 'ਚ ਮਾਲੀ, ਮਾਰਟਾਨੀਆ, ਬਾਟਸਵਾਨਾ ਤੇ ਜ਼ਿੰਬਾਬਵੇ ਸ਼ਾਮਲ ਹਨ। ਰੂਸ, ਅਮਰੀਕਾ, ਪੱਛਮੀ ਯੂਰਪ, ਗੁਟ-ਨਿਰਲੇਪ ਲਹਿਰ, ਸੰਯੁਕਤ ਰਾਸ਼ਟਰ ਅਤੇ ਇਸ ਦੀਆਂ ਵਿਸ਼ੇਸ਼ ਏਜੰਸੀਆਂ ਨੂੰ ਵਾਪਰਨ ਜਾ ਰਹੇ ਇਸ ਦੁਖਾਂਤ ਦਾ ਭਲੀਭਾਂਤ ਪਤਾ ਸੀ, ਪਰ ਕਿਸੇ

ਨੇ ਵੀ ਗੱਲਿਆ ਤਕ ਨਹੀਂ ਅਤੇ ਇਹ ਸਾਰੇ ਹੀ ਇਸ ਭਿਆਨਕ ਕਤਲੇਆਮ ਦੇ ਮੁਜਰਿਮ ਹੋ ਨਿੱਬੜੇ ਹਨ।

ਲੱਗਭੱਗ ਸਾਲ ਪਹਿਲਾਂ ਕੁਝ ਕੌਮਾਂਤਰੀ ਰਿਲੀਫ਼ ਏਜੰਸੀਆਂ ਅਤੇ ਸੋਸ਼ਲ ਵਰਕਰਾਂ ਨੇ ਹਾਲਾਤ ਦੀ ਨਾਜ਼ੁਕਤਾ ਦੀ ਅਗਾਊਂ ਚਿਤਾਵਨੀ ਦਿੱਤੀ ਸੀ। ਇਸੇ ਸਾਲ ਜਨਵਰੀ **ਵਿਚ "ਖੁਰਾਕ ਤੇ ਖੇਤੀਬਾੜੀ ਜਥੇਬੰਦੀ" (FAO) ਨੇ ਇਥੋਂ** ਤੱਕ ਕਹਿ ਦਿੱਤਾ ਸੀ ਕਿ ਜੇ ਜਲਦੀ ਕੋਈ ਪ੍ਰਬੰਧ ਨਾ ਕੀਤਾ ਗਿਆ ਤਾਂ ਦੋ ਦਰਜਨ ਅਫ਼ਰੀਕੀ ਮੁਲਕ (ਜਿਨ੍ਹਾਂ ਦੀ ਆਬਾਦੀ 15 ਕਰੋੜ ਬਣਦੀ ਹੈ) ਭੁੱਖ-ਮਰੀ ਦੇ ਮੂੰਹ ਜਾ ਪੈਣਗੇ ਅਤੇ 7,00,000 ਟਨ ਦੀ ਫ਼ੌਰੀ ਇਮਦਾਦ ਦੀ ਲੋੜ 'ਤੇ ਜ਼ੋਰ ਦਿੱਤਾ ਸੀ ਤੇ ਇਹ ਅੰਦਾਜ਼ਾ ਵੀ ਲਾਇਆ ਸੀ ਕਿ ਆਉਣ ਵਾਲੇ 12 ਮਹੀਨਿਆਂ 'ਚ ਇਸ ਬਿਪਤਾ ਨੂੰ ਟਾਲਣ ਲਈ ਅਫ਼ਰੀਕਾ ਨੂੰ 35 ਲੱਖ ਟਨ ਅਨਾਜ ਚਾਹੀਦਾ ਹੈ। ਇਸ ਸਭ ਕੁਛ ਦੇ ਬਾਵਜੂਦ FAO ਦਾ ਵਿਸ਼ਵਾਸ ਹੈ ਕਿ ਉਨ੍ਹਾਂ ਸਾਰਿਆਂ ਨੇ, ਜਿਹੜੇ ਕਿ ਇਸ ਬਿਪਤਾ ਮੌਕੇ ਕਾਫ਼ੀ ਮਦਦ ਕਰ ਸਕਦੇ ਸੀ, ਜਾਣ ਬੁੱਝ ਕੇ ਧਿਆਨ ਨਹੀਂ ਦਿੱਤਾ।

ਰੂਸ, ਜਿਹੜਾ ਕਿ ਪਿਛਲੇ ਕਈ ਸਾਲਾਂ ਤੋਂ ਆਪਣੇ ਆਪ ਨੂੰ ਇਥੋਪੀਆ ਦਾ 'ਸਮਾਜਵਾਦੀ ਦੋਸਤ' ਹੋਣ ਦੀਆਂ ਟਾਹਰਾਂ ਮਾਰਦਾ ਰਿਹਾ ਹੈ, ਨੇ ਵੀ ਇਹ ਕਹਿੰਦਿਆਂ ਠੁੱਠ ਵਿਖਾ ਦਿੱਤਾ ਕਿ ਉਹ ਖ਼ੁਦ ਘਾਟੇ 'ਚੋਂ ਲੰਘ ਰਿਹਾ ਹੈ। ਇਥੋਪੀਆ ਨੂੰ ਲਗਾਤਾਰ ਉਹ ਆਪਣੇ ਜੰਗੀ ਮਨਸੂਬਿਆਂ ਦੀ ਪੂਰਤੀ ਲਈ ਹਥਿਆਰਾਂ ਦੀ ਮੰਡੀ ਦੇ ਤੌਰ 'ਤੇ ਵਰਤਦਾ ਆ ਰਿਹਾ ਹੈ।

ਇਹੀ ਵਜਾਹ ਹੈ ਕਿ ਇਥੋਪੀਆ ਦੀ ਆਰਥਕਤਾ ਤਾਂ ਮੁਕੰਮਲ ਤਬਾਹ ਹੋ ਚੁੱਕੀ ਹੈ, ਪਰ ਸੰਸਾਰ ਦੇ ਇਸ ਖਿੱਤੇ 'ਚ ਇਹ ਪਰਿਟੋਰੀਆ ਤੋਂ ਬਾਅਦ ਦੂਜੀ ਵੱਡੀ ਫੌਜੀ ਤਾਕਤ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਸੁਡਾਨ ਨੇ ਤਾਂ ਸ਼ਕਾਇਤ ਵੀ ਕੀਤੀ ਹੈ ਕਿ ਇਕ ਪਾਸੇ ਜਦ ਇਥੋਪੀਆ ਦੇ ਲੋਕੀਂ ਭੁੱਖ ਨਾਲ ਮਰ ਰਹੇ ਹਨ, ਤਾਂ ਇਹ ਲਿਬੀਆ ਨਾਲ ਰਲ ਕੇ ਉਸ ਦੇ ਦੱਖਣੀ ਭਾਗਾਂ 'ਤੇ ਹਮਲੇ ਕਰ ਰਿਹਾ ਹੈ।

ਰੂਸ, ਜੋ ਕਿ ਤੀਜੀ ਦੁਨੀਆਂ ਦੇ ਮੁਲਕਾਂ ਨੂੰ ਕਰੋੜਾ ਡਾਲਰਾਂ ਦੇ ਹਥਿਆਰ ਸਪਲਾਈ ਕਰਦਾ ਹੈ, ਜੇ ਚਾਹੁੰਦਾ ਤਾਂ ਹਥਿਆਰਾਂ ਬਦਲੇ ਅੰਨਾਜ ਦਾ ਵਟਾਂਦਰਾ ਕਰਕੇ ਵੀ ਮਦਦ ਕਰ ਸਕਦਾ ਸੀ, ਪਰ ਉਸ ਨੇ ਇਹ ਜੋਖਮ ਉਠਾਉਣ ਦੀ ਲੋੜ ਨਹੀਂ ਸਮਝੀ। ਕਮਾਲ ਦੀ ਗੱਲ ਤਾਂ ਇਹ ਹੈ ਕਿ ਰੂਸ ਤੇ ਉਸ ਦੇ ਸਹਿਯੋਗੀਆਂ ਦੀ ਜਥੇਬੰਦੀ ਕੌਮੀਕਨ (COMECON) ਦੀ ਹੁਣੇ ਹੁਣੇ ਹਵਾਨਾ 'ਚ ਹੋ ਕੇ ਹਟੀ ਇਕ ਉਚ-ਪੱਧਰੀ ਮੀਟਿੰਗ ਵਿਚ, ਭੁੱਖ ਨਾਲ ਮਰ ਰਹੇ ਲੋਕਾਂ ਦੀ ਮਦਦ ਕਰਨ ਸਬੰਧੀ ਇਕ ਸ਼ਬਦ ਤਕ ਨਹੀਂ ਬੋਲਿਆ ਗਿਆ। ਵਾਰੇ ਵਾਰੇ ਜਾਈਏ ਐਸੇ 'ਸਮਾਜਵਾਦ' ਦੇ!

ਦੂਜੇ ਪਾਸੇ, ਰੂਸੀ ਸ਼ਰੀਕ—ਅਮਰੀਕਾ—ਜੋ ਕਿ ਹਰ ਸਾਲ ਲੱਖਾਂ ਟਨ ਅਨਾਜ ਸਾੜਦਾ ਜਾਂ ਸਮੁੰਦਰ 'ਚ ਵਗਾਹ ਮਾਰਦਾ ਹੈ, ਨੇ ਵੀ ਅੱਥਰੂ ਪੂੰਝਣ ਤੋਂ ਸਿਵਾ ਕੁਝ ਨਹੀਂ ਕੀਤਾ। ਉਹ ਪਿਛਲੇ ਸਮੇਂ ਤੋਂ ਇਹ ਯਤਨ ਕਰਦਾ ਆ ਰਿਹਾ ਹੈ ਕਿ ਮੈਂਗਿਸਤੂ ਜੁੰਡਲੀ ਨੂੰ ਰਸੀ ਲੱਤ ਹੇਠੋਂ ਕੱਢ ਕੇ ਆਪਣੇ ਥੱਲੇ ਲਾਇਆ ਜਾਵੇ। ਇਹਦੀ ਪੂਰਤੀ ਲਈ ਉਹ ਦਾਬਾ ਤੇ ਢਿੱਲ ਦੀ ਨੀਤੀ ਅਪਣਾ ਕੇ ਚਲ ਰਿਹਾ ਹੈ। ਖੁੱਲ੍ਹੇ ਹਥੀਂ ਮਦਦ ਦੇਣ ਤੋਂ ਝਿੱਸੀ ਵੱਟਣ ਪਿੱਛੇ ਵੀ ਅਮਰੀਕਾ ਦੇ ਆਪਣੇ ਸਿਆਸੀ ਮੰਤਵ ਹਨ। ਇਉਂ ਕਰਕੇ ਉਹ ਇਨ੍ਹਾਂ ਦੇਸ਼ਾਂ ਨੂੰ ਇਹ ਜਚਾਉਣਾ ਚਾਹੁੰਦਾ ਹੈ ਕਿ ਕੌਮੀਕਨ ਕੋਲ ਇਨ੍ਹਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੈ ਤੇ ਇਹ ਸਿਰਫ਼ ਉਹੀ ਹੈ, ਜਿਹੜਾ ਕਿ ਉਨ੍ਹਾਂ ਦੀਆ ਮੁਸ਼ਕਲਾਂ ਦਾ ਨਿਪਟਾਰਾ ਕਰ ਸਕਦਾ ਹੈ। ਸੋ ਉਹ ਇਕ ਹੱਦ ਤਕ ਪਹਿਲਾ ਸ਼ਿਕੰਜਾ ਵੀ ਕੱਸਦਾ ਹੈ ਤੇ ਬਾਅਦ 'ਚ ਕੁਝ ਰਾਹਤ ਦੇ ਕੇ ਉਨ੍ਹਾਂ ਨੂੰ ਆਪਣੇ ਪੱਖ 'ਚ ਜਿੱਤਣਾ ਚਾਹੁੰਦਾ ਹੈ। ਇਹੀ ਕਾਰਣ ਹੈ ਕਿ ਹੁਣ ਲੋਕੀਂ ਤਾਂ ਭੁੱਖ ਨਾਲ ਮਰ ਰਹੇ ਹਨ ਅਤੇ ਅਮਰੀਕਾ ਨੇ ਪੂਰੀ ਬੇਸ਼ਰਮੀ ਨਾਲ ਖੁਲ੍ਹੇਆਮ ਐਲਾਨ ਕੀਤਾ ਹੈ ਕਿ ਉਹ ਵਾਧੂ ਅਨਾਜ ਦੀ ਸਿਆਸੀ ਮੰਤਵਾਂ ਲਈ ਵਰਤੋਂ ਕਰੇਗਾ। ਲਾਹਨਤ ਹੈ ਇਸ ਆਦਮਖੋਰ ਸਾਮਰਾਜੀ ਪ੍ਰਬੰਧ 'ਤੇ!

ਹੁਣ ਜੇ ਸਿਰੇ 'ਤੇ ਆ ਕੇ ਦੋਹਾਂ ਸ਼ਰੀਕਾਂ ਨੇ ਮਾੜੀ-ਮੋਟੀ ਮਦਦ ਦਾ ਐਲਾਨ ਵੀ ਕੀਤਾ ਹੈ, ਤਾਂ ਇਹ ਮਰ ਰਹੇ ਲੋਕਾਂ ਦੀਆਂ ਲਾਸ਼ਾਂ 'ਤੇ ਮਗਰਮੱਛੀ ਅੱਥਰੂ ਵਹਾਉਣ ਅਤੇ ਆਪਣੇ ਰਾਕਸ਼ੀ ਚਿਹਰੇ ਛੁਪਾਉਣ ਦੀ ਨਾਕਾਮ ਕੋਸ਼ਿਸ਼ ਤੋਂ ਵੱਧ ਕੁਝ ਨਹੀਂ।

ਰੂਸ-ਪੱਖੀ ਮੈਂਗਿਸਤੂ ਜੁੰਡਲੀ ਨੇ ਆਪਣੇ ਸਿਆਸੀ ਹਿਤਾਂ ਤਹਿਤ ਵਿੱਲੀ ਬਰਾਂਡਟ ਦੀ ਅਗਵਾਈ 'ਚ ਬਣੇ "ਰਿਲੀਫ਼ ਤੇ ਮੁੜ-ਵਸਾਊ ਕਮਿਸ਼ਨ" ਦੀ ਇਹ ਰਾਇ ਕਿ ਉਹ ਕਾਲ-ਪੀੜਤ ਬਾਗੀ ਇਲਾਕਿਆਂ 'ਚ ਖੁਰਾਕ ਸਹਾਇਤਾ ਯਕੀਨੀ ਬਨਾਉਣ ਲਈ ਆਜ਼ਾਦ ਕਮਿਸ਼ਨ ਬਨਾਉਣਾ ਚਾਹੁੰਦੇ ਹਨ, ਹਕਾਰਤ ਨਾਲ ਠੁਕਰਾ ਦਿੱਤਾ ਹੈ। ਕਿਉਂਕਿ ਉਹ ਜਾਣਦੇ ਹਨ ਕਿ ਇਉਂ ਕਰਕੇ ਅਮਰੀਕਾ ਬਾਗੀਆਂ 'ਚ ਆਪਣੇ ਪੈਰ ਜਮਾਉਣਾ ਚਾਹੁੰਦਾ ਹੈ ਅਤੇ ਇਥੋਪੀਅਨ ਲੋਕਾਂ ਨੂੰ ਇਹ ਪ੍ਰਭਾਵ ਦੇਣਾ ਚਾਹੁੰਦਾ ਹੈ ਕਿ ਸਿਰਫ਼ ਉਹੀ ਉਨ੍ਹਾਂ ਦਾ 'ਸੱਚਾ ਮਿੱਤਰ' ਹੈ, ਜੋ ਕਿ ਰੂਸੀ ਬਘਿਆੜਾਂ ਨੂੰ ਕਿਵੇਂ ਵੀ ਰਾਸ ਨਹੀਂ। ਬਾਗੀਆਂ ਨੂੰ ਕੁਚਲਣ ਲਈ ਜੁੰਡਲੀ ਦੇ ਇਸ ਨੰਗੇ-ਚਿੱਟੇ ਇਜ਼ਹਾਰ ਨੇ ਇਹਦਾ 'ਮਾਰਕਸਵਾਦੀ' ਬੁਰਕਾ ਲੀਰੋ ਲੀਰ ਕਰ ਦਿੱਤਾ ਹੈ। ਬਾਗੀਆਂ ਨੂੰ ਮਾਰ-ਮੁਕਾਉਣ ਲਈ ਇਹ ਅਮਰੀਕਾ ਤੋਂ ਮਿਲੇ ਹਥਿਆਰਾਂ ਜਾਂ ਮਦਦ ਦਾ ਵੀ ਸੁਆਗਤ ਕਰਦੀ ਹੈ ਜਾਂ ਉਨ੍ਹਾਂ ਨੂੰ ਭੁੱਖੇ ਮਰਨ ਦੇਣਾ ਚਾਹੁੰਦੀ ਹੈ।

## ਗੁੱਟ-ਨਿਰਲੇਪ ਲਹਿਰ ਦੇ ਫ਼ੋਕੇ ਦਾਅਵੇ ਵੀ ਬੇਪੜਦ

ਅਫ਼ਰੀਕਾ 'ਚ ਵਾਪਰੀਆਂ ਘਟਨਾਵਾਂ ਦਾ ਸਭ ਤੋਂ ਵੱਧ ਨਿਰਾਸ਼ਾਜਨਕ ਪਹਿਲੂ ਗੁੱਟ-ਨਿਰਲੇਪ ਲਹਿਰ ਦੇ ਲੀਡਰਾਂ ਦੇ ਫ਼ੋਕੇ ਦਾਅਵਿਆਂ ਦੀ ਫੂਕ ਨਿਕਲਣਾ ਹੈ! ਇਸ ਲਹਿਰ ਦੇ ਲੀਡਰ ਇਹ ਕਹਿੰਦੇ ਨਹੀਂ ਥੱਕਦੇ ਕਿ ਉਹ ਦੋਹਾਂ ਦਿਉ-ਤਾਕਤਾਂ ਤੋਂ ਆਜ਼ਾਦ ਰਹਿ ਕੇ ਇਕ ਦੂਜੇ ਦੀ ਔਖੀ ਘੜੀ ਮਦਦ ਕਰਨਗੇ। ਭਾਰਤ ਨੇ ਭੁੱਖ ਨਾਲ ਮਰਦੇ ਲੋਕਾਂ ਦੀ ਮਦਦ ਕਰਨੀ ਤਾਂ ਪਾਸੇ ਰਹੀ (ਭਾਂਵੇ ਅਨਾਜ ਇਹਦੇ ਗੁਦਾਮਾਂ 'ਚ ਗਲ-ਸੜ ਰਿਹਾ ਹੈ), ਇਸ ਲਹਿਰ ਦਾ ਚੇਅਰਮੈਨ ਹੋਣ ਦੇ ਨਾਤੇ ਆਪਣੀ ਜ਼ਬਾਨ ਤੱਕ ਵੀ ਨਹੀਂ ਖੋਲ੍ਹੀ। ਕੁਝ ਸਮਾਂ ਪਹਿਲਾਂ ਵਿਕਸਤ ਦੇਸ਼ਾਂ ਤੇ ਤੇਲ-ਉਤਪਾਦਕ ਦੇਸ਼ਾਂ 'ਤੇ ਆਧਾਰਤ "ਖੇਤੀਬਾੜੀ ਵਿਕਾਸ ਲਈ ਕੌਮਾਂਤਰੀ ਫ਼ੰਡ" (IFAD) ਨਾਂ ਦੀ ਬਣੀ ਜਥੇਬੰਦੀ, ਜਿਹਦਾ ਮਕਸਦ ਗਰੀਬ ਮੁਲਕਾਂ ਦੇ ਛੋਟੇ ਤੇ ਬੇਜ਼ਮੀਨੇ ਕਿਸਾਨਾਂ ਦੀ ਮਦਦ ਕਰਨਾ ਸੀ, ਨਕਾਰਾ ਹੋ ਕੇ ਰਹਿ ਗਈ ਹੈ।

ਇਸ ਜਥੇਬੰਦੀ ਦੇ ਤੇਲ-ਉਤਪਾਦਕ (OPEC) ਮੈਂਬਰ ਇਹ ਦਲੀਲ ਦੇ ਰਹੇ ਹਨ ਕਿ ਉਹ ਆਪਣਾ ਹਿੱਸਾ ਨਹੀਂ ਪਾ ਸਕਦੇ, ਕਿਉਂਕਿ ਉਨ੍ਹਾਂ ਦੇ ਤੇਲ-ਮੁਨਾਫ਼ੇ ਘਟ ਗਏ ਹਨ। ਇਕ ਪਾਸੇ ਤਾਂ ਲੋਕੀਂ ਭੁੱਖ ਨਾਲ ਮਰ ਰਹੇ ਹਨ ਅਤੇ ਇਹ ਨਾ ਤਾਂ ਆਪਣੀ ਖ਼ਪਤ 'ਤੇ ਕਟੌਤੀ ਲਾਉਣਾ ਚਾਹੁੰਦੇ ਹਨ ਅਤੇ ਨਾ ਹੀ ਹਥਿਆਰਾਂ ਦੀ ਖ਼ਰੀਦ 'ਤੇ। ਇਹ ਵਿਕਸਤ ਦੇਸ਼ਾਂ 'ਤੇ ਨਜ਼ਲਾ ਝਾੜ ਰਹੇ ਨੇ ਕਿ ਉਹ ਸਾਡੀਆਂ ਸਮੱਸਿਆਵਾਂ ਦੇ ਬਹਾਨੇ ਹੇਠ ਆਪਣਾ ਹਿੱਸਾ ਕਿਉਂ ਨਹੀਂ ਪਾ ਰਹੇ। ਕਿੰਨਾ ਸ਼ਾਨਦਾਰ ਨਮੂਨਾ ਹੈ ਗੁੱਟ-ਨਿਰਲੇਪਤਾ ਦਾ!

(ਬਾਕੀ ਸਫ਼ਾ 30)

(ਸਫ਼ਾ ੨੭ ਦੀ ਬਾਕੀ ...)

# ਭੁੱਖ-ਮਰੀ ਵਰਗੀਆਂ ਅਲਾਮਤਾਂ ਦਾ ਇੱਕੋ ਇੱਕ ਹੱਲ— ਸੰਸਾਰ ਇਨਕਲਾਬ

**ਸੰਯੁਕਤ ਰਾਸ਼ਟਰ ਦੇ ਸੈਕਟਰੀ-ਜਨਰਲ ਨੇ ਚਿਤਾਵਨੀ** ਦਿੱਤੀ ਹੈ ਕਿ ਜੇ ਫ਼ੌਰੀ ਅਨਾਜ ਸਪਲਾਈ ਦਾ ਪ੍ਰਬੰਧ ਨਾ ਕੀਤਾ ਗਿਆ, ਤਾਂ ਅਗਲੇ ਮਹੀਨੇ ਹੀ ਚਾਡ ਵਿਚ ਭੁੱਖ ਨਾਲ ਲੋਕੀਂ ਮਰਨੇ ਸ਼ੁਰੂ ਹੋ ਜਾਣਗੇ । ਇਹੀ ਹਾਲ ਆ ਰਹੇ ਤਿੰਨਾਂ ਸਾਲਾਂ 'ਚ ਸੂਡਾਨ ਤੇ ਬੰਗਲਾ ਦੇਸ਼ ਦਾ ਹੋਣ ਜਾ ਰਿਹਾ ਹੈ ਅਤੇ ਅਫ਼ਗਾਨਿਸਤਾਨ ਵੀ ਬਚ ਨਹੀਂ ਸਕਦਾ ।

ਬੇਸ਼ੱਕ ਇਸ ਵਬਾ ਦਾ ਵਕਤੀ ਤੇ ਫ਼ੌਰੀ ਹੱਲ ਇਹੀ ਹੈ ਕਿ ਮਰ ਰਹੇ ਲੋਕਾਂ ਨੂੰ ਬਚਾਉਣ ਲਈ ਵੱਧ ਤੋਂ ਵੱਧ ਅਨਾਜ ਤੇ ਕੱਪੜੇ-ਲੱਤੇ ਦਾ ਪ੍ਰਬੰਧ ਕੀਤਾ ਜਾਵੇ, ਪਰ ਅੰਤਮ ਹੱਲ ਵਜੋਂ ਸਾਨੂੰ ਇਹ ਗੱਲ ਪੂਰੇ ਜ਼ੋਰ ਨਾਲ ਲੋਕਾਂ 'ਚ ਲੈ ਕੇ ਜਾਣੀ ਚਾਹੀਦੀ ਹੈ ਕਿ ਲੁਟੇਰੇ ਸਾਮਰਾਜੀ ਪ੍ਰਬੰਧ ਨੂੰ ਫ਼ਨਾਹ ਕਰਕੇ ਸੰਸਾਰ ਭਾਈਚਾਰੇ—ਕਮਿਊਨਿਜ਼ਮ—ਦੀ ਸਿਰਜਣਾ ਹੀ ਇਹਦਾ ਇਕੋ ਇਕ ਹੱਲ ਹੈ ਅਤੇ ਭੁੱਖ-ਮਰੀ ਨਾਲੋਂ ਵੀ ਕਿਤੇ ਵੱਡਾ ਕਤਲੇਆਮ (ਤੀਜੀ ਪ੍ਰਮਾਣੂ ਜੰਗ) ਮਚਾਉਣ ਜਾ ਰਹੇ ਇਨ੍ਹਾਂ ਰਾਖਸ਼ਾਂ ਦੇ ਜੰਗੀ ਮਨਸੂਬਿਆਂ ਨੂੰ ਚਕਨਾਚੂਰ ਕਰਦਿਆਂ ਸੰਸਾਰ ਇਨਕਲਾਬ ਦੇ ਰਾਹ ਅੱਗੇ ਵਧਣਾ ਚਾਹੀਦਾ ਹੈ ।

• (ਜੈਕਾਰਾ ਦਸੰਬਰ '੮੪ 'ਚੋਂ ਧੰਨਵਾਦ ਸਹਿਤ)

# ਪੰਜਾਬੀ ਕਵੀਆਂ ਦੇ ਧਿਆਨ ਯੋਗ —

ਅੱਜ ਸੰਸਾਰ ਭਰ ਵਿੱਚ ਲੋਕ ਦੁਸ਼ਮਣ ਤਾਕਤਾਂ ਮਿਹਨਤੀ ਲੋਕਾਂ ਦੀ ਲੁੱਟ ਖਸੁੱਟ ਕਾਇਮ ਰੱਖਣ ਲਈ ਅਤੇ ਇਸ ਲੁੱਟ ਚੋਂਘ ਦੇ ਖਿਲਾਫ ਲੋਕਾਂ ਦੇ ਉਠ ਰਹੇ ਹੱਕੀ ਸੰਘਰਸ਼ਾਂ ਦੀ ਸੰਘੀ ਘੁੱਟਣ ਲਈ ਧਰਮਾਂ, ਨਸਲਾਂ, ਰੰਗਾਂ, ਇਲਾਕਿਆਂ ਤੇ ਸਰਹੱਦਾਂ ਦੇ ਆਧਾਰ ਤੇ ਲੋਕਾਂ ਨੂੰ ਪਾੜ ਕੇ ਉਹਨਾਂ ਨੂੰ ਭਰਾ ਮਾਰ ਲੜਾਈਆਂ ਵਿੱਚ ਝੋਕ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਹਿੰਦੋਸਤਾਨ ਵਿੱਚ ਤੇ ਖਾਸ ਕਰ ਪੰਜਾਬ ਵਿੱਚ ਜੋ ਦੁਖਾਂਤ ਵਾਪਰੇ ਹਨ ਉਹਨਾਂ ਨੂੰ ਇਸੇ ਸੰਦਰਭ ਵਿੱਚ ਵੇਖਿਆ ਜਾਏ ਤਾਂ ਸਾਰੀ ਗੱਲ ਸਪੱਸ਼ਟ ਹੋ ਜਾਂਦੀ ਹੈ। ਲੋਕ-ਪੱਖੀ ਲੇਖਕਾਂ ਦਾ ਇਹ ਕਰਤੱਵ ਬਣ ਜਾਂਦਾ ਹੈ ਕਿ ਉਹ ਲੋਕ-ਵਿਰੋਧੀ ਤਾਕਤਾਂ ਦੇ ਇਹਨਾਂ ਚੰਦਰੇ ਮਨਸੂਬਿਆਂ ਦਾ ਪਰਦਾਫਾਸ਼ ਕਰਨ। ਅਸੀਂ ਪੰਜਾਬੀ ਦੇ ਲੇਖਕ ਜਿੱਥੇ ਕਿਤੇ ਵੀ ਬੈਠੇ ਹਾਂ ਸਾਡੀ ਜ਼ਮੀਰ ਇਹਨਾਂ ਘਟਨਾਵਾਂ ਤੋਂ ਅਭਿੱਜ ਨਹੀਂ ਰਹਿ ਸਕਦੀ। ਅਸੀਂ ਇਸ ਵਿਸ਼ੇ ਉਪਰ ਕੈਨੇਡਾ ਦੇ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ, ਗੀਤਾਂ ਦਾ ਇੱਕ ਸੰਗ੍ਰਹਿ ਪ੍ਰਕਾਸ਼ਤ ਕਰਨ ਦਾ ਉਪਰਾਲਾ ਕਰਨ ਦਾ ਫੈਸਲਾ ਕੀਤਾ ਹੈ। ਅਸੀਂ ਕੈਨੇਡਾ ਭਰ ਦੇ ਪੰਜਾਬੀ ਲੇਖਕਾਂ ਨੂੰ ਖੁਲ੍ਹਾ ਸੱਦਾ ਦਿੰਦੇ ਹਾਂ ਕਿ ਵੁਹ ਇਸ ਵਿਸ਼ੇ ਸੰਬੰਧੀ ਆਪਣੀਆਂ ਚੋਣਵੀਆਂ ਕਵਿਤਾਵਾਂ ਤੇ ਗੀਤ ਸਾਨੂੰ ਹੇਠ ਲਿਖੇ ਪਤੇ ਉਪਰ ਜਲਦੀ ਤੋਂ ਜਲਦੀ ਭੇਜਣ ਦੀ ਕ੍ਰਿਪਾਲਤਾ ਕਰਨ।

ਵੱਲੋਂ
ਸੁਖਪਾਲ ਅਤੇ ਸਾਧੂ

ਰਚਨਾਵਾਂ ਭੇਜਣ ਦਾ ਪਤਾ:
**P.O. Box 67681, Stn. 'O', Vancouver, B.C. V5W 3C2**

→ ਮਨੁੱਖ ਨੂੰ ਖ਼ਤਰਾ
ਘਰ ਨੂੰ ਖ਼ਤਰਾ
ਭਲਾ ਕਿੱਥੇ ਹੈ ?
•

(ਸਫ਼ਾ 12 ਦੀ ਬਾਕੀ ...)

ਪੁਰਾਣੀਆਂ ਖਬਰਾਂ ।

ਬਾਬਾ : ਅਖਬਾਰ ਵਾਲੇ, ਕਦੀ ਤਾਂ ਬੱਲਿਆ ਨਵੀਂ ਖਬਰ ਲਿਆਇਆ ਕਰ. ਇਸ ਧਰਤੀ ਤੇ ਨਵੇਂ ਸੂਰਜ ਚੜਣ ਦੀ..

ਬਾਕੀ : ਨਵਾਂ ਸੂਰਜ ?

ਬਾਬਾ : ਹਾਂ, ਜਦੋਂ ਇਸ ਧਰਤੀ ਤੇ ਮੇਹਨਤ ਕਰਨ ਵਾਲੇ ਲੋਕ ਮੇਹਨਤ ਦੀ ਰਖਵਾਲੀ ਲਈ ਇਕੱਠੇ ਉਠਣਗੇ। ਹਿੰਦੂ ਵੀ ਹੋਣਗੇ, ਸਿੱਖ ਵੀ ਹੋਣਗੇ, ਮੁਸਲਮਾਨ ਵੀ ਹੋਣਗੇ ਤੇ ਉਹ ਵੀ ਹੋਣਗੇ, ਜਿਹੜੇ ਕਿਸੇ ਧਰਮ ਨਾਲ ਨਹੀਂ ਜਾਣੇ ਜਾਂਦੇ—ਉਸ ਨਵੇਂ ਸੂਰਜ ਦੀ ਖਬਰ, ਜਿਸਦੀ ਭਾਰਤ ਦੇ ਕ੍ਰੋੜਾਂ ਲੋਕਾਂ ਨੂੰ ਉਡੀਕ ਹੈ।

[ਬਾਬਾ ਇਹ ਆਖਰੀ ਵਾਰਤਾਲਾਪ ਬੜਾ ਠਹਿਰ ਠਹਿਰ ਕੇ ਬੋਲਦਾ ਹੈ ਤੇ ਫੇਰ ਇਕ ਪਾਸੇ ਵੇਖਦਾ ਹੈ ਜਿਸ ਤਰ੍ਹਾਂ ਆਪਣੀ ਕਲਪਨਾ ਵਿਚ ਕੋਈ ਸੂਰਜ ਦੇਖ ਰਿਹਾ ਹੈ। ਉਸੇ ਪਾਸੇ ਸਾਰੇ ਵੇਖਦੇ ਹਨ ਤੇ ਸਟਿਲ ਹੋ ਜਾਂਦੇ ਹਨ] •

(ਸਮਤਾ ਜਨਵਰੀ 1985 'ਚੋਂ ਧੰਨਵਾਦ ਸਹਿਤ)

## ਮੇਰੇ ਬਾਪੂ ! ਤੇਰੇ ਨਾਂ...

ਰਾਜਬੀਰ

[ਭੁਪਾਲ ਗੈਸ-ਲੀਕ ਦੁਖਾਂਤ ਦੇ ਪੀੜਤ
ਇਕ ਬਜ਼ੁਰਗ ਦੀ ਤਸਵੀਰ ਵੇਖ ਕੇ—
ਜਿਸਦੀ ਅੱਖਾਂ ਦੀ ਜੋਤ ਸਦਾ ਲਈ ਬੁਝ ਗਈ]

•

ਤੂੰ ਸ਼ਾਇਦ ਕਿਸਮਤ ਨੂੰ ਕੋਸਦਾ ਹੋਏਂਗਾ
ਪਰ ਬਾਪੂ ! ਅਚਨਚੇਤ ਹੀ ਤੂੰ ਅੰਨ੍ਹਾਂ ਨਹੀਂ ਹੋਇਆ
ਸ਼ਹਿਰ ਨੂੰ ਕੈਂਪ ਵਿਚ ਬਦਲਣ
ਹਵਾ ਤੇ ਦੁੱਧ 'ਚ ਜ਼ਹਿਰ ਘੋਲਣ ਦੇ
ਤੇਰੇ ਗਿਰਵੀ ਦੇਸ਼ ਦੇ ਸਵਾਗਤੀ ਗੇਟ ਪੁਰਾਣੇ ਨੇ ..
ਬਾਪੂ ! ਉਹ ਤਾਂ ਸਮਝਦੇ ਨੇ
ਸਾਨੂੰ ਅੱਖਾਂ ਦੀ ਲੋੜ ਵੀ ਪ੍ਰਲੋਕ 'ਚ ਪੈਣੀ ਹੈ
ਹੁਣ ਬਾਪੂ ਤੂੰ ਵੇਖ ਨਹੀਂ ਸਕੇਂਗਾ, ਜਾਂ
ਹੁਣ ਸਿਰਫ਼ ਤੂੰ ਵੇਖ ਸਕੇਂਗਾ
ਬੀਤੀ ਉਮਰ ਦੇ ਹਨ੍ਹੇਰੇ ਦਿਨਾਂ ਨੂੰ
ਜਾਂ ਸਿਰਫ਼ ਵੇਖ ਸਕੇਂਗਾ ਪਲਕਾਂ 'ਚੋਂ ਕਿਰ ਕੇ
ਝੁਰੜੀਆਂ ਦੀ ਉਲਝਣ 'ਚ ਖਿੱਲਰ ਗਏ ਹੰਝੂ ਨੂੰ
ਕਿਉਂਕਿ ਹੰਝੂ ਤੇ ਬੀਤੇ ਨੂੰ ਵੇਖਣ ਲਈ
ਨਜ਼ਰ ਦੀ ਲੋੜ ਨਹੀਂ ਹੁੰਦੀ
ਸ਼ਾਇਦ ਤੂੰ ਬਾਪੂ, ਕੁਝ ਆਸ ਰੱਖਦਾ ਹੋਵੇਂਗਾ ਉਹਨਾਂ ਤੋਂ
ਕੋਲਿਆਂ ਦੀ ਦਲਾਲੀ 'ਚ ਜਿਨ੍ਹਾਂ ਦਾ ਮੂੰਹ ਕਾਲਾ ਹੈ
ਇਹ ਜੇਬ-ਤਲਾਸ਼ ਰਾਜਨੀਤੀ
ਤੇਰੀ ਡੰਗੋਰੀ ਬਣ ਜਾਵੇਗੀ ?
ਤੇਰੀ ਪਾਟੀ ਜੇਬ 'ਚ ਕੋਈ ਸਿੱਕਾ ਹੈ ਤਾਂ
ਸੰਕਟ ਦੀ ਇਸ ਘੜੀ ਦੇਸ਼ ਨੂੰ ਦੇ ਦੇ
ਮੇਰੇ ਬਾਪੂ ! ਇਸ ਦੇਸ਼ ਵਿਚ
ਜਾਂ ਧਰਮ ਨੂੰ ਖ਼ਤਰਾ ਹੈ
ਜਾਂ ਦੇਸ਼ ਨੂੰ ਖ਼ਤਰਾ ਹੈ →

## ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ

— ਸੁਖਪਾਲ

ਮਜ਼ਹਬ ਹੈ ਇਕ ਵਿਸ਼ਵਾਸ਼ ਜੋ ਲੋਕਾਂ ਦੇ ਦਿਲਾਂ ਵਿਚ ਵੱਸਦਾ
ਏਸ ਵਸਣ ਤੋਂ ਵੱਧ ਜ਼ਰੂਰੀ ਹੈ ਲੋਕਾਂ ਦਾ ਵਸਣਾ !
ਦਿਲ ਦੀ ਕਿਤਾਬ ਵਿਚੋਂ ਮਜ਼ਹਬ ਨੂੰ ਮੇਟ ਦੇਵੋ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ!

ਚਮਕੌਰ, ਆਨੰਦਪੁਰ ਸਾਹਵੇਂ ਝੁਕਦਾ ਹੈ ਸੀਸ ਬੇਸ਼ੱਕ
ਪਟਨਾ ਗੋਦਾਵਰੀ ਵੀ ਨਹੀਂ ਗ਼ੈਰ ਥਾਂ ਅਸਾਡੀ !
ਗੁਰੂ ਗੋਬਿੰਦ ਸਿੰਘ ਵਰਗਾ ਪੰਜਾਬ ਹੈ ਪਿਤਾਮਾ
ਤਾਂ ਮਾਤਾ ਗੁਜਰੀ ਜੈਸੀ ਭਾਰਤ ਹੈ ਮਾਂ ਅਸਾਡੀ !
ਪੁੱਤ ਨੂੰ ਮਾਂ ਦੇ ਲਹੂ ਦੀ ਨਦੀ ਵਿਚ ਨ੍ਹਾਉਣਾ ਦੱਸੇ
ਮਜ਼ਬ ਦੇ ਉਸ ਜਨੂੰਨ ਨੂੰ ਕਿਉਂ ਸਿਰਾਂ ਦੇ ਵਿਚ ਰੱਖਣਾ!
ਮਜ਼ਹਬ ਦੇ ਪਾਗਲਪਨ ਸੰਗ ਸਭ ਰਿਸ਼ਤੇ ਤੋੜ ਦੇਵੋ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ!

ਮਜ਼ਹਬ ਜਦੋਂ ਸਿਰਾਂ ਨੂੰ ਜਨੂੰਨ ਬਣ ਕੇ ਚੜ੍ਹ ਜਾਏ
ਕਿ ਆਦਮੀ ਹੀ ਆਦਮੀ ਨੂੰ ਕੀੜਿਆਂ ਦੀ ਮੌਤ ਮਾਰੇ!
ਜਦ ਜੀਭ ਹੋ ਜਾਏ ਆਪਣੇ ਹੀ ਖ਼ੂਨ ਦੀ ਪਿਆਸੀ
ਭਾਈਆਂ ਹੱਥੋਂ ਭੈਣਾਂ ਦੇ ਹੋ ਜਾਵਣ ਜਦ ਉਧਾਲੇ!
ਜੋ ਚੁੱਲ੍ਹਿਆਂ ਦੀ ਅੱਗ ਵੀ ਸਿਵਿਆਂ ਵਿਚ ਬਦਲ ਦੇਵੇ
ਮਜ਼ਹਬ ਦੇ ਏਸ ਗਿਆਨ 'ਚੋਂ ਕੀ ਖੱਟਿਆ ਕੀ ਖੱਟਣਾ!
ਮਜ਼ਹਬ ਦੇ ਵਹਿਸ਼ੀ ਦੈਂਤ ਨੂੰ ਕੱਢ ਦੇਵੋ ਆਪਣੀ ਸੋਚ 'ਚੋਂ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ!

ਇਕ ਉਹ ਸਨ ਜਿਨ੍ਹਾਂ ਨੂੰ ਜਾਪਦਾ ਅਸਮਾਨ ਸੀ ਇਕ ਥਾਲੀ
ਦੀਵੇ ਇਕ ਆਰਤੀ ਦੇ ਵੇਖ ਵੇਖ ਨੇ ਜੋ ਸਿਤਾਰੇ !
ਇਕ ਇਹ ਨੇ ਜੋ ਇਕ ਤਾਰੇ ਦੇ ਟੋਟੇ ਦੇ ਟੋਟੇ ਕਰ ਰਹੇ
ਉਹ ਵੀ ਸੀ ਖ਼ੁਦਾ ਵਾਲੇ ਤੇ ਇਹ ਵੀ ਨੇ ਖ਼ੁਦਾ ਵਾਲੇ!
ਪਾਟ ਕੇ ਖ਼ੁਦਾਈ ਜਦ ਖ਼ੁਦੀਆਂ ਵਿਚ ਬਦਲ ਜਾਵੇ
ਤਾਂ ਚਾਹੀਦਾ ਫਿਰ ਖ਼ੁਦ ਨੂੰ ਖ਼ੁਦਾਈ ਤੋਂ ਉੱਪਰ ਰੱਖਣਾ!
ਬੰਦਾ ਹੈ ਕਿਤੇ ਉੱਚਾ ਉਸ ਮਜ਼ਹਬ ਦੇ ਖ਼ੁਦਾ ਤੋਂ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ!

ਧਰਮ ਜਦੋਂ ਵਿਉਪਾਰੀਆਂ ਦਾ ਵਣਜ ਬਣ ਕੇ ਰਹਿ ਜਾਏ
ਚੱਲੇ ਧਰਮ ਦੀ ਆੜ 'ਚ ਜਦ ਜਾਬਰਾਂ ਦੀ ਟੋਲੀ!
ਧਰਮ ਜਦੋਂ ਵੀ ਗਿਆਨ ਦੇ ਅਰਥਾਂ ਤੋਂ ਤਿਲਕ ਜਾਵੇ
ਧਰਮ ਜਦੋਂ ਬਣ ਜਾਵੇ ਬੱਸ ਕਾਤਲਾਂ ਦੀ ਬੋਲੀ !
ਧਰਮ ਜਦੋਂ ਮਨੁੱਖਾਂ ਨੂੰ ਪਸ਼ੂਆਂ ਵਿਚ ਬਦਲਣ ਲੱਗੇ
ਤਾਂ ਬੜਾ ਜ਼ਰੂਰੀ ਜੰਗਲ ਦੀ ਇਸ ਸੱਭਤਾ ਤੋਂ ਬਚਣਾ!
ਸਿਰਾਂ 'ਚ ਉੱਗਿਆ ਮਜ਼ਬ ਦਾ ਹਰ ਜੰਗਲ ਫੂਕ ਦੇਵੋ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ!

ਹੱਕ ਸੱਚ ਦੀ ਰਾਖੀ ਵਾਸਤੇ ਕਿਸੇ ਗੋਬਿੰਦ ਦੇ ਹੱਥ ਵਿਚ
ਜੇ ਧਰਮ ਇਕ ਹਥਿਆਰ ਹੈ ਤਾਂ ਉਹਦੀ ਜੈ ਜੈ ਕਾਰ ਹੈ!
ਜੇ ਮਜ਼ਬ ਔਰੰਗੇ ਦੇ ਹੱਥੋਂ ਹੋ ਰਿਹਾ ਅੱਤਿਆਚਾਰ ਹੈ
ਤਾਂ ਮਜ਼ਬ ਫਿਟਕਾਰ ਹੈ ਤਾਂ ਮਜ਼ਬ ਧਿਰਕਾਰ ਹੈ!
ਜਦੋਂ ਕਦੋਂ ਵੀ ਮਜ਼ਬ ਜ਼ੁਲਮ ਦਾ ਕੋਹੜ ਬਣ ਕੇ ਚੱਲ ਪਵੇ
ਹੈ ਕੰਮ ਆਦਮੀ ਦਾ ਇਸ ਕੋਹੜ ਦੀ ਜੜ੍ਹ ਪੱਟਣਾ!
ਇਨਸਾਨ ਨੂੰ ਬਚਾਉਣ ਲਈ ਮਜ਼ਬ ਦਾ ਰੋਗ ਰੋਕੋ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ!

ਇਹ ਜੋ ਖ਼ੁਦਾ ਦੇ ਨਾਮ 'ਤੇ ਮਾਰੇ ਖ਼ੁਦਾ ਦੇ ਆਦਮੀ
ਇਹ ਤੁਹਾਡਾ ਜੋ ਵਿਸ਼ਵਾਸ਼ ਹੈ ਇਹ ਮਜ਼ਬ ਨਹੀਂ ਕੁਝ ਹੋਰ ਹੈ !
ਜੋ ਕੌਮ ਨੂੰ ਪਾੜੇ ਕੌਮਾਂ ਵਿਚ ਹਰ ਘਰ ਨੂੰ ਵੰਡੇ ਕੰਧਾਂ ਵਿਚ
ਇਹ ਦਿਲਾਂ ਦੀ ਜੋ ਭੜਾਸ ਹੈ ਇਹ ਮਜ਼ਬ ਨਹੀਂ ਕੁਝ ਹੋਰ ਹੈ!
ਕੁਝ ਹੋਰ ਹੈ 'ਕੁਝ ਹੋਰ' ਇਹ ਸੱਤਾ ਦਾ ਸਾਰਾ ਖੇਲ੍ਹ ਹੈ
ਉਹ ਚਾਹੁੰਦੇ ਸਾਨੂੰ ਪਾੜ ਕੇ ਗੱਦੀਆਂ ਬਚਾਈ ਰੱਖਣਾ !
ਮਜ਼ਬ ਦੇ ਇਸ ਜਨੂੰਨ ਨੂੰ ਰੱਦ ਕਰੀਏ ਕੋਠੇ ਚੜ੍ਹ ਕੇ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ !

ਦੁਨੀਆਂ ਦੇ ਹਰ ਇਨਸਾਨ ਦਾ ਤਨ ਮਨ ਧਨ ਲੁੱਟ ਲੈਣ ਲਈ
ਸਾਮਰਾਜ ਦੇ ਹੱਥ ਵਿਚ ਅੱਜ ਮਜ਼ਹਬ ਇਕ ਹਥਿਆਰ ਹੈ!
ਬਚਿਉ ਵੇ ਲੋਕਾ ਬਚਿਉ ਇਹ ਜ਼ਹਿਰ ਤੋਂ ਵੱਧ ਜ਼ਹਿਰ ਹੈ
ਐਟਮ ਬੰਬ ਤੋਂ ਵਧ ਕੇ ਇਹਦੇ ਹਰ ਲਫ਼ਜ਼ ਦੀ ਮਾਰ ਹੈ !
ਅਮਰੀਕਾ ਤੋਂ ਚੱਲੀ ਗੋਲੀ ਇਹ ਹਿੱਕ ਵਿੰਨ੍ਹਦੀ ਪੰਜਾਬ ਦੀ
ਹੁਣ ਬੜਾ ਜ਼ਰੂਰੀ ਏਹਦੇ ਹਰ ਨਿਸ਼ਾਨਚੀ ਨੂੰ ਨੱਪਣਾ !
ਮਜ਼ਹਬ ਨੂੰ ਹੂੰਝੋ ਦਿਲ 'ਚੋਂ ਘਰ ਦੇ ਕੂੜੇ ਵਾਕੁਰਾਂ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ !

ਮਜ਼ਹਬ ਹੈ ਇਕ ਵਿਸ਼ਵਾਸ਼ ਜੋ ਲੋਕਾਂ ਦੇ ਦਿਲਾਂ ਵਿਚ ਵੱਸਦਾ
ਏਸ ਵਸਣ ਤੋਂ ਵੱਧ ਜ਼ਰੂਰੀ ਹੈ ਲੋਕਾਂ ਦਾ ਵਸਣਾ !
ਦਿਲ ਦੀ ਕਿਤਾਬ ਵਿਚੋਂ ਮਜ਼ਹਬ ਨੂੰ ਮੇਟ ਦੇਵੋ
ਮਜ਼ਹਬ ਜਦੋਂ ਸਿਖਾਵੇ ਆਪਸ ਵਿਚ ਵੈਰ ਰੱਖਣਾ!

● (S.F.U. BURNABY, B.C.)

## ਗ਼ਜ਼ਲ

ਜਗਤਾਰ ਢਾਅ

ਕਿਹੜਾ ਟਿੱਡੀਦਲ ਇਹ ਬਸਤੀਆਂ ਚੱਟ ਗਿਆ
ਲਾਸ਼ਾਂ ਦੇ ਵਿਉਪਾਰ 'ਚੋਂ ਫੈਦਾ ਖੱਟ ਗਿਆ।

ਹੋਏਗਾ ਕੋਈ ਰੋਗ ਜ਼ਰੂਰ ਸਮੁੰਦਰ ਨੂੰ
ਐਵੇਂ ਨਹੀਂ ਉਹ ਆਪਣੇ ਕੰਢੇ ਕੱਟ ਗਿਆ

ਹਿਰਨਾਂ ਦੀ ਇਕ ਡਾਰ ਨਿਹੱਥੀ ਕਤਲ ਹੋਈ
ਬਾਘ ਬਘੇਲੇ ਦਾ ਲੰਘ ਚੰਗਾ ਛੁੱਟ ਗਿਆ

ਮਜ਼ਲੂਮਾਂ ਦਾ ਖ਼ੂਨ ਬੜਾ ਹੀ ਸਸਤਾ ਹੈ
ਸਾਂਝਾਂ ਦੇ ਖੂਹਾਂ 'ਚੋਂ ਪਾਣੀ ਪਾਟ ਗਿਆ

ਦੁਸ਼ਮਣ ਤਾਂ ਸਾਰੇ ਜੰਗਲ ਦਾ ਇਕੋ ਹੈ
ਪਰ ਦਿਖਾ ਹਰ ਕੋਈ ਆਪਣੇ ਛੱਟ ਗਿਆ

ਕਿਹੜਾ ਟਿੱਡੀਦਲ ਇਹ ਬਸਤੀਆਂ ਚੱਟ ਗਿਆ
ਲਾਸ਼ਾਂ ਦੇ ਵਿਉਪਾਰ 'ਚੋਂ ਫੈਦਾ ਖੱਟ ਗਿਆ।

● (SOUTHALL, ENGLAND)

# ਕੱਚੀ ਨੀਂਦ ਉਠੇ ਲੇਖਕਾਂ ਨੂੰ ਜਵਾਬ

ਸੁਖਪਾਲ

(ਬੇਸ਼ੱਕ ਇਹ ਲੇਖ ਉਸ ਵਕਤ ਤੋਂ ਦੇਰੀ ਨਾਲ ਛਪ ਰਿਹਾ ਹੈ, ਜਦੋਂ ਇਸਨੂੰ ਛਪਣਾ ਚਾਹੀਦਾ ਸੀ। ਪਰ, ਕਿਉਂਕਿ ਇਸ ਵਿਚ ਉਠਾਏ ਗਏ ਨੁਕਤੇ ਅੱਜ ਵੀ ਉਨੀ ਹੀ ਮਹੱਤਤਾ ਰੱਖਦੇ ਹਨ। ਇਸ ਲਈ ਇਹ ਲੇਖ ਛਾਪਿਆ ਜਾ ਰਿਹਾ ਹੈ
— ਅਦਾਰਾ ਵਤਨੋਂ ਦੂਰ)

ਪਿਛਲੇ ਦਿਨੀ ਚੰਡੀਗੜ੍ਹ ਤੋਂ ਨਿਕਲਿਆ ਪੰਜਾਬੀ ਦਾ ਇੱਕ ਪਰਚਾ 'ਅਰਥ' ਪੜ੍ਹਨ ਦਾ ਮੈਨੂੰ ਮੌਕਾ ਮਿਲਿਆ। 'ਅਰਥ' ਦਾ ਇਹ ਅੰਕ ਪੰਜਾਬ ਸਮੱਸਿਆ ਬਾਰੇ ਹੈ ਜਿਸ ਵਿੱਚ ਸੰਤ ਸਿੰਘ ਸੇਖੋਂ, ਅਜੀਤ ਕੌਰ, ਪ੍ਰੇਮ ਪ੍ਰਕਾਸ਼, ਸਤਿੰਦਰ ਸਿੰਘ ਨੂਰ, ਕੁਲਵੰਤ ਸਿੰਘ ਵਿਰਕ ਆਦਿ ਦੀਆਂ ਰਚਨਾਵਾਂ ਹਨ। ਕੁਝ ਅਖਬਾਰਾਂ ਵਿੱਚ ਕਰਤਾਰ ਸਿੰਘ ਦੁੱਗਲ ਅਤੇ ਅਜੀਤ ਕੌਰ ਆਦਿ ਵਲੋਂ ਲੇਖਕਾਂ ਦੇ ਨਾਮ ਜਾਰੀ ਕੀਤੀ ਚਿਠੀ ਪੜ੍ਹੀ ਹੈ ਜਿਸ ਵਿੱਚ ਉਹ ਸਾਨੂੰ ਪੰਜਾਬ ਮਸਲੇ ਬਾਰੇ ਧਾਰੀ ਚੁੱਪ ਤੋੜਨ ਲਈ ਅਤੇ ਆਪਣੇ ਵਿਚਾਰ ਲਿਖ ਕੇ ਉਹਨਾ ਤੱਕ ਪਹੁੰਚਾਉਣ ਲਈ ਕਹਿ ਰਹੇ ਹਨ ਤਾਂ ਜੋ ਉਹ ਇਨ੍ਹਾਂ ਨੂੰ ਛਪਵਾ ਕੇ ਆਮ ਲੋਕਾਂ ਵਿੱਚ ਵੰਡ ਸਕਣ। ਇਹ ਕੁਝ ਤੇ ਇਸੇ ਤਰ੍ਹਾਂ ਦਾ ਕਈ ਕੁਝ ਹੋਰ ਪੜ੍ਹਕੇ ਮੈਨੂੰ ਪਤਾ ਚਲਿਆ ਹੈ ਕਿ ਪੰਜਾਬੀ ਲੇਖਕਾਂ ਦੀ ਇੱਕ ਧਿਰ ਜਿਸ ਵਿਚ ਕੇ ਬਹੁਤੇ ਪੰਜਾਬੀ ਦੇ ਸਥਾਪਤ ਲੇਖਕ ਹਨ ਜਿਨ੍ਹਾਂ ਦੀ ਸਰਕਾਰੇ ਦਰਬਾਰੇ ਵੀ ਚਲਦੀ ਹੈ ਸਾਹਮਣੇ ਆ ਰਹੀ ਹੈ ਜੋ ਸਿੱਧੇ ਤੇ ਅਸਿੱਧੇ ਰੂਪ ਵਿੱਚ ਮੁਖ ਤੌਰ ਤੇ ਹੇਠ ਲਿਖੇ ਨੁਕਤਿਆਂ ਤੇ ਜ਼ੋਰ ਦੇ ਰਹੇ ਹਨ :

1. ਉਹਨਾਂ ਨੂੰ ਇਸ ਗਲ ਦੀ ਆਤਮ ਗਿਲਾਨੀ ਹੈ ਉਹਨਾਂ ਪੰਜਾਬ ਦੇ ਮਸਲੇ ਬਾਰੇ ਬਹੁਤ ਸਮਾਂ ਚੁਪ ਧਾਰੀ ਰੱਖੀ ਜਾਂ ਉਹ ਕੁਝ ਨਹੀਂ ਕੀਤਾ ਜੋ ਕਰਨਾ ਬਣਦਾ ਸੀ। ਇਸ ਤੋਂ ਇਲਾਵਾ ਉਹ ਪੰਜਾਬੀ ਦੇ ਲੇਖਕਾਂ ਉਪਰ ਵੀ ਦੂਸ਼ਣਬਾਜ਼ੀ ਕਰ ਰਹੇ ਹਨ ਕਿ ਉਨ੍ਹਾਂ ਸੰਕਟ ਦੀ ਇਸ ਘੜੀ ਚੁੱਪ ਵੱਟੀ ਰੱਖੀ।

2. ਉਹ ਕਹਿ ਰਹੇ ਹਨ ਕਿ ਪੰਜਾਬ ਵਿੱਚ ਮਾਰਕਸਵਾਦੀ ਵਿਚਾਰਧਾਰਾ ਦਾ ਵਿਕਾਸ ਨਹੀਂ ਹੋ ਸਕਿਆ ਤੇ ਨਾ ਹੀ ਹੋ ਰਿਹਾ ਹੈ। ਫਿਰਕਾਪ੍ਰਸਤੀ ਦੀ ਹਨੇਰੀ ਸਾਹਮਣੇ ਸਭ ਕਾਮਰੇਡ ਕੁੰਡੇ ਲਗਾ ਕੇ ਅੰਦਰੀ ਵੜ ਗਏ। ਕਿਸੇ ਜਥੇਬੰਦੀ ਨੇ ਇਸਦਾ ਟਾਕਰਾ ਨਹੀਂ ਕੀਤਾ। ਇਹ ਨੋਟ ਕਰਨ ਤੋਂ ਬਾਅਦ ਉਹ ਨਤੀਜਾ ਕੱਢਦੇ ਹਨ ਕਿ ਪੰਜਾਬ ਵਿੱਚ ਖੱਬੀ ਵਿਚਾਰਧਾਰਾ ਮਰ ਗਈ ਹੈ ਤੇ ਫਿਰ ਇਸ ਮੌਤ ਤੇ ਅਫਸੋਸ ਪ੍ਰਗਟ ਕਰਕੇ ਖੱਬੇ ਪੱਖੀ ਬਣਨ ਦੀ ਕੋਸ਼ਿਸ਼ ਕਰਦੇ ਹਨ।

3. ਇੱਕ ਪਾਸੇ ਖੁਦ ਹੀ ਖੱਬੇ ਪੱਖੀ ਵਿਚਾਰਧਾਰਾ ਦੀ ਮੌਤ ਦਾ ਐਲਾਨ ਕਰਦੇ ਹਨ, ਕਾਮਰੇਡਾਂ ਨੂੰ ਕੁਝ ਨਾ ਕਰਨ ਲਈ ਕੋਸਦੇ ਹਨ, ਖੁਦ ਮਾਰਕਸਵਾਦੀ ਹੋਣ ਦਾ ਦਿਖਾਵਾ ਵੀ ਕਰਦੇ ਹਨ ਤੇ ਨਾਲ ਹੀ ਪੰਜਾਬ ਸਮੱਸਿਆ ਦਾ ਵਿਸ਼ਲੇਸ਼ਣ ਵੀ ਜਮਾਤਾਂ ਦੇ ਆਧਾਰ ਤੇ ਨਹੀਂ ਸਗੋਂ ਜਾਤਾਂ ਦੇ ਆਧਾਰ ਤੇ, ਧਰਮਾਂ ਦੇ ਆਧਾਰ ਤੇ, ਭਾਸ਼ਾ ਦੇ ਆਧਾਰ ਤੇ, ਪਾਣੀਆਂ ਦੇ ਆਧਾਰ ਤੇ, ਮਾਨਸਿਕਤਾ ਦੇ ਆਧਾਰ ਤੇ, ਲੌਂਗੋਵਾਲ ਤੇ ਇੰਦਰਾ ਦੇ ਸੰਬੰਧਾਂ ਦੇ ਆਧਾਰ ਤੇ ਕਰ ਰਹੇ ਹਨ। ਇੰਝ ਕਰਕੇ ਸ਼ਾਇਦ ਉਹ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਮਾਰਕਸਵਾਦੀ ਵਿਚਾਰਧਾਰਾ ਸੱਚ ਮੁੱਚ ਮਰ ਗਈ ਹੈ। ਪੰਜਾਬ ਵਿੱਚ ਝੁੱਲੀ ਫਿਰਕਾਪ੍ਰਸਤੀ ਦੀ ਹਨੇਰੀ ਵਿੱਚ ਅਮਰੀਕੀ ਸਾਮਰਾਜ ਦੇ ਹੱਥ ਹੋਣ ਦੀ ਜਾਂ ਤਾਂ ਗਲ ਹੀ ਨਹੀਂ ਕਰਦੇ ਜੇ ਕਰਦੇ ਵੀ ਹਨ ਤਾਂ ਇਸ ਨੂੰ ਬਿਨਾਂ ਦਲੀਲੋਂ ਰੱਦ ਕਰਦੇ ਹਨ।

ਮੈਂ ਲੇਖਕਾਂ ਦੀ ਇਸ ਧਿਰ ਵਲੋਂ ਉਠਾਏ ਗਏ ਉਪਰੋਕਤ ਨੁਕਤਿਆਂ ਦਾ ਜੁਆਬ ਦੇਣਾ ਜ਼ਰੂਰੀ ਸਮਝਦਾ ਹਾਂ।

1. ਤੁਸੀਂ ਪੰਜਾਬ ਸਮੱਸਿਆ ਬਾਰੇ ਲੰਬੇ ਸਮੇਂ ਤੱਕ ਚੁੱਪ ਰਹੇ (ਪਾਠਕਾਂ ਨੂੰ ਭੰਬਲ ਭੂਸਿਆਂ ਵਿੱਚ ਨਹੀਂ ਪਾ ਸਕੇ), ਆਪਣੇ ਫਰਜ਼ਾਂ ਤੋਂ ਕੋਤਾਹੀ ਕੀਤੀ ਹੁਣ ਜੇ ਤੁਸੀਂ ਆਪਣੇ ਅੰਦਰ ਆਤਮ ਗਿਲਾਨੀ ਮਹਿਸੂਸ ਕਰ ਰਹੇ ਹੋ ਤਾਂ ਗਲ ਸਮਝ ਆਉਣ ਵਾਲੀ ਹੈ। ਪਰ ਆਪਣੇ ਕੀਤੇ ਇਸ ਜੁਰਮ ਨੂੰ ਸਭ ਲੇਖਕਾਂ ਸਿਰ ਮੜ੍ਹਨਾ ਕਿਸ ਸਮਝ ਦਾ ਸਬੂਤ ਹੈ? ਬਾਕੀ 'ਸਭ ਲੇਖਕ ਅਤੇ ਅਖ਼ਬਾਰ ਵੀ ਚੁਪ ਰਹੇ,' ਇਸ ਗਲ ਉਪਰ ਹਸਿਆ ਤਾਂ ਜਾ ਸਕਦਾ ਹੈ ਪਰ ਤੁਹਾਡੇ ਇਸ ਝੂਠ ਨੂੰ ਮੰਨਿਆਂ ਨਹੀਂ ਜਾ ਸਕਦਾ। ਹੁਣੇ ਹੁਣੇ ਕੱਚੀ ਨੀਂਦੋਂ ਉਠੇ ਇਨ੍ਹਾਂ ਲੇਖਕਾਂ ਨੂੰ ਇਥੇ ਮੈਂ ਨਮੂਨੇ ਵਜੋਂ ਇੱਕ ਉਦਾਹਰਣ ਦੇ ਰਿਹਾ ਹਾਂ: ਪੰਜਾਬ 'ਚੋਂ ਇੱਕ ਪਰਚਾ ਨਿਕਲਦਾ ਹੈ 'ਸੁਰਖ਼ ਰੇਖਾ' (ਸਮਤਾ, ਜ਼ਫ਼ਰਨਾਮਾ, ਜੈਕਾਰਾ, ਹਿਰਾਵਲ ਦਸਤਾ, ਵਤਨੋਂ ਦੂਰ, ਲਲਕਾਰ ਆਦਿ ਵੀ ਵਰਨਣਯੋਗ ਹਨ- ਅਦਾਰਾ) ਜੋ ਪਹਿਲਾਂ ਇੱਕ ਮਹੀਨੇ ਬਾਅਦ ਨਿਕਲਦਾ ਸੀ, ਤੇ ਜਦੋਂ ਫਿਰਕਾਪ੍ਰਸਤੀ ਦੀ ਨੇਰ੍ਹੀ ਤੋਂ ਡਰਦੇ ਤੁਸੀਂ ਕੁੰਡੀਆਂ ਮਾਰਕੇ ਅੰਦਰੀਂ ਜਾ ਵੜੇ, ਉਦੋਂ ਇਹ ਪਰਚਾ ਮਹੀਨੇ ਵਿੱਚ ਦੋ ਵਾਰ ਨਿਕਲਣ ਲਗਾ। ਤੁਸੀਂ ਪੰਜਾਬੀ ਦੇ ਲੇਖਕ ਹੋ, ਪੰਜਾਬੀ ਸਾਹਿਤ ਦੀ ਠੇਕੇਦਾਰੀ ਤੁਸੀਂ ਪੂਰੀ ਤਰ੍ਹਾਂ ਸੰਭਾਲੀ ਹੋਈ ਹੈ, ਜ਼ਰਾ ਪੰਜਾਬੀ ਦੇ ਉਸ ਪਰਚੇ ਦੀ ਤਲਾਸ਼ ਕਰੋ ਮਿਲ ਜਾਵੇਗਾ ਤੇ ਫਿਰ ਦਸਿਉ ਕਿ ਕਿਹੜੇ ਮਹੀਨੇ ਉਹ ਪਰਚਾ ਚੁੱਪ ਰਿਹਾ ਤੇ ਕਿਸ ਅੰਕ ਵਿੱਚ ਉਹਨੇ ਪੰਜਾਬ ਵਿਚਲੇ ਫਿਰਕਾਪ੍ਰਸਤ ਕਾਤਲ ਟੋਲੇ ਅਤੇ ਹਿੰਦੁਸਤਾਨ ਦੀ ਮੱਕਾਰ ਹਕੂਮਤ ਦਾ ਭਾਂਡਾ ਚੁਰਾਹੇ ਵਿੱਚ ਨਹੀਂ ਭੰਨਿਆਂ। ਕੀ ਤੁਸੀਂ ਉਸ ਪਰਚੇ ਵਿੱਚ ਲਿਖਣ ਵਾਲਿਆਂ ਨੂੰ ਲੇਖਕ ਨਹੀਂ ਸਮਝਦੇ? ਜਾਂ ਲੇਖਕ ਸ਼ਬਦ ਦੀ ਪਰਿਭਾਸ਼ਾ ਨੂੰ ਆਪਣੇ ਆਪ ਤੱਕ ਤੇ ਆਪਣੀ ਜਾਣ ਪਹਿਚਾਣ ਦੇ ਵਿਅਕਤੀਆਂ ਤੱਕ ਹੀ ਸੀਮਿਤ ਰਖਣ ਦੀ ਇੱਛਿਆ ਹੈ?

2. ਜੇ ਤੁਸੀਂ ਖੱਬੇ ਪੱਖੀ ਵਿਚਾਰਧਾਰਾ ਨੂੰ ਤਿਲਾਂਜਲੀਆਂ ਦੇ ਦਿਤੀਆਂ, ਮਾਰਕਸਵਾਦੀ ਹੋਣ ਦੇ ਦਾਅਵੇ ਕਰਕੇ ਮਸਲਿਆਂ ਦੇ ਵਿਸ਼ਲੇਸ਼ਣ ਜਮਾਤਾਂ ਦੇ ਆਧਾਰ ਤੇ ਨਹੀਂ ਸਗੋਂ ਜਾਤਾਂ ਦੇ ਆਧਾਰ ਤੇ, ਵਿਅਕਤੀਆਂ ਦੇ ਆਧਾਰ ਤੇ, ਵਿਅਕਤੀਆਂ ਦੇ ਮਨਾਂ ਤੇ ਮੂਡਾਂ ਦੇ ਆਧਾਰ ਤੇ ਕਰਨੇ ਸ਼ੁਰੂ ਕਰ ਦਿਤੇ ਤਾਂ ਇਸ ਦਾ ਅਰਥ ਸਿਰਫ ਇਨਾਂ ਹੀ ਹੈ ਕਿ ਤੁਹਾਡੀ ਜ਼ਮੀਰ ਮਰ ਗਈ ਹੈ। ਇਸਦਾ ਅਰਥ ਇਹ ਨਹੀਂ ਕਿ ਪੰਜਾਬ ਵਿੱਚ ਮਾਰਕਸਵਾਦੀ ਵਿਚਾਰਧਾਰਾ ਮਰ ਗਈ ਹੈ ਕਿਉਂਕਿ ਨਾਂ ਤਾਂ ਤੁਸੀਂ 'ਪੰਜਾਬ' ਹੋ ਤੇ ਨਾਂ ਹੀ ਤੁਹਾਡੀ ਆਪਣੀ ਸੋਚ ਮਾਰਕਸਵਾਦੀ ਵਿਚਾਰਧਾਰਾ ਦਾ ਇੱਕੋ ਇੱਕ ਟਿਕਾਣਾ ਹੈ। ਮੈਂ ਇੱਕ ਫਿਰ ਤੁਹਾਨੂੰ ਮਾਰਕਸਵਾਦੀ ਵਿਚਾਰਧਾਰਾ ਤੇ ਪਹਿਰਾ ਦੇਣ ਵਾਲੇ ਪਰਚੇ 'ਸੁਰਖ ਰੇਖਾ' ਦੀ ਉਦਾਹਰਣ ਦੇਂਦਾ ਹਾਂ। ਪਹਿਲਾਂ ਇਹ ਪਰਚਾ 4000 (ਚਾਰ ਹਜ਼ਾਰ) ਦੀ ਗਿਣਤੀ ਵਿੱਚ ਨਿਕਲਦਾ

ਸੀ ਤੇ ਮਾਸਿਕ ਸੀ। ਫਿਰਕਾਪ੍ਰਸਤੀ ਦੀ ਝੁੱਲ ਰਹੀ ਹਨੇਰੀ ਦੌਰਾਨ ਇਸ ਪਰਚੇ ਨੇ ਮਾਰਕਸਵਾਦੀ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਸੱਚ ਖੋਜ ਕੇ ਲੋਕਾਂ ਸਾਹਮਣੇ ਲਿਆਂਦਾ, ਮਸਲੇ ਦਾ ਵਿਸ਼ਲੇਸ਼ਣ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਕੀਤਾ ਤਾਂ ਉਦੋਂ ਪੰਜਾਬ ਦੇ ਲੋਕਾਂ ਨੇ ਇਸ ਪਰਚੇ ਨੂੰ ਉਹ ਹੁੰਗਾਰਾ ਦਿਤਾ ਕਿ ਅੱਜ ਉਸ ਪਰਚੇ ਦੇ ਹਰ ਅੰਕ ਦੀਆਂ 25000 ਤੋਂ ਵੱਧ ਕਾਪੀਆਂ ਹਰ ਪੰਦਰਾਂ ਦਿਨਾਂ ਬਾਅਦ ਲੋਕਾਂ ਵਿੱਚ ਜਾਂਦੀਆਂ ਹਨ; ਇੱਕ ਵਾਰ ਫਿਰ ਸੁਣ ਲਉ ਪੱਚੀ ਹਜ਼ਾਰ ਤੇ ਤੁਸੀਂ ਆਪਣੀ ਕੋਈ ਕਿਤਾਬ ਪੱਚੀ ਹਜ਼ਾਰ ਹੱਥਾਂ ਤੱਕ ਪਹੁੰਚਣ ਦਾ ਸੁਪਨਾ ਵੀ ਨਹੀਂ ਦੇਖ ਸਕਦੇ। ਐਸੇ ਲਈ ਪੰਜਾਬੀ ਪਾਠਕਾਂ ਨੂੰ ਕੋਸਦੇ ਰਹਿੰਦੇ ਹੋ ਤੇ ਜਿਸਨੂੰ ਤੁਸੀਂ ਪਾਠਕਾਂ ਦੀ ਸਮੱਸਿਆ (ਕਿ ਪੰਜਾਬੀ ਸਾਹਿਤ ਨੂੰ ਲੋਕ ਪੜ੍ਹਦੇ ਨਹੀਂ) ਕਹਿੰਦੇ ਹੋ ਉਹ ਅਸਲ ਵਿੱਚ ਪਾਠਕਾਂ ਦੀ ਸਮੱਸਿਆ ਨਹੀਂ 'ਲੇਖਕਾਂ ਦੀ ਸਮੱਸਿਆ ਹੈ'। ਲੋਕਾਂ ਕੋਲ ਵਕਤ ਨਹੀਂ ਤੇ ਨਾਂ ਹੀ ਉਹ ਬੇਵਕੂਫ ਹਨ ਤੁਹਾਡੀਆਂ ਉਟ-ਪਟਾਂਗ ਗਲਾਂ ਪੜ੍ਹੀ ਜਾਣ। ਇਹੀ ਸਿੱਧ ਕੀਤਾ ਹੈ 'ਸੁਰਖ ਰੇਖਾ' ਨੇ ਜੋ ਪਹਿਲਾਂ ਹਜ਼ਾਰਾਂ ਹੱਥਾਂ ਵਿਚੋਂ ਲੰਘਦਾ ਸੀ, ਹੁਣ ਲੱਖਾਂ ਹੱਥਾਂ ਵਿਚੋਂ ਲੰਘਦਾ ਹੈ। ਇਹ ਮਾਰਕਸਵਾਦੀ ਵਿਚਾਰਧਾਰਾ ਦੇ ਖਤਮ ਹੋਣ ਦਾ ਸਬੂਤ ਹੈ ਜਾਂ ਫੈਲਣ ਦਾ? ਜੇ ਪਰਚਾ ਲੱਖਾਂ ਲੋਕਾਂ ਤਕ ਪਹੁੰਚਦਾ ਹੈ, ਜੇ ਉਸਦੀ ਇੱਕ ਕਾਪੀ ਤੁਹਾਡੇ ਤੱਕ ਨਹੀਂ ਪਹੁੰਚੀ ਤਾਂ ਤੁਸੀਂ ਖ਼ੁਦ ਅੰਦਾਜ਼ਾ ਲਾਉ ਕਿ ਲਾਇਬਰੇਰੀਆਂ ਵਿੱਚ ਬੈਠੇ ਤੁਸੀਂ ਪੰਜਾਬ ਦੇ ਲੋਕਾਂ ਦੇ ਅਤੇ ਪੰਜਾਬੀ ਸਾਹਿਤ ਦੇ ਕਿੰਨੇ ਕੁ ਨੇੜੇ ਹੋ? ਦਾਅਵੇ ਕਰ ਰਹੇ ਹੋ ਸਾਡੇ ਵਿਚਾਰ ਆਮ ਲੋਕਾਂ ਤੱਕ ਪਹੁੰਚਾਉਣ ਦੇ!

3. ਬਾਕੀ ਜੋ ਤੁਸੀਂ ਕਹਿੰਦੇ ਹੋ ਕਿ ਫਿਰਕਾਪ੍ਰਸਤੀ ਦੀ ਝੁੱਲ ਰਹੀ ਹਨੇਰੀ ਦੌਰਾਨ ਖੱਬੇ ਪੱਖੀ ਲੋਕ ਬਾਹਰ ਨਹੀਂ ਨਿਕਲੇ, ਜਮਹੂਰੀ ਇਨਕਲਾਬੀ ਲਹਿਰ ਪੰਜਾਬ ਵਿੱਚ ਰਹੀ ਹੀ ਨਹੀਂ ਇਸਦਾ ਜੁਆਬ ਇਹ ਹੈ ਕਿ ਜੇ ਤੁਹਾਨੂੰ ਕੋਈ ਚੀਜ਼ ਨਾ ਦਿਸੇ ਤਾਂ ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਉਹ ਹੈ ਹੀ ਨਹੀਂ। ਪੰਜਾਬ ਵਿਚਲੇ ਕਮਿਉਨਿਸਟ ਲਹਿਰ ਦੇ ਇਨਕਲਾਬੀਆਂ ਨੇ ਅਤੇ ਜਮਹੂਰੀ ਇਨਕਲਾਬੀ ਤਾਕਤਾਂ ਨੇ ਸ਼ੁਰੂ ਤੋਂ ਹੀ ਫਿਰਕਾਪ੍ਰਸਤੀ ਦੀ ਖੂਨੀ ਹਨੇਰੀ ਦਾ ਵਿਰੋਧ ਕੀਤਾ ਅਤੇ ਫਿਰਕੂ ਤਾਕਤਾਂ ਦੀ ਪੰਜਾਬ ਨੂੰ ਭਰਾ ਮਾਰ ਜੰਗ ਵਿੱਚ ਧੱਕਣ ਦੀ ਹਰ ਕੋਸ਼ਿਸ਼ ਨੂੰ ਨਾਕਾਮ ਕਰਨ ਲਈ ਦਿਨ ਰਾਤ ਇੱਕ ਕੀਤਾ। 1983 ਦੇ ਸ਼ੁਰੂ ਵਿੱਚ ਹੀ ਫਿਰਕਾਪ੍ਰਸਤੀ ਵਿਰੋਧੀ ਐਕਸ਼ਨ ਕਮੇਟੀ ਬਣਾਈ ਗਈ ਜਿਸਦੇ ਕਨਵੀਨਰ ਸ਼ਹੀਦ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਜੀ ਸਨ। ਇਨਕਲਾਬੀ ਜਨਤਕ ਜਥੇਬੰਦੀਆਂ ਨੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਡੀ ਪੱਧਰ ਤੇ ਰੈਲੀਆਂ, ਜਨਤਕ ਮੀਟਿੰਗਾਂ, ਸਭਿਆਚਾਰਕ ਪ੍ਰੋਗਰਾਮਾਂ, ਪੋਸਟਰਾਂ ਤੇ ਹੋਰ ਪ੍ਰਚਾਰ ਸਾਧਨਾਂ ਰਾਹੀਂ ਲੋਕਾਂ ਨੂੰ ਮਜ਼੍ਹਬਾਂ ਦੇ ਆਧਾਰ ਤੇ ਆਪਸ ਵਿੱਚ ਨਾ ਪਾਟਣ ਅਤੇ ਫਿਰਕਾਪ੍ਰਸਤੀ ਦਾ ਵਿਰੋਧ ਕਰਨ ਲਈ ਪ੍ਰੇਰਿਆ। ਫਿਰਕਾਪ੍ਰਸਤੀ ਵਿਰੋਧੀ ਕਾਨਫਰੰਸਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸ਼ਾਮਲ ਹੁੰਦੇ ਰਹੇ ਅਤੇ ਇਹ ਕਾਨਫਰੰਸਾਂ ਭਿੰਡਰਾਂਵਾਲੇ ਦੇ ਲਫਟੈਣਾਂ ਦੀਆਂ ਬੰਦੂਕਾਂ ਦੇ ਸਾਹਮਣੇ ਉਹਨਾਂ ਦੀਆਂ ਧਮਕੀਆਂ ਨੂੰ ਮਿੱਟੀ 'ਚ ਮਿਲਾਉਂਦੇ ਹੋਏ ਹੁੰਦੀਆਂ ਰਹੀਆਂ। ਉਸ ਸਮੇਂ ਜਦੋਂ ਕਿ ਫਿਰਕਾਪ੍ਰਸਤ ਜਨੂੰਨੀ ਟੋਲੇ ਫੈਲਾਈ ਗਈ ਦਹਿਸ਼ਤ ਕਰਕੇ ਕੋਈ ਵੀ ਕਤਲੋਗਾਰਤ ਦੇ ਖਿਲਾਫ਼ ਬੋਲਣ ਦੀ ਹਿੰਮਤ ਨਹੀਂ ਸੀ ਕਰ ਰਿਹਾ। ਮਜ਼੍ਹਬੀ ਜਨੂੰਨੀ ਟੋਲਿਆਂ ਤੇ ਅਮਰੀਕੀ ਸਾਮਰਾਜ ਦੀਆਂ ਖੁਫ਼ੀਆ ਏਜੰਸੀਆਂ ਵਲੋਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਜੇ ਲੋਕਾਂ ਨੂੰ ਲੋਕਾਂ ਨਾਲ ਲੜਾ ਕੇ 1947 ਦੁਹਰਾਉਣ ਦੇ ਇਰਾਦੇ ਪੂਰੇ ਨਾ ਹੋ ਸਕੇ। ਇਹ ਨਾਂ ਤਾਂ ਇੰਦਰਾ ਦੇਵੀ ਦੀ ਕਰਾਮਾਤ ਸੀ ਤੇ ਨਾਂ ਹੀ ਤੁਸਾਂ ਵਰਗੇ ਲੇਖਕਾਂ ਵਲੋਂ ਲਾਇਬਰੇਰੀਆਂ 'ਚ ਬੈਠ ਕੇ ਕੀਤੇ ਵਿਸ਼ਲੇਸ਼ਣਾਂ ਦਾ ਸਿੱਟਾ ਸੀ ਸਗੋਂ ਇਸਦਾ ਸਿਹਰਾ ਉਨ੍ਹਾਂ ਬਹਾਦਰ ਕਮਿਊਨਿਸਟ ਇਨਕਲਾਬੀਆਂ ਸਿਰ ਬੱਝਦਾ ਹੈ ਜਿਨ੍ਹਾਂ ਨੇ ਲੱਖਾਂ ਲੋਕਾਂ ਤੱਕ ਪਹੁੰਚ ਕਰਕੇ ਆਮ ਲੋਕਾਂ ਨੂੰ ਫਿਰਕਾਪ੍ਰਸਤੀ ਤੋਂ ਰੋਕਣ ਦਾ ਹਰ ਹੀਲਾ ਕੀਤਾ। ਕੀ ਇਹ ਖੱਬੀ ਲਹਿਰ ਦੀ ਪ੍ਰਾਪਤੀ ਨਹੀਂ? ਪੰਜਾਬ ਪੁਲੀਸ ਤੇ ਫੌਜ ਦੇ ਹਵਾਲੇ ਹੋਣ ਤੋਂ ਬਾਅਦ ਵੀ ਪੰਜਾਬ ਕਿਸਾਨ ਯੂਨੀਅਨ (ਸਕੱਤਰ-ਅਮੋਲਕ ਸਿੰਘ) ਕਰਜ਼ਾ ਰੋਕੂ ਮੁਹਿੰਮ ਲਈ ਕਿਸਾਨਾਂ ਨੂੰ ਜਥੇਬੰਦ ਕਰਦੀ ਰਹੀ। ਪੰਦਰਾਂ ਅਗਸਤ ਨੂੰ ਪੰਜਾਬ ਦੇ ਸੈਂਕੜੇ ਪਿੰਡਾਂ ਵਿੱਚ ਹਕੂਮਤ ਦੇ ਜਬਰ ਖ਼ਿਲਾਫ਼ ਰੈਲੀਆਂ ਹੋਈਆਂ ਤੇ ਸਰਕਾਰੀ ਇਮਾਰਤਾਂ ਤੇ ਕਾਲੇ ਝੰਡੇ ਝੁਲਾਏ ਗਏ। ਜੇ ਤੁਸੀਂ ਖੱਬੀ ਜਮਹੂਰੀ ਲਹਿਰ ਸੁਰਜੀਤ ਜਾਂ ਮਲਹੋਤਰੇ ਦੀ ਜੇਬ੍ਹ ਵਿੱਚੋਂ ਹੀ ਤਲਾਸ਼ਦੇ ਰਹੇ ਹੋ ਤਾਂ ਇਹ ਤੁਹਾਡੀ ਆਪਣੀ ਸਮੱਸਿਆ ਹੈ। ਫਿਰ ਤਾਂ ਇਹ ਦਿਸਣੋਂ ਰਹੀ। ਪਰ ਜਿਥੋਂ ਤੱਕ ਪੰਜਾਬ ਦੇ ਲੋਕਾਂ ਦਾ ਸਬੰਧ ਹੈ ਕੀ ਤੁਸੀਂ ਜਾਣਦੇ ਹੋ ਕਿ ਸੁਰਜੀਤ ਭੱਟੀ, ਦਰਸ਼ਨ ਦੁਸਾਂਝ, ਗੁਰਸ਼ਰਨ ਸਿੰਘ, ਅਮੋਲਕ ਸਿੰਘ, ਨਾਜ਼ਰ ਸਿੰਘ, ਜੋਗਾ ਸਿੰਘ (ਐਡੀਟਰ ਜੈਕਾਰਾ, ਜ਼ਫਰਨਾਮਾ, ਲਲਕਾਰ, ਇਨਕਲਾਬ ਦਸਤਾ, ਵਤਨੋਂ ਦੂਰ ਆਦਿ ਵੀ - ਅਦਾਰਾ) ਆਦਿ ਕੌਣ ਹਨ? ਪਰ ਚੰਡੀਗੜ੍ਹੀ ਬੌਧਿਕਤਾ ਦਾ ਸ਼ਿਕਾਰ ਤੁਹਾਡੀ ਸੋਚ ਦੀ ਪਕੜ ਵਿੱਚ ਇਹ ਸਭ ਕੁਝ ਆਉਣ ਵਾਲਾ ਨਹੀਂ ਹੈ। ਤੁਹਾਡੀ ਸੋਚ ਦੇ ਤੰਗ ਤੰਗ ਦਾਇਰੇ ਤੁਹਾਡੇ ਛੋਟੇ ਛੋਟੇ ਖੂਹ ਤੁਹਾਨੂੰ ਮੁਬਾਰਿਕ! ਪਰ ਆਪਣੀਆਂ ਅੱਖੀਆਂ ਉਪਰ ਪੱਟੀਆਂ ਬੰਨ੍ਹ ਕੇ ਧੁੱਪ ਵਰਗੀ ਸਚਾਈ ਦੀ ਹੋਂਦ ਤੋਂ ਮੱਤ ਮੁਕਰੋ!

ਬਾਕੀ ਜੋ ਤੁਸੀਂ ਪੰਜਾਬ ਸਮੱਸਿਆ ਵਿੱਚ ਬਦੇਸ਼ੀ ਹੱਥ ਹੋਣ ਦੇ ਵਿਚਾਰ ਨੂੰ ਨਿਰਮੂਲ ਸਮਝ ਕੇ ਉਸ ਦਾ ਮਖੌਲ ਉਡਾਉਂਦੇ ਹੋ ਤਾਂ ਦਸੋ ਕਿ ਚਿੱਲੀ ਵਿੱਚ ਹੋਏ ਰਾਜ ਪਲਟੇ ਵਿੱਚ ਬਦੇਸੀ ਹੱਥ ਨਹੀਂ ਸੀ? ਅਫ਼ਗਾਨਿਸਤਾਨ ਵਿੱਚ ਬਦੇਸ਼ੀ ਹੱਥ ਨੇ ਆਪਣੀ ਕਰਾਮਾਤ ਨਹੀਂ ਦਿਖਾਈ? ਵੀਅਤਨਾਮ ਵਿੱਚ ਪੂਰਾ ਇੱਕ ਜੁੱਗ ਬਦੇਸ਼ੀ ਹੱਥ ਖੂਨ ਦੀਆਂ ਨਦੀਆਂ ਨਹੀਂ ਵਹਾਉਂਦਾ ਰਿਹਾ? ਕੀ ਅੱਜ ਤੋਂ ਸਿਰਫ 37 ਸਾਲ ਪਹਿਲਾਂ ਤੱਕ ਬਦੇਸ਼ੀ ਸਾਮਰਾਜ ਭਾਰਤ ਉਪਰ ਸਿੱਧਾ ਰਾਜ ਨਹੀਂ ਕਰਦਾ ਰਿਹਾ? ਕੀ ਸੰਸਾਰ ਵਿੱਚ ਨਿੱਤ ਵਾਪਰ ਰਹੀਆਂ ਘਟਨਾਵਾਂ ਇਹ ਸਾਬਤ ਨਹੀਂ ਕਰਦੀਆਂ ਕਿ ਸਾਮਰਾਜੀ ਸ਼ਕਤੀਆਂ ਵਿੱਚ ਦੁਨੀਆਂ ਨੂੰ ਲੁੱਟਣ, ਰਾਜ ਪਲਟੇ ਕਰਵਾਉਣ ਤੇ ਆਪਣੀਆਂ ਕਠਪੁਤਲੀ ਸਰਕਾਰਾਂ ਬਣਾਉਣ ਲਈ ਰੇਸ ਲੱਗੀ ਹੋਈ ਹੈ? ਜਦੋਂ ਭਾਰਤੀ ਸਰਕਾਰ ਨੇ ਖਾਲਿਸਤਾਨ ਦੇ ਆਗੂ ਡਾ: ਜਗਜੀਤ ਸਿੰਘ ਚੌਹਾਨ ਦਾ ਪਾਸਪੋਰਟ ਰੱਦ ਕੀਤਾ ਤੇ ਅਮਰੀਕਾ ਸਰਕਾਰ ਨੇ ਉਸਨੂੰ ਬਿਨਾਂ ਪਾਸਪੋਰਟ ਹੀ ਵੀਜ਼ਾ ਦੇ ਕੇ ਸਨਮਾਨਿਆਂ ਤਾਂ ਚੌਹਾਨ ਸਾਹਿਬ ਨੇ ਨਿਊਯਾਰਕ ਇੰਡੀਅਨ ਨੀਊਜ਼ ਵੀਕਲੀ ਵਾਲਿਆਂ ਨਾਲ ਗਲਬਾਤ ਕਰਦੇ ਹੋਏ ਕਿਹਾ, "ਦੇਖਿਆ, ਮੇਰਾ ਇਸ ਦੇਸ਼ ਵਿੱਚ ਕਿੰਨਾ ਅਸਰ ਹੈ। ਭਾਰਤ ਦੀ ਸਾਰੀ ਰਾਜਨੀਤਕ ਸ਼ਕਤੀ ਹਾਰ ਖਾ ਚੁੱਕੀ ਹੈ।" ਇਸਦਾ

ਕੀ ਅਰਥ ਸੀ? ਚੌਹਾਨ ਲੰਦਨ ਤੋਂ ਨਿਊਯਾਰਕ ਤੱਕ ਅਮਰੀਕਾ ਦੇ ਸਰਕਾਰੀ ਖਰਚ ਉਪਰ ਕਿਸ ਖੁਸ਼ੀ 'ਚ ਉਡਾਰੀਆਂ ਮਾਰਦਾ ਰਿਹਾ? ਜਦੋਂ ਕਿਹਾ ਜਾਂਦਾ ਹੈ ਕਿ ਖਾਲਿਸਤਾਨੀ ਲੀਡਰਾਂ ਦੇ ਸੀ. ਆਈ. ਏ. ਨਾਲ ਸਬੰਧ ਹਨ ਤਾਂ ਇਹ ਸਬੰਧ ਉਹਨਾਂ ਦੇ ਕੰਮਾਂ ਤੋਂ ਸਪਸ਼ਟ ਵੇਖੇ ਜਾ ਸਕਦੇ ਹਨ। ਉਂਞ ਅਕਸਰ ਖੁਫ਼ੀਆ ਏਜੰਸੀਆਂ ਨਾਲ ਕਿਸੇ ਦੇ ਸਬੰਧਾਂ ਨੂੰ ਸਾਬਤ ਕਰਨਾ ਅਸੰਭਵ ਹੀ ਹੁੰਦਾ ਹੈ। ਪਰ ਇਥੇ ਤਾਂ ਉਚਿੱਤ ਸਬੂਤ ਵੀ ਮੌਜੂਦ ਹਨ। ਉਦਾਹਰਣ ਵਜੋਂ ਲੰਦਨ ਵਿੱਚ ਛਪਦੇ 'ਸੰਦੇਸ ਇੰਟਰਨੈਸ਼ਨਲ' ਨੇ ਕੁਝ ਖ਼ਤ ਛਾਪੇ ਹਨ ਜੋ ਇਸ ਸਚਾਈ ਦੀ ਪੁਸ਼ਟੀ ਕਰਦੇ ਹਨ। ਇੱਕ ਖ਼ਤ ਜੋ ਅਮਰੀਕੀ ਸੈਨੇਟ ਦੀ ਹਥਿਆਰਾਂ ਬਾਰੇ ਬਦੇਸ਼ੀ ਸੰਮਿਤੀ ਦੇ ਮੈਂਬਰ ਸੈਨੇਟਰ ਜੇ. ਸੀ. ਹੈਲਮਸ ਨੇ ਬਰਤਾਨੀਆਂ ਸਰਕਾਰ ਨੂੰ ਜਗਜੀਤ ਸਿੰਘ ਚੌਹਾਨ ਬਾਰੇ ਅਪਰੈਲ 1982 ਨੂੰ ਲਿਖਿਆ ਉਹ ਇਸ ਤਰ੍ਹਾਂ ਹੈ: "ਇਸ ਚਿੱਠੀ ਵਿੱਚ ਤਸਦੀਕ ਕੀਤਾ ਜਾਂਦਾ ਹੈ ਕਿ ਡਾਕਟਰ ਜਗਜੀਤ ਸਿੰਘ ਸੈਨੂੰ ਬਦੇਸ਼ੀ ਸਬੰਧਾਂ ਬਾਰੇ ਸੰਮਿਤੀ ਦੇ ਕੰਮਾਂ ਵਿੱਚ ਸਹਾਇਤਾ ਦਿੰਦੇ ਆ ਰਹੇ ਹਨ ਅਤੇ ਮੈਂ ਹੀ ਉਨ੍ਹਾਂ ਨੂੰ ਵਾਸ਼ਿੰਗਟਨ ਆਉਣ ਅਤੇ ਮੇਰੇ ਤੇ ਮੇਰੇ ਸਟਾਫ਼ ਨਾਲ ਗਲ ਬਾਤ ਕਰਨ ਦੀ ਬੇਨਤੀ ਕੀਤੀ ਹੈ। ਉਸਨੂੰ ਜਰੂਰੀ ਯਾਤਰਾ ਪੱਤਰ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਜਾਵੇ।"

ਕੀ ਹੁਣ ਵੀ ਸ਼ੱਕ ਦੀ ਕੋਈ ਗੁੰਜ਼ਾਇਸ਼ ਬਾਕੀ ਹੈ? ਇਸ ਪਰਚੇ ਵਿੱਚ ਛਪੇ ਖ਼ਤਾਂ ਨੂੰ ਕੋਈ ਵੀ ਗਲਤ ਨਹੀਂ ਕਹਿ ਸਕਿਆ ਪਰ ਹਾਂ - ਸੱਚ ਪੇਸ਼ ਕਰਨ ਦੀ ਸਜ਼ਾ ਵਜੋਂ ਇਸ ਪਰਚੇ ਦੇ ਸਹਾਇਕ ਸੰਪਾਦਕ ਪ੍ਰਿੰਸੀਪਲ ਕਰਤਾਰ ਸਿੰਘ ਤਾਰ ਨੂੰ, ਦਫ਼ਤਰ ਨੂੰ ਅੱਗ ਲਗਾਕੇ, ਫ਼ਿਰਕੂ ਜਨੂੰਨੀਆਂ ਨੇ ਜਿੰਦਾ ਸਾੜ ਦਿਤਾ। ਇਸ ਘਟਨਾ ਤੋਂ ਇਲਾਵਾ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿੱਚ ਫ਼ਿਰਕੂ ਜਨੂੰਨੀ ਖਾਲਿਸਤਾਨੀ ਟੋਲੇ ਨੇ ਕੁੱਟ ਮਾਰ, ਗੁੰਡਾਗਰਦੀ ਤੇ ਬੁਰਸ਼ਾਗਰਦੀ ਦੀਆਂ ਅਨੇਕਾਂ ਵਾਰਦਾਤਾਂ ਕੀਤੀਆਂ ਹਨ, ਪਰ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਇਨ੍ਹਾਂ ਲਈ ਕਾਨੂੰਨ ਦੀਆਂ ਵਾਗਾਂ ਢਿੱਲੀਆਂ ਛੱਡੀਆਂ ਹੋਈਆਂ ਹਨ। ਜਾਂ ਤਾਂ ਕੋਈ ਐਕਸ਼ਨ ਹੀ ਨਹੀਂ ਲਿਆ ਜਾਂਦਾ ਤੇ ਜਾਂ ਗ੍ਰਿਫ਼ਤਾਰੀ ਤੋਂ ਬਾਅਦ ਇਨ੍ਹਾਂ ਨੂੰ ਛੱਡ ਦਿਤਾ ਜਾਂਦਾ ਹੈ। ਇੰਞ ਉਹਨਾ ਨੂੰ ਜੋ ਉਹ ਕਰ ਰਹੇ ਹਨ ਉਹ ਕਰਨ ਲਈ ਹੋਰ ਉਤਸ਼ਾਹ ਦਿਤਾ ਜਾਂਦਾ ਹੈ। ਖਾਲਿਸਤਾਨੀਆਂ ਦੀ ਨਿਊਯਾਰਕ ਵਿੱਚ ਹੋਈ ਕਨਵੈਂਨਸ਼ਨ ਵਿੱਚ ਅਮਰੀਕੀ ਕਾਂਗਰਸਮੈਨ ਹਿੱਸਾ ਲੈਂਦੇ ਹਨ, ਗਵਰਨਰ ਵਲੋਂ ਹਿਮਾਇਤ ਦਾ ਖ਼ਤ ਪੜ੍ਹਕੇ ਸੁਣਾਉਂਦੇ ਹਨ, ਮਦਦ ਦੇ ਭਰੋਸੇ ਦਿਤੇ ਜਾਂਦੇ ਹਨ ਅਤੇ ਅਮਰੀਕੀ ਸਰਕਾਰ ਦੇ ਨੁਮਾਇੰਦਿਆ ਦੀ ਹਾਜ਼ਰੀ ਵਿੱਚ ਹੀ ਖਾਲਿਸਤਾਨੀ ਜਨੂੰਨੀ ਅਮਰੀਕਾ ਤੇ ਕੈਨੇਡਾ ਵਿੱਚ ਪੰਜਾਹ ਹਜਾਰ ਹਿੰਦੂ ਕਤਲ ਕਰ ਦੇਣ ਦੀਆਂ ਧਮਕੀਆਂ ਦਿੰਦੇ ਹਨ। ਭਾਰਤ ਵਿੱਚ ਕਿਸੇ ਨਕਸਲਬਾੜੀ ਆਗੂ ਨੂੰ ਫਾਂਸੀ ਦੀ ਸਜ਼ਾ ਦਿਤੇ ਜਾਣ ਵਿਰੁੱਧ ਜਿਨ੍ਹਾਂ ਇੰਗਲੈਂਡ ਵਿੱਚ ਮਾਮੂਲੀ ਜਿਹਾ ਰੋਸ ਦਿਖਾਵਾ ਕੀਤਾ ਸੀ ਉਹਨਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿਤਾ ਗਿਆ ਸੀ ਤੇ ਅੱਜ ਜੋ ਲੋਕਾਂ ਨੂੰ ਕਤਲ ਕਰਨ ਦੀਆਂ ਧਮਕੀਆਂ ਦੇ ਕੇ ਗੁੰਡਾਗਰਦੀ ਤੇ ਕੁੱਟ ਮਾਰ ਕਰਕੇ ਅਮਰੀਕਾ ਸਰਕਾਰ ਦੇ ਆਪਣੇ ਘੜੇ ਹੋਏ ਕਾਨੂੰਨ ਤੋੜਦੇ ਹਨ। ਉਹਨਾਂ ਨੂੰ ਇਮੀਗ੍ਰੇਸ਼ਨਾਂ ਵੀ ਮਿਲ ਰਹੀਆਂ ਹਨ, ਪੱਕੀਆਂ ਸਟੇਆਂ ਮਿਲ ਰਹੀਆਂ ਹਨ ਕਿਉਂਕਿ ਉਹ ਖਾਲਿਸਤਾਨ ਦਾ ਪ੍ਰਚਾਰ ਕਰਦੇ ਹਨ। ਮੈਂ ਨਾਮ ਗਿਣ ਸਕਦਾ ਹਾਂ, ਪਰ ਇਥੇ ਨਾਮ ਲੈ ਕੇ ਮੈਂ ਉਨ੍ਹਾਂ ਬੰਦਿਆਂ ਨੂੰ ਬੇਲੋੜੀ ਮਹੱਤਤਾ ਨਹੀਂ ਦੇਣੀ ਚਾਹੁੰਦਾ। ਨਾਮ ਮੈਂ ਉਹਨਾਂ ਬੰਦਿਆਂ ਦੇ ਵੀ ਲੈ ਸਕਦਾ ਹਾਂ ਜਿਨ੍ਹਾਂ ਨੂੰ ਮੈਂ ਜਾਣਦਾ ਕਿ ਉਹ ਇਧਰ ਕੈਨੇਡਾ ਵਿੱਚ ਤੇ ਅਮਰੀਕਾ ਵਿੱਚ ਵਿਜ਼ਟਰ ਦੇ ਰੂਪ ਵਿੱਚ ਆਏ ਤੇ ਹੁਣ ਪੱਕੇ ਤੌਰ ਤੇ ਇਧਰ ਰਹਿਣ ਲਈ ਖਾਲਿਸਤਾਨ ਦੇ ਸਮਰਥਕ ਹੋਣ ਦੀ ਪ੍ਰਦਰਸ਼ਨੀ ਬੜੇ ਜ਼ੋਰਾਂ ਸ਼ੋਰਾਂ ਨਾਲ ਕਰ ਰਹੇ ਹਨ, ਫ਼ਿਰਕਾਪ੍ਰਸਤੀ ਦਾ ਜ਼ਹਿਰ ਫੈਲਾ ਰਹੇ ਹਨ। ਇਮੀਗ੍ਰੇਸ਼ਨ ਵਾਲਿਆਂ ਕੋਲੋਂ ਆਪਣੇ ਪਾਸਪੋਰਟਾਂ ਉਪਰ ਮੋਹਰਾਂ ਲਵਾਉਣ ਲਈ ਲੋਕਾਂ ਦੇ ਮਨਾਂ ਉਪਰ ਨਫ਼ਰਤ ਦੀਆਂ ਮੋਹਰਾਂ ਲਗਾ ਰਹੇ ਹਨ।

ਇਹ ਸਭ ਕੁਝ ਕੀ ਸਾਬਤ ਕਰਦਾ ਹੈ? ਸੋ ਲੇਖਕ ਸਾਹਿਬਾਨੋ ਜੇ ਤੁਸੀਂ ਸੱਚ ਮੁੱਚ ਹੀ ਅਜੇ ਵੀ ਇਸ ਸੰਕਟ ਕਾਲ ਵਿੱਚ ਲੋਕ ਪੱਖੀ ਰਵੱਈਆ ਅਪਣਾ ਸਕਦੇ ਹੋ ਤਾਂ ਹਰ ਲੋਕ ਪੱਖੀ ਤਾਕਤ ਤੁਹਾਡੇ ਇਸ ਕਾਰਜ ਨੂੰ ਜੀਆਇਆਂ ਆਖੇਗੀ। ਪਰ ਇਹ ਮੱਤ ਸਮਝੋ ਕਿ ਪੰਜਾਬ ਦੇ ਲੋਕੀਂ ਤੁਹਾਡੇ ਰਹਿਮ ਉਪਰ ਹਨ, ਜੇ ਤੁਸੀਂ ਨਹੀਂ ਬੋਲਦੇ ਤਾਂ ਕੋਈ ਨਹੀਂ ਬੋਲਦਾ। ਤੁਸੀਂ ਲੋਕਾਂ ਤੋਂ ਹੋ, ਲੋਕ ਤੁਹਾਡੇ ਤੋਂ ਨਹੀਂ!   ● (S.F.U., BURNABY, B.C.)

---

(ਸਫ਼ਾ 36 ਦੀ ਬਾਕੀ....) ਸਾਨੂੰ ਇਸ ਕੌਮੀ ਸਰਮਾਏਦਾਰੀ ਦੀਆਂ ਸਾਰੀਆਂ ਚਾਲਾਂ ਸਮਝਣ ਦੀ ਲੋੜ ਹੈ, ਜਿਹੜੀ ਸਾਨੂੰ ਅੰਗਰੇਜ਼ਾਂ ਵਾਂਗ ਜਾਤੀ ਲੜਾਈ ਵਿਚ ਫਸਾ ਕੇ ਆਪਣੀ ਕੁਰਸੀ ਦੀ ਉਮਰ ਲੰਮੇਰੀ ਕਰਦੀ ਹੈ। ਜੇ ਹਿੰਦੁਸਤਾਨ, ਪਾਕਿਸਤਾਨ ਬਣਿਆ ਤਾਂ ਰਾਜਸੀ ਤੌਰ 'ਤੇ ਇਹਦਾ ਕੀ ਫਾਇਦਾ ਹੋਇਆ? ਜੇ ਪੰਜਾਬ, ਹਰਿਆਣਾ, ਹਿਮਾਚਲ ਹੋਇਆ ਤਾਂ ਇਹਨੇ ਆਮ ਲੋਕਾਂ ਦਾ ਕੀ ਸਵਾਰਿਆ?

ਸਰਮਾਏਦਾਰੀ ਢਾਂਚੇ ਦੀ ਤਾਣੀ ਦਿੱਲੀ ਤੋਂ ਹੀ ਵਿਗੜੀ ਹੈ, ਜਿਸਦਾ ਅਸਰ ਸਾਰੇ ਰਾਜਾਂ 'ਤੇ ਪੈਂਦਾ ਹੈ। ਪਰ ਵੇਖਣਾ ਇਹ ਹੈ ਕਿ ਜਿੰਨੀ ਛੋਟ ਰਾਜਾਂ ਨੂੰ ਇਹ ਮੰਗਦੇ ਹਨ ਕੀ ਉਨੀ ਵੀ ਇਨ੍ਹਾਂ ਛੋਟ ਦਿੱਤੀ ਹੈ? ਨਹੀਂ। ਇਕ ਪਾਸੇ ਵਜੀਰਾਂ ਤੇ ਧਨੀਆਂ ਦੇ ਘਰੀਂ ਤੇਲ ਦੇ ਟੈਂਕਰ, ਸੀਮਿੰਟ ਅਤੇ ਹੋਰ ਉਹ ਵਸਤਾਂ ਜਿਹੜੀਆਂ ਅੱਜ ਬਾਜ਼ਾਰ ਵਿਚ ਦੇਖਣ ਨੂੰ ਵੀ ਨਹੀਂ ਮਿਲਦੀਆਂ, ਦੇ ਭੰਡਾਰ ਜਮ੍ਹਾ ਕੀਤੇ ਪਏ ਹਨ। ਇਹ ਜਮਹੂਰੀਅਤ ਨਹੀਂ ਇਕ ਲੋਕ-ਰਾਜ ਨਹੀਂ, ਇਹ ਭਾਈ ਭਤੀਜਾਵਾਦ ਹੈ। ਬੜੇ ਅਫ਼ਸੋਸ ਦੀ ਗੱਲ ਹੈ ਕਿ ਦੇਸ਼, ਕੌਮ ਵਾਸਤੇ ਲੜੇ ਅਸੀਂ ਸਾਧਾਰਨ ਲੋਕ ਪਰ ਫਾਇਦਾ ਸਦਾ ਇਨ੍ਹਾਂ ਵੱਡੇ ਢਿੱਡਾਂ ਵਾਲਿਆਂ ਨੇ ਹਜ਼ਮ ਕੀਤਾ। ਇਸ ਜਾਤੀ ਫੋੜੇ ਨੂੰ ਦੇਖਣਾ ਪਏਗਾ। ਅੰਗਰੇਜ਼ਾਂ ਦੇ ਜ਼ਮਾਨੇ 'ਸਰ' ਦੀਆਂ ਪਦਵੀਆਂ ਨਾਲ ਸਨਮਾਨੇ ਜਾਣ ਵਾਲੇ ਹੀ ਅੱਜ ਫਿਰ ਲੀਡਰ ਬਣੇ ਫਿਰਦੇ ਹਨ। (ਇਹਨਾਂ ਵਿਚੋਂ ਬਹੁਤ ਸਾਰੇ ਅਕਾਲੀ, ਕਾਂਗਰਸੀ ਅਤੇ ਖ਼ਾਲਿਸਤਾਨੀਏ ਲੀਡਰ ਵੀ ਹਨ) ਇਨ੍ਹਾਂ ਗੱਲਾਂ ਤੋਂ ਸ਼ੀਸ਼ਾ ਸਾਫ਼ ਹੋ ਗਿਆ ਕਿ ਬਾਹਰਲੀ ਸਰਮਾਏਦਾਰੀ ਨੇ ਜਾਂਦਿਆਂ ਜਾਂਦਿਆਂ ਜਿੱਥੇ ਸਾਡੇ ਮੁਲਕ ਦੇ ਟੁਕੜੇ ਕੀਤੇ, ਉਥੇ ਹਕੂਮਤ ਵੀ ਆਪਣੀ ਹਥਠੋਕਾ-ਕਾਂਗਰਸ ਹਕੂਮਤ ਦੇ ਹੱਥ ਦੇ ਗਏ। ਜੇ ਇਹ ਹਕੂਮਤ ਭਗਤ ਸਿੰਘ ਜਾਂ ਅਜੈ ਘੋਸ਼ ਵਰਗਿਆਂ ਦੇ ਹੱਥ ਆਉਂਦੀ ਤਾਂ ਅੱਜ ਸਥਿਤੀ ਕੁਝ ਹੋਰ ਹੁੰਦੀ।

ਉਂਜ ਸਾਥੀਓ! ਜੋ ਸੱਚੇ ਅਤੇ ਨਿਹ-ਸਵਾਰਥੀ ਲੋਕ ਹੋਣ, ਉਨ੍ਹਾਂ ਕਦੇ ਮੁਨਾਫ਼ੇ ਵੱਲ ਨਹੀਂ ਦੇਖਿਆ। ਅਸੀਂ ਅੱਜ ਇਸ ਸਰਮਾਏਦਾਰੀ ਦੇ ਹਰ ਪੈਂਤੜੇ ਨੂੰ ਸਮਝਣਾ ਹੈ। ਬਾਹਰਲੀ ਸਰਮਾਏਦਾਰੀ ਨਾਲੋਂ ਅੰਦਰਲੀ ਸਰਮਾਏਦਾਰੀ ਹੋਰ ਵੀ ਖ਼ਤਰਨਾਕ ਹੈ ਕਿਉਂਕਿ ਇਹ ਸਾਡੀ ਬੋਲੀ, ਰੰਗ, ਸੱਭਿਆਚਾਰ, ਸਾਹਿਤ ਅਤੇ ਧਰਮ ਵਿਚ ਪੂਰੀ ਤਰਾਂ ਮਿਲੀ ਹੋਈ ਹੈ। ਇਸ ਕਰਕੇ ਸਾਡੇ ਉਭਾਰਾਂ ਚੜ੍ਹਾਵਾਂ ਨੂੰ ਚੰਗੀ ਤਰਾਂ ਸਮਝਦੀ ਹੋਈ ਇਹ ਹਰ ਤਰਾਂ ਦੀ ਚਾਲ ਚਲਦੀ ਹੈ। ਅਸੀਂ ਬਹੁਤ ਛੇਤੀ ਮਾਲੂਮ ਨਹੀਂ ਹੋਣਾ ਕਿ ਅਸੀਂ ਆਪਾ ਗਵਾ ਬੈਠੀਏ – ਲੜਾਈ ਲੜਦੇ ਲੜਦੇ ਮਾਲੂਮ ਨਹੀਂ ਹੋਣਾ ਕਿ ਅਸੀਂ ਹੰਭ ਕੇ ਬੈਠ ਜਾਈਏ। ਅਸੀਂ ਚੱਲਣਾ ਹੈ – ਭਾਈ ਲਾਲੋਆਂ ਨੂੰ ਨਾਲ ਲੈ ਕੇ ਅਤੇ ਮਲਕ ਭਾਗੋਆਂ ਦਾ ਨਾਸ਼ ਕਰਕੇ!   ●(EDMONTON, ALBERTA)

## ਸੰਗਮਰਮਰ ਦੇ ਪੰਛੀ

ਸੁਰਿੰਦਰ ਧੰਜਲ

ਕੱਲ੍ਹ ਤੱਕ ਜੋ ਚਹਿਕਦੇ ਪੰਛੀ, ਰਹੇ ਕਈ ਯੁੱਗ ਹਸਦੇ।
ਕੀਹਨੇ ਤੀਲ੍ਹਾ ਤੀਲ੍ਹਾ ਕੀਤੇ, ਆਹਲਣੇ ਘੁੱਗ ਵਸਦੇ।

ਅਸੀਂ ਉੱਡੀਏ ਵਿੱਚ ਆਕਾਸ਼ਾਂ
ਅਸੀਂ ਹੋਵੇਂ ਅਸਲੀ ਪੰਛੀ
ਸਾਡੇ ਮੋਹ ਦਾ ਰੰਗ ਹਨ ਤਰਦੇ
ਪੰਜੀਂ ਸਾਲੀਂ ਨਕਲੀ ਪੰਛੀ
ਸੰਗਮਰਮਰ ਦੇ ਪੰਛੀ, ਕਦੇ ਨਾ ਉੱਡ ਸਕਦੇ।
ਜਿਉਂ ਕਾਗਜ਼ ਦੇ ਰੰਘੇ, ਨਾ ਧਰਤੀ ਗੱਡ ਸਕਦੇ।

ਸਾਨੂੰ ਨੀਹਾਂ ਦੇ ਵਿੱਚ ਚਿਣ ਕੇ
ਪੱਕੀ ਕੁਰਸੀ ਉਮਰ ਵਧਾਉਂਦੀ
ਸਾਡੇ ਮੋਹ ਦੀਆਂ ਨੀਹਾਂ ਅੰਦਰ
ਉਹਨਾਂ ਜ਼ਹਿਰੀ ਰੇਤ ਵਿਛਾਉਂਦੀ
ਰੇਤੇ ਦੀ ਨੀਂਹ ਦੇ ਰਿਸ਼ਤੇ, ਕਦੇ ਨਾ ਪੁੱਗ ਸਕਦੇ।
ਜੋ ਬੀਜ ਵੈਰ ਦੇ ਬੀਜੋਂ, ਨਾ ਮਿੱਤਰ ਉੱਗ ਸਕਦੇ।

ਉਹ ਬਣ ਬਣ ਬੈਠਣ ਤਾਰੂ
ਜਿਨ੍ਹਾਂ ਨਦੀ ਨਾ ਪੈਰ ਛੁਹਾਇਆ
ਧਰਮਾਂ ਦੀ ਪੁੜੀ ਬਣਾ ਕੇ
ਵਿੱਚ ਚੋਗ ਸੰਖੀਆ ਪਾਇਆ
ਮਹੁਰੇ ਵਿੱਚ ਲਿੱਬੜਿਆ ਚੋਗਾ, ਨਾ ਪੰਛੀ ਚੁਗ ਸਕਦੇ।
ਪਿੰਜਰਿਆਂ ਦੇ ਪਹਿਰੇਦਾਰ, ਉਡਾਰਾਂ ਦੀ ਨਾ ਸੁੱਧ ਰਖਦੇ।

• (ਛਪ ਰਹੇ ਕਾਵਿ-ਸੰਗ੍ਰਹਿ 'ਜ਼ਖ਼ਮਾਂ ਦੀ ਫ਼ਸਲ' ਵਿੱਚੋਂ)

## ਗੀਤ

ਮੱਖਣ ਟੁੱਟ

ਮੈਨੂੰ ਤਾਂ ਅੱਜ ਮਾਰਿਆ, ਇਨ੍ਹਾਂ ਮਜ਼੍ਹਬੀ ਤਲਵਾਰਾਂ ਨੇ।
ਤ੍ਰਿਸ਼ੂਲ ਦੀਆਂ ਨੋਕਾਂ ਨੇ, ਖੰਡੇ ਦੀਆਂ ਧਾਰਾਂ ਨੇ।

ਨਾਨਕ ਤੇ ਰਾਮ ਨੂੰ ਪੈਸੇ ਲਈ ਨੇ ਵੇਚਦੇ।
ਭਾਈਆਂ ਤੇ ਦਾਹਿਸਤਾਂ ਦੇ ਬਣ ਬੈਠੇ ਮੋਚਦੇ।
ਲਾਲੋ ਹੱਥੋਂ ਰੋਟੀ ਖੁੱਸੀ ਕਾਵਾਂ ਦੀ ਡਾਰਾਂ ਨੇ।
ਮੈਨੂੰ ਤਾਂ ਅੱਜ .....

ਅਬਦਾਲੀ ਅਤੇ ਗਜ਼ਨਵੀ ਨੇ ਲੁੱਟੀ ਮੇਰੀ ਪੱਤ ਸੀ।
ਪਟਿਆਲੇ ਦਾ ਰਾਜਾ ਦੱਸੋ ਕਿਹੜੇ ਨਾਲੋਂ ਘੱਟ ਸੀ।
ਲੁੱਟਿਆ ਕਦੀ ਧਾੜਵੀਆਂ ਤੇ ਕਦੀ ਸਰਦਾਰਾਂ ਨੇ।
ਮੈਨੂੰ ਤਾਂ ਅੱਜ .....

ਮਾਂ ਆਪਣੀ ਭੁੱਲ ਕੇ ਜੋ ਹਿੰਦੀ ਹਿੰਦੀ ਕੂਕਦੇ।
ਬੋਲ ਸਿੱਖ ਰਾਜ ਦੇ ਰਹਾ ਹੈ ਜੋ ਸੂਕਦੇ।
ਪੰਜਾਬ ਹੈ ਪੰਜਾਬੀਆਂ ਦਾ ਸਿਖਿਆ ਨਹੀਂ ਮਕਾਰਾਂ ਨੇ।
ਮੈਨੂੰ ਤਾਂ ਅੱਜ .......

ਹੱਕ ਲਈ ਸੀ ਉੱਠਿਆ ਉਹ ਧਰਮ ਅੱਜ ਵਪਾਰ ਹੈ।
ਰੋਂਦੀ ਛਿਪਕੇ ਰਹਿਣ ਦਾ ਧਰਮ ਅੱਜ ਹਥਿਆਰ ਹੈ।
ਬਲੀ ਦੇ ਮਾਸੂਮਾਂ ਦੀ ਆਪ ਲੈਂਦੇ ਸਰਕਾਰਾਂ ਨੇ।
ਮੈਨੂੰ ਤਾਂ ਅੱਜ .....

ਧਰਮਾਂ, ਨਸਲਾਂ, ਜ਼ਾਤਾਂ ਤੋਂ ਉੱਚਾ ਜੋ ਇਨਸਾਨ ਹੈ ਉਹ।
ਮਨੁੱਖਤਾ ਲਈ ਜੋ ਲੜਦਾ ਅੱਜ ਦਾ ਭਗਵਾਨ ਹੈ ਉਹ।
ਦੱਸ ਦਿਉ ਜਨੂੰਨੀਆਂ ਨੂੰ ਜੋ ਮਾਰਦੇ ਚਿੰਗਾਰਾਂ ਨੇ।
ਮੈਨੂੰ ਤਾਂ ਅੱਜ ਮਾਰਿਆ, ਇਨ੍ਹਾਂ ਮਜ਼੍ਹਬੀ ਤਲਵਾਰਾਂ ਨੇ।
ਤ੍ਰਿਸ਼ੂਲ ਦੀਆਂ ਨੋਕਾਂ ਨੇ, ਖੰਡੇ ਦੀਆਂ ਧਾਰਾਂ ਨੇ।

• (VANCOUVER, B.C.)

## ਪ੍ਰੈੱਸ ਰੀਲੀਜ਼

ਜਗਤਾਰ ਢਾਅ, ਬਲਦੇਵ ਬਾਵਾ

ਪੰਜਾਬ ਦੀ ਸਮੱਸਿਆ, ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਅਤੇ ਇੰਦਰਾ ਦੀ ਮੌਤ ਤੋਂ ਬਾਅਦ ਜੋ ਵਾਪਰਿਆ ਅਤੇ ਵਾਪਰ ਰਿਹਾ ਹੈ, ਬਾਰੇ ਅੱਜ ਕੱਲ੍ਹ ਪਰਚਿਆਂ ਵਿਚ ਕਾਫ਼ੀ ਵਾਦ-ਵਿਵਾਦ ਚੱਲ ਰਿਹਾ ਹੈ। ਅਸੀਂ ਵੀ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਉਣੇ ਚਾਹਾਂਗੇ।

1) ਅਸੀਂ ਇਹ ਕਹਿੰਦੇ ਹਾਂ ਕਿ ਕੋਈ ਵੀ ਪ੍ਰਗਤੀਸ਼ੀਲ ਵਿਅਕਤੀ ਵੱਖਵਾਦੀ ਅਤੇ ਫ਼ਿਰਕਾਪ੍ਰਸਤ ਲਹਿਰਾਂ ਦਾ ਵਿਰੋਧ ਹੀ ਕਰੇਗਾ, ਜਿਨ੍ਹਾਂ ਦੇ ਅਸੀਂ ਵੀ ਸਖ਼ਤ ਵਿਰੋਧੀ ਹਾਂ।

2) ਇਸ ਦੇ ਨਾਲ ਹੀ ਅਸੀਂ ਇਸ ਭਾਵਨਾ ਦੇ ਧਾਰਨੀ ਹਾਂ ਕਿ ਭਾਰਤ ਵਿਚ ਵੱਖਵਾਦੀ ਅਤੇ ਫ਼ਿਰਕਾਪ੍ਰਸਤ ਲਹਿਰਾਂ ਨੂੰ ਕਾਂਗਰਸ ਸਰਕਾਰ ਦੀਆਂ ਫ਼ਿਰਕੂ, ਲੋਕ-ਵਿਰੋਧੀ ਅਤੇ ਪੱਖਪਾਤੀ ਨੀਤੀਆਂ ਨੇ ਪੈਦਾ ਕੀਤਾ ਹੈ। ਸਾਡੇ ਵਿਚਾਰ ਅਨੁਸਾਰ ਇਹ ਹਾਕਮ ਹੀ ਭਾਰਤੀ ਲੋਕਾਂ ਦੇ ਮੁੱਖ ਦੁਸ਼ਮਣ ਹਨ, ਕਿਉਂਕਿ ਇਹਨਾਂ ਦੇ ਹਿੱਤ ਜਾਗੀਰਦਾਰੀ ਅਤੇ ਸਰਮਾਏਦਾਰੀ ਵਾਲੇ ਹਨ।

3) ਸਾਡਾ ਇਹ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਭਾਰਤ ਵਿਚ ਉੱਠ ਰਹੀਆਂ ਵੱਖਵਾਦੀ ਅਤੇ ਫ਼ਿਰਕਾਪ੍ਰਸਤ ਲਹਿਰਾਂ 'ਤੇ ਯਕੀਨੀ ਜਿੱਤ ਤਾਂ ਹੀ ਹੋ ਸਕਦੀ ਹੈ, ਜੇ ਉਥੋਂ ਦੇ ਸੜੇ-ਬੁਸੇ ਢਾਂਚੇ ਨੂੰ ਖ਼ਤਮ ਕਰਕੇ ਸੱਚਾ ਸੁੱਚਾ ਲੋਕ-ਜਮਹੂਰੀ ਢਾਂਚਾ ਉਸਾਰਿਆ ਜਾਵੇ।

4) ਕਿਉਂਕਿ ਇਹੋ ਜਿਹਾ ਲੋਕ-ਜਮਹੂਰੀ ਢਾਂਚਾ ਉਸਾਰਨ ਲਈ ਰਾਜ-ਸੱਤਾ ਹਥਿਆਉਣੀ ਪੈਂਦੀ ਹੈ, ਇਸ ਲਈ ਮੁੱਖ ਅਤੇ ਅਸਲ ਘੋਲ ਕੇਂਦਰੀ ਹਕੂਮਤ ਦੇ ਖ਼ਿਲਾਫ਼ ਹੀ ਕਰਨਾ ਪਏਗਾ।

ਉਪਰੋਕਤ ਵਿਚਾਰ ਰੱਖਦੇ ਹੋਏ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਉਹ ਵਿਅਕਤੀ ਜੋ ਕੇਂਦਰੀ ਸਰਕਾਰ ਦੀਆਂ ਨੀਤੀਆਂ ਦੇ ਚੰਗੇ ਬੁਰੇ ਦੀ ਪ੍ਰਤੀਸ਼ਤ ਕੱਢਦੇ ਹਨ, ਅਸਿੱਧੇ ਤੌਰ 'ਤੇ ਕਾਂਗਰਸ ਸਰਕਾਰ ਦੀਆਂ ਨੀਤੀਆਂ ਦੇ ਸਮਰਥਕ ਅਤੇ ਹਮਦਰਦ ਹਨ। ਉਹ ਭਾਰਤੀ ਲੋਕਾਂ ਦਾ ਮੁਢ ਦੁਸ਼ਮਣ ਫ਼ਿਰਕਾਪ੍ਰਸਤ ਅਤੇ ਵੱਖਵਾਦੀ ਲਹਿਰਾਂ ਨੂੰ ਦੱਸ ਕੇ ਲੋਕਾਂ ਦੇ ਰੋਹ ਤੋਂ ਅਸਲ ਅਤੇ ਮੁੱਖ ਦੁਸ਼ਮਣ ਨੂੰ ਬਚਾਉਣ ਲਈ ਯੁੱਧ ਦਾ ਰੁਖ਼ ਬਦਲ ਰਹੇ ਹਨ। ਉਂਜ ਇਨ੍ਹਾਂ ਲੋਕ ਗੱਦਾਰਾਂ ਅਤੇ ਮੌਕਾਪ੍ਰਸਤਾਂ ਦੀ ਇਹ ਰੀਤ ਬੜੀ ਪੁਰਾਣੀ ਹੈ।

ਨਾਲ ਹੀ ਇਹ ਵੀ ਕਿ ਕੋਈ ਵੀ ਵਿਦੇਸ਼ੀ ਤਾਕਤ ਭਾਰਤੀ ਲੋਕਾਂ ਨੂੰ ਉਹਨਾਂ ਦੇ ਮੌਜੂਦਾ ਨਿਜ਼ਾਮ ਤੋਂ ਮੁਕਤ ਨਹੀਂ ਕਰ ਸਕਦੀ। ਸੱਚੇ ਲੋਕ-ਜਮਹੂਰੀ ਨਿਜ਼ਾਮ ਲਈ ਭਾਰਤੀ ਲੋਕਾਂ ਨੂੰ ਖ਼ੁਦ ਹੀ ਘੋਲ ਕਰਨਾ ਪੈਣਾ ਹੈ।

• (SOUTHALL, ENGLAND)

# ਲੀਡਰਾਂ ਦੀ ਕੋਝੀ ਨੀਤੀ ਦਾ ਸ਼ਿਕਾਰ ਲੋਕ

ਹਰਦੇਵ ਵਿਰਕ

ਅੱਜ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਮੈਨੂੰ ਇਕ ਮੁੱਢਲੇ ਅਤੇ ਬਹੁਤ ਨਿੱਗਰ ਕੌਮੀ ਲੀਡਰ ਮੌਲਾਨਾ ਬਰਕਤ ਅੱਲਾ ਦੀ ਅੱਜ ਤੋਂ ਬਹੁਤ ਅਰਸਾ ਪਹਿਲਾਂ ਦੀ ਕਹੀ ਗੱਲ ਕਿੰਨੀ ਸੱਚੀ ਸਾਬਤ ਹੁੰਦੀ ਦਿਸਦੀ ਹੈ ਜਿਥੇ ਉਹ ਅਗਸਤ 1907 ਦੇ ਨਿਊਜ਼ਾਰਕ ਸਨ ਵਿਚ ਇਕ ਚਿੱਠੀ ਵਿਚ ਲਿਖਦਾ ਹੈ ਕਿ "ਅੰਗਰੇਜ਼ ਘਬਰਾ ਰਹੇ ਹਨ ਕਿਉਂਕਿ ਹਿੰਦੂ ਅਤੇ ਮੁਸਲਮਾਨ ਇਕ ਦੂਜੇ ਦੇ ਨੇੜੇ ਢੁੱਕ ਰਹੇ ਹਨ ਅਤੇ ਕੌਮਵਾਦ ਦੀ ਜਿੱਤ ਹੋਰ ਨੇੜੇ ਆ ਗਈ ਜਾਪਦੀ ਹੈ।" ਅੱਜ ਕੌਮੀ ਸਰਮਾਏਦਾਰੀ ਫਿਰ ਸਾਨੂੰ ਉਸੇ ਰਾਹ ਪਾ ਕੇ ਆਪਣੀ ਉਮਰ ਦੇ ਸਾਲ ਲੰਮੇ ਕਰ ਰਹੀ ਹੈ, ਜਿਸ ਨੂੰ ਸਮਝਣਾ ਅੱਜ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਕਿਉਂਕਿ ਸਰਮਾਏਦਾਰੀ ਦੀ ਮੌਤ ਉਸ ਵੇਲੇ ਯਕੀਨੀ ਹੋਵੇਗੀ ਜਦੋਂ ਅਸੀਂ ਆਪਸੀ ਫੁੱਟ ਤੋਂ ਬਚਾਂਗੇ ਅਤੇ ਸਾਂਝੇ ਦੁਸ਼ਮਣ ਨਾਲ ਦੋ ਹੱਥ ਕਰਨ ਲਈ ਲਾਮਬੰਦ ਹੋਵਾਂਗੇ।

ਅੱਜ ਪੰਜਾਬ ਦੇ ਮਸਲੇ ਨੂੰ ਹਰੇਕ ਅੱਖਾਂ ਆਪਣੇ ਆਪਣੇ ਢੰਗਾਂ ਨਾਲ ਵੇਖਦੀਆਂ ਹਨ। ਖ਼ਾਸ ਕਰਕੇ ਅਸੀਂ ਪਰਦੇਸਾਂ ਵਿਚ ਬੈਠੇ ਪੰਜਾਬੀ ਅਥਾਹ ਖਿਆਲਾਂ ਦਾ ਭੰਡਾਰ ਅੱਡੋ ਅੱਡ ਢੰਗਾਂ ਵਿਚ ਪੇਸ਼ ਕਰਦੇ ਹਾਂ ਜਿਹੜਾ ਕਿ ਸਾਡੇ ਦੁਸ਼ਮਣ ਦੇ ਹੱਥ ਹੋਰ ਮਜ਼ਬੂਤ ਕਰਦਾ ਤੇ ਸਾਨੂੰ ਸਹੀ ਨੁਕਤੇ ਤੋਂ ਦੂਰ ਲਿਜਾਂਦਾ ਹੈ। ਜੇ ਅਸੀਂ ਅੱਜ ਇਸ ਗੱਲ ਤੋਂ ਸੁਚੇਤ ਨਹੀਂ ਹੁੰਦੇ ਤਾਂ ਜਿਵੇਂ ਅਸੀਂ ਸੰਤਾਲੀ ਦੀ ਵੰਡ ਦੇ ਲੀਡਰਾਂ ਜਾਂ ਹਰਿਆਣਾ, ਪੰਜਾਬ ਦੀ ਵੰਡ ਦੇ ਲੀਡਰਾਂ ਨੂੰ ਅਸੀਂ ਉਨ੍ਹਾਂ ਦੀ ਘੱਟ ਸਮਝ, ਗਲਤ ਸਟੈਂਪ ਜਾਂ ਅੱਗੇ ਚੱਲ ਕੇ ਚੌਧਰ ਦੀ ਭੁੱਖ ਕਰਕੇ ਜਿਨ੍ਹਾਂ ਲੀਡਰਾਂ ਨੇ ਕੌਮ ਦਾ ਨੱਕ ਤੋੜਿਆ ਜਿਸ ਦੀ ਸਜ਼ਾ ਅੱਜ ਵੀ ਸਾਨੂੰ ਭੁਗਤਣੀ ਪੈ ਰਹੀ ਹੈ। ਪਿਛੋਕੜ ਨੂੰ ਵੇਖਦੇ ਹੋਏ ਸਾਨੂੰ ਅੱਜ ਦੀ ਸਥਿਤੀ ਨੂੰ ਇਕ ਅਜਿਹੇ ਨੁਕਤੇ ਤੋਂ ਲੈਣਾ ਚਾਹੀਦਾ ਹੈ ਜਿਸ 'ਤੇ ਆਉਣ ਵਾਲੀਆਂ ਪੀੜ੍ਹੀਆਂ ਸਾਡੀ ਤਰਾਂ ਪਿਛੋਕੜ 'ਤੇ ਝੂਰਨ ਦੀ ਬਜਾਏ ਸਾਡੇ ਨਿਰਣਿਆਂ 'ਤੇ ਫ਼ਖ਼ਰ ਕਰ ਸਕਣ ਅਤੇ ਨਾ ਹੀ ਸਾਡੀ ਤਰਾਂ ਉਨ੍ਹਾਂ ਨੂੰ ਆਪਣਾ ਖ਼ੂਨ ਡੋਲ੍ਹ ਕੇ ਸਰਮਾਏਦਾਰੀ, ਕੁਰੱਪਟ ਲੀਡਰਸ਼ਿੱਪ ਅਤੇ ਘਟੀਆ ਸਿਆਸਤ ਦੇ ਬੂਟੇ ਨੂੰ ਸਿੰਜਣਾ ਪਵੇ। ਸਾਨੂੰ ਸਭ ਨੁਕਤਿਆਂ ਨੂੰ ਬੜੇ ਗੌਰ, ਸੰਜੀਦਗੀ ਅਤੇ ਠਰੰਮੇ ਨਾਲ ਅਤੇ ਬੜੀ ਖੋਜ ਭਰਪੂਰ ਅੱਖ ਨਾਲ ਵੇਖਣਾ ਪਵੇਗਾ ਕਿ ਮਸਲੇ ਦੀ ਜੜ੍ਹ ਕੀ ਹੈ, ਇਸ ਦੇ ਕਾਰਣ ਕੀ ਸਨ। ਜਿੱਥੇ ਕਿ ਇਹ ਮਸਲੇ ਭਾਵੇਂ ਧਾਰਮਿਕ ਹੋਣ ਭਾਵੇਂ ਰਾਜਸੀ – ਇਨ੍ਹਾਂ ਨੂੰ ਇਤਨਾ ਲੰਬਾ ਕਿਉਂ ਕੀਤਾ ਜਦੋਂ ਕਿ ਸਾਡੇ ਰਾਜ ਤਖ਼ਤ 'ਤੇ ਬੈਠੇ ਹਾਕਮਾਂ ਨੂੰ ਆਪ ਵੀ ਪਤਾ ਸੀ। ਅਤੇ ਨਾਲ ਦੀ ਨਾਲ ਉਹ ਲੋਕ ਵੀ ਇਸ ਗੱਲ ਤੋਂ ਸੁਚੇਤ ਕਰੀ ਜਾਂਦੇ ਸਨ ਜੋ ਇਸ ਗੱਲ ਨੂੰ ਬੁਨਿਆਦੀ ਤੌਰ 'ਤੇ ਚੰਗੀ ਤਰਾਂ ਸਮਝਦੇ ਸਨ। ਇਸ ਲੜਾਈ ਦਾ ਸਿੱਟਾ ਹਜ਼ਾਰਾਂ ਸਾਧਾਰਣ ਲੋਕਾਂ ਦਾ ਘਾਣ ਹੋਵੇਗਾ, ਹਜ਼ਾਰਾਂ ਲੋਕਾਂ ਦੀ ਧਾਰਮਕ ਭਾਵਨਾ 'ਤੇ ਸੱਟ ਮਾਰੇਗਾ ਅਤੇ ਬਾਕੀ ਦੇ ਰਹਿੰਦੇ ਲੋਕਾਂ ਨੂੰ ਮਹਿੰਗਾਈ ਦੀ ਚੱਕੀ ਪੀਂਹਦੀ ਤੁਰੀ ਜਾਵੇਗੀ। ਜੇ ਅਸੀਂ ਸਾਂਝੇ ਦੁਸ਼ਮਣ ਵੱਲ ਹਥਿਆਰ ਸੇਧਣ ਦੀ ਥਾਂ ਆਪਸੀ ਝਗੜਿਆਂ ਵਿਚ ਹੀ ਪਏ ਰਹਾਂਗੇ ਤਾਂ ਇਸ ਨਾਲ ਸਰਮਾਏਦਾਰੀ ਦੀ ਉਮਰ ਹੀ ਲੰਬੀ ਕਰ ਰਹੇ ਹੋਵਾਂਗੇ। ਇਸ ਗੱਲ ਨੂੰ ਸਾਨੂੰ ਹੁਣ ਬਹੁਤ ਚੰਗੀ ਤਰਾਂ ਸਮਝ ਲੈਣਾ ਪਵੇਗਾ ਕਿ ਸਰਮਾਏਦਾਰੀ ਦਾ ਨਾ ਕੋਈ ਧਰਮ ਹੁੰਦਾ ਹੈ ਨਾ ਈਮਾਨ। ਪਿਛਲੇ 37 ਸਾਲਾਂ ਤੋਂ ਧਰਮ ਨਿਰਪੇਖਤਾ ਅਤੇ ਅਹਿੰਸਾ ਦਾ ਨਾਅਰਾ ਦੇਣ ਵਾਲੇ ਇਨ੍ਹਾਂ ਲੀਡਰਾਂ ਦਾ ਭਾਂਡਾ ਚੁਰੱਸਤੇ ਵਿਚ ਫੁੱਟਿਆ ਜਿਸ 'ਚੋਂ ਪਾਣੀ ਨਹੀਂ, ਖ਼ੂਨ ਦੀਆਂ ਧਾਰਾਂ ਵਗੀਆਂ ਅਤੇ ਮਸੂਮਾਂ ਮਜ਼ਲੂਮਾਂ ਦੇ ਚੀਥੜੇ ਲੱਖਾਂ ਹੀ ਲੋਕਾਂ ਦੀਆਂ ਹੱਡੀਆਂ ਦੇ ਚੂਨੇ ਨਾਲ ਉਸਰੇ ਰਾਸ਼ਟਰਪਤੀ ਭਵਨ ਵਿਚ ਵੱਜੇ ਜਿਸ ਤੋਂ ਇਨ੍ਹਾਂ ਲੀਡਰਾਂ ਦੀ ਨੀਤ ਕਿਸੇ ਪੜਦੇ ਦੀ ਮੁਹਤਾਜ਼ ਨਾ ਰਹੀ।

ਖੱਬੀਆਂ ਪਾਰਟੀਆਂ ਨੇ ਹਮੇਸ਼ਾ ਇਸ ਗੱਲ ਦਾ ਸਵਾਲ ਉਠਾਇਆ ਕਿ ਘੱਟ ਗਿਣਤੀਆਂ ਨੂੰ ਲਿਤਾੜ ਕੇ ਬਹੁ-ਗਿਣਤੀ ਦੀ ਰਖੇਲ ਬਣ ਕੇ ਇਹ ਘਟੀਆ ਸਿਆਸਤਦਾਨ ਆਪਣੀ ਕੁਰਸੀ ਕਾਇਮ ਰੱਖਦੇ ਹਨ। ਉਂਜ ਇਥੇ ਇਹ ਗੱਲ ਮੈਂ ਸਪਸ਼ਟ ਲਫ਼ਜ਼ਾਂ ਵਿਚ ਕਹਿਣੀ ਚਾਹੁੰਦਾ ਹਾਂ ਕਿ ਇਹ ਬਹੁ-ਗਿਣਤੀ ਨੂੰ ਨਾਟਕੀ ਢੰਗ ਨਾਲ ਵਰਤਦੇ ਹਨ ਜਿਵੇਂ ਕਿ ਜ਼ੈਲ ਸਿੰਘ, ਦਰਬਾਰਾ ਸਿੰਘ ਜਾਂ ਬਾਦਲ ਆਦਿ ਨੇ ਕੌਮ ਦੇ ਨਾਅਰੇ ਥੱਲੇ ਸਾਨੂੰ ਵਰਤਿਆ। ਯਾਰ ਇਹ ਉਨ੍ਹਾਂ ਦੇ ਵੀ ਨਹੀਂ – ਇਹ ਯਾਰ ਹਨ ਉਨ੍ਹਾਂ ਪੰਜਾਹ ਘਰਾਣਿਆਂ ਦੇ ਜਿਨਾਂ ਦੇ ਹੱਥ ਵਿਚ ਅੱਜ ਭਾਰਤ ਦੇ ਸੱਤਰ ਕਰੋੜ ਲੋਕਾਂ ਦੀ ਰੋਟੀ ਹੈ – ਜਿਨ੍ਹਾਂ ਦੇ ਪੈਸੇ ਨਾਲ ਸਵਿਟਜ਼ਰਲੈਂਡ ਦੇ ਬੈਂਕ ਭਰੇ ਪਏ ਹਨ ਅਤੇ ਸਾਡੇ ਲੋਕਾਂ 'ਤੇ ਵਰਲਡ ਬੈਂਕ ਦੇ ਕਰਜ਼ਿਆਂ ਦਾ ਭਾਰ ਪਾ ਕੇ ਲੋਕਾਂ ਨੂੰ ਅਤੇ ਮੁਲਕ ਨੂੰ ਦੁਨੀਆਂ ਦੇ ਧਨੀ ਵਪਾਰੀਆਂ ਅੱਗੇ ਗਹਿਣੇ ਰੱਖਿਆ ਹੋਇਆ ਹੈ।

ਇਤਨੀ ਕਤਲੋਗਾਰਤ ਅਤੇ ਫੌਜ, ਪੁਲੀਸ ਦੇ ਅੰਨ੍ਹੇ ਤਸ਼ੱਦਦ ਤੋਂ ਬਾਅਦ ਸਾਨੂੰ ਨਿਰਣਾ ਕਰਨਾ ਹੋਵੇਗਾ ਕਿ ਸਾਨੂੰ ਕਿਸ ਕਿਸਮ ਦੀ ਸਰਕਾਰ ਚਾਹੀਦੀ ਹੈ। ਇਹ ਸਪਸ਼ਟ ਹੈ ਕਿ ਅਜੇਹੀਆਂ ਸਰਕਾਰਾਂ ਜਿਨ੍ਹਾਂ ਦੇ ਹੱਥ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ, ਕਦੇ ਵੀ ਸਾਡੇ ਬੁਨਿਆਦੀ ਮਸਲਿਆਂ ਦਾ ਹੱਲ ਨਹੀਂ ਕਰਨਗੀਆਂ। ਜਿੱਥੇ ਕੁਰਸੀ ਲਈ ਦੌੜ ਲੱਗੀ ਹੋਵੇ, ਜਿੱਥੇ ਵੱਧ ਤੋਂ ਵੱਧ ਸਰਮਾਇਆ ਇਕੱਠਾ ਕਰਨ ਦੀ ਦੌੜ ਲੱਗੀ ਹੋਵੇ, ਉਥੇ ਆਮ ਲੋਕਾਂ ਦੇ ਮਸਲੇ 'ਵਿਚਾਰੇ' ਜਾਂਦੇ ਨੇ ਸਿਰਫ਼ ਵੋਟ- ਸਟੰਟ ਭਖਾਉਣ ਵਾਸਤੇ ਤਾਂ ਕਿ ਸਰਮਾਏਦਾਰੀ ਅਗਲੇ ਪੰਜ ਸਾਲ ਲਈ ਫੇਰ ਫਿਰ ਮਜ਼ਬੂਤ ਕਰ ਲਵੇ। ਜੇ ਇਹ ਗੱਲ ਨਾ ਹੁੰਦੀ ਤਾਂ ਸਰਮਾਏਦਾਰ ਟੋਲੇ ਦੀ ਪੂੰਜੀ ਸੰਤਾਲੀ ਵਿਚ ਲੱਖਾਂ ਤੋਂ ਵਧਕੇ ਅੱਜ ਅਰਬਾਂ ਕਰੋੜਾਂ ਨਾ ਹੁੰਦੀ ਅਤੇ ਆਮ ਲੋਕਾਂ ਦੀ ਇਹ ਦੁਰਦਸ਼ਾ ਨਾ ਹੁੰਦੀ ਕਿ ਹੱਡ-ਭੰਨਵੀਂ ਮਿਹਨਤ ਕਰਨ ਤੋਂ ਬਾਅਦ ਵੀ ਪੇਟ ਦੀ ਅੱਗ ਬੁਝਾਉਣ ਵਾਸਤੇ ਸੁੱਕਾ ਟੁੱਕਰ ਵੀ ਨਸੀਬ ਨਾ ਹੋਵੇ! ਇੰਨਾ ਜ਼ੁਲਮ ਕਿਉਂ? ਇਸੇ ਜ਼ੁਲਮ ਨੂੰ ਮਜ਼ਬੂਤ ਰੱਖਣ ਲਈ ਇਹ ਸਰਮਾਏਦਾਰੀ ਸਾਨੂੰ ਬ੍ਰਾਹਮਣਵਾਦੀ ਪਰੰਪਰਾ, ਜਿਸਨੂੰ ਕਿਸਮਤ ਕਹਿੰਦੇ ਹਨ, ਦੇ ਹਥਿਆਰ ਨਾਲ ਕਤਲ ਕਰਦੀ ਹੈ। ਅੱਜ ਸਾਡੀ ਲੋੜ ਉਨਾਂ ਲੋਕਾਂ ਦੇ ਹੀਰੋ ਬਣ ਕੇ ਮੈਦਾਨ ਵਿਚ ਨਿੱਤਰੀਏ ਜਿਨ੍ਹਾਂ ਨੂੰ ਬਾਬਰਾਂ, ਨਾਦਰਾਂ, ਅਬਦਾਲੀਆਂ, ਔਰੰਗਜ਼ੇਬ, ਅੰਗਰੇਜ਼ਾਂ ਅਤੇ ਅੱਗੇ ਚੱਲ ਕੇ ਸਰਮਾਏਦਾਰੀ ਦੀ ਰਖੇਲ ਇੰਦਰਾ ਸਰਕਾਰ ਨੇ ਲੁੱਟਿਆ ਹੈ। ਜੇ ਅਸੀਂ ਆਪਸੀ ਝਗੜਿਆਂ ਵਿਚ ਪਏ ਰਹੇ ਤਾਂ ਜਿੱਥੇ ਅਸੀਂ ਆਪਣੇ ਵਿਰਸੇ ਦੇ ਮੁਤਾਬਕ ਲੋਕਾਂ ਦੇ ਹੀਰੋ ਬਣਨਾ ਹੈ, ਉਥੇ ਅਸੀਂ ਆਪਾ ਵੀ ਗਵਾ ਬੈਠਾਂਗੇ। ਅੱਜ ਦਿੱਲੀ ਅਤੇ ਹਿੰਦੁਸਤਾਨ ਦੇ ਬਾਕੀ ਥਾਵਾਂ ਦੇ ਖ਼ੂਨੀ ਹਾਦਸਿਆਂ ਨੇ ਸਿੱਧ ਕਰ ਦਿਤਾ ਹੈ ਕਿ ਇਨ੍ਹਾਂ ਕੁਰਸੀਆਂ ਵਾਲਿਆਂ ਦੀ ਕੁਟਲ ਨੀਤੀ ਨੇ ਕਿਵੇਂ ਨਸਲ-ਪ੍ਰਸਤੀ ਦੀ ਜ਼ਹਿਰ ਭਰ ਦਿੱਤੀ ਹੈ। ਸਰਮਾਏਦਾਰੀ ਦੀਆਂ ਇਨ੍ਹਾਂ ਚਾਲਾਂ ਨੇ ਸਾਨੂੰ ਜਮਾਤੀ- ਲੜਾਈ ਤੋਂ ਦੂਰ ਰੱਖਿਆ ਹੈ। ਅੱਜ ਅਸੀਂ ਲੜਾਈ ਲੜੀਏ – ਸੌੜੀ ਨਹੀਂ, ਵਿਸ਼ਾਲ ਪੈਮਾਨੇ 'ਤੇ ਜਿਸ ਤਰਾਂ ਅਸੀਂ ਮੇਹਨਤੀ ਸਾਰੇ ਹਿੰਦੁਸਤਾਨ ਭਰ ਵਿਚ ਹਾਂ। ਜੇ ਅਸੀਂ ਸਮੁੱਚੀ ਕੌਮ ਨੂੰ ਪ੍ਰਫੁੱਲਤ ਅਤੇ ਚੜ੍ਹਦੀ ਕਲਾ ਵਿਚ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਸਾਰੇ ਪੰਜਾਬੀ ਨਾਲ ਲੈਣੇ ਪੈਣਗੇ ਭਾਵੇਂ ਉਨ੍ਹਾਂ ਦੀਆਂ ਧਾਰਮਿਕ ਰੁਚੀਆਂ ਵਿਚ ਫਰਕ ਹੋਵੇ ਭਾਵੇਂ ਰਾਜਸੀ ਤੌਰ 'ਤੇ ਉਨ੍ਹਾਂ ਦੇ ਵਿਚਾਰ ਹੋਰ ਹੋਣ, ਨੇਸ਼ਨ, ਬਰਾਦਰੀ, ਕੌਮੀਅਤ ਦਾ ਰੇੜਕਾ ਨਾ ਪਾਈਏ।

(ਬਾਕੀ ਸਫ਼ਾ 34)

• ਅਜਮੇਰ ਰੋਡੇ •

## ਬਾਪੂ ਦੇ ਤਿੰਨ ਬਾਂਦਰ

ਉਹ ਬਾਪੂ ਦੀਆਂ ਧੀਆਂ ਵਰਗੀ
ਪਰਬਤ ਦੀ ਚੋਟੀ 'ਤੇ ਮਰਗੀ।
ਚੋਟੀ ਦੁਆਲੇ ਬਾਪੂ ਦੇ ਤਿੰਨ ਬਾਂਦਰ
ਵਿਛੜੀ ਰੂਹ ਦੀ ਸ਼ਾਂਤੀ ਖ਼ਾਤਰ
ਡੂੰਘੀ ਸੋਚ 'ਚ ਬੈਠੇ।

ਪਹਿਲੇ ਮੂੰਹ 'ਤੋਂ ਉਂਗਲ ਚੁਕੀ
"ਬੁਰਾ ਮਤ ਕਹੋ"
ਨ ਨਿੰਦਿਆ ਨ ਚੁਗਲੀ ਗਾਲੀ
ਨ ਭੜਕੇ ਭੜਕਾਏ
ਐਸੇ ਪਲ ਹੀ ਪਰਬਤ ਬੱਲੇ ਜਾਓ
ਪਰਬਤ ਦੇ ਪੈਰਾਂ ਵਿਚ ਰਹਿੰਦੇ
ਛੋਟੇ ਮੋਟੇ ਲੱਖ ਹਜ਼ਾਰਾਂ ਜੀਵਾਂ ਵਿਚੋਂ
ਗਿਆਰਾਂ ਸੌ ਦੀ ਬਲੀ ਚੜ੍ਹਾਏ।

ਦੂਜੇ ਬਾਂਦਰ ਕੰਨਾਂ ਉਤੋਂ ਉਂਗਲ ਚੁੱਕੀ
"ਬੁਰਾ ਮੱਤ ਸੁਣੋ"
ਨ ਕੋਈ ਤਰਲਾ ਨ ਕੋਈ ਮਿੰਨਤ
ਨ ਕੋਈ ਸਿਸਕੀ ਨ ਕੋਈ ਹਉਕਾ
ਹਾਲ ਪਾਹਰਿਆ ਕਰ ਅਣਸੁਣਿਆਂ
ਗਿਆਰਾਂ ਸੌ ਨੂੰ ਅਗਨ ਦੀ ਭੇਟ ਚੜ੍ਹਾਓ।

ਤੀਜੇ ਬਾਂਦਰ ਅੱਖਾਂ 'ਤੋਂ ਹੱਥ ਚੁੱਕੇ
"ਬੁਰਾ ਮੱਤ ਦੇਖੋ"
ਨ ਕੋਈ ਦੋਖੀ ਨ ਕੋਈ ਸ਼ੱਤਰੂ ਨ ਕੋਈ ਪਾਪ ਦਾ ਭਾਗੀ
ਬੱਚਾ ਬੁੱਢਾ ਅਣਡਿੱਠ ਕਰਕੇ ਹਵਨ ਕੁੰਡ ਵਿਚ ਪਾਓ।
ਚੋਟੀ ਉੱਤੇ ਅਟਕੀ ਰੂਹ ਨੂੰ ਮੁਕਤ ਕਰਾਓ।

ਜੋ ਪਰਬਤ ਦੀ ਚੋਟੀ ਮੋਈ
ਜੱਗ ਵਿਚ ਉਸਦੀ ਚਰਚਾ ਹੋਈ
ਮਰ ਕੇ ਉਹ ਤਾਂ ਹੋਰ ਵੀ ਉੱਚੀ ਹੋਈ
ਦੇਸੀ ਘਿਉ ਦੀ ਚੰਦਨ ਦੀ ਖ਼ੁਸ਼ਬੂ
ਗਿਆਰਾਂ ਸੌ ਰੂਹਾਂ ਦੀ ਧੂਫ 'ਚ
ਉਸ ਦੀ ਦੇਹ ਸਮੋਈ।

ਜੋ ਗਿਆਰਾਂ ਸੌ ਦੇਹਾਂ
ਪਰਬਤ ਦੇ ਪੈਰਾਂ ਵਿਚ ਮੋਈਆਂ
ਕਿੱਥੇ ਗਈਆਂ ?
ਕੁਝ ਵੱਢੀਆਂ ਅਣਵੱਢੀਆਂ ਗਈਆਂ
ਕੁਝ ਗਈਆਂ ਛੱਪੜਾਂ ਵਿਚ ਗੱਡੀਆਂ
ਕੁਝ ਕੁੱਤਿਆਂ ਦੇ ਪੇਟ ਆਫਰੇ
ਕੁਝ ਗਿਰਝਾਂ ਨੇ ਕੁੱਖਾਂ ਕੱਢੀਆਂ
ਕੁਝ ਬਲ ਗਈਆਂ ਵਾਂਗ ਪਤੰਗੇ
ਕੁਝ ਹੋ ਤੋਰਾ ਤੋਰਾ ਸੜੀਆਂ।
ਚਲੋ ਇਹ ਟੁੱਟੀਆਂ ਭੱਜੀਆਂ ਦੇਹਾਂ
ਇਕ ਪਾਸੇ ਤਾਂ ਲੱਗੀਆਂ।

ਪਰ ਜਿੰਨ੍ਹਾਂ 'ਚੋਂ ਰੂਹਾਂ ਸੜੀਆਂ
ਲੱਖ ਹਜ਼ਾਰਾਂ ਐਸੀਆਂ ਦੇਹਾਂ
ਵਿਚ ਬਜ਼ਾਰਾਂ ਭਟਕਣ ਪਈਆਂ
ਆਪਣੇ ਵਿੱਛੜੇ ਜਿਉਂਦੇ ਮੋਏ
ਫਿਰਨ ਲੱਭਦੀਆਂ
ਉਹ ਦੇਹਾਂ ਕਿਸ ਪਾਸੇ ਲੱਗੀਆਂ ?

ਵਾਹ ਨੀ ਦਿੱਲੀਏ ਵਾਹ
ਤੇਰੇ ਪਰਬਤ ਦੀ ਚੋਟੀ 'ਤੋਂ
ਤੇਰੇ ਬਾਪੂ ਦੇ ਤਿੰਨ ਬਾਂਦਰ
ਸਾਡੇ ਸਿਰਾਂ 'ਚ ਪਾਉਣ ਸੁਆਹ।
ਪਰਬਤ ਦੇ ਪੈਰਾਂ ਵਿਚ ਰਹਿੰਦੇ
ਕਦ ਤੱਕ ਸਹਿਣਗੇ ਇੰਜ ਭਲਾ
ਮੂੰਹ ਵਿਚ ਜਾਂਦੀ ਮੁਰਦਾ ਸੁਆਹ।

•

(RICHMOND, B.C.)

## ਮੌਤ ਦੀ ਖਬਰ

ਮਿਤਰ ਰਾਸ਼ਾ

ਪਿਡੋਂ ਖਬਰ ਆਈ ਹੈ
ਮੌਤ ਦੀ!
ਬੰਦੇ ਮਰੇ ਹਨ
ਬਿਮਾਰੀ ਨਾਲ
ਭੁੱਖ ਮਰੀ ਨਾਲ
ਫਸਾਦਾਂ ਨਾਲ
.ਫਸਾਦ!?
ਮਜ਼ਹਬ ਦੇ ਨਾਂ ਤੇ ਹੋਏ ਸਨ
ਆਪਣੇ ਆਪਣੇ ਰੱਬ ਦੀ
ਵੱਡਿਆਈ ਕਰਦਿਆਂ
ਆਪਣੇ ਆਪਣੇ ਰੱਬ ਦੀ
ਚੰਗਿਆਈ ਦਸਦਿਆਂ
ਤਲਵਾਰਾਂ, ਸੋਟੇ
ਮਸ਼ੀਨ ਗੱਨਾਂ ਨਿਕਲ ਆਈਆਂ
ਧਰਤੀ ਤੇ ਲਾਸ਼ਾਂ ਵਿੱਛ ਗਈਆਂ
ਬੰਦੇ ਮਰੇ ਹਨ
ਤੁਰ ਰਹੇ ਸਨ ਮਾਰਨ ਵਾਲੇ
ਮਜ਼ਹਬ ਦੀ ਬੁੱਕਲ ਕਰਕੇ
ਮਜ਼ਹਬ ਦੀ ਡੰਗੋਰੀ ਫੜ ਕੇ
ਅੱਖਾਂ ਤੇ ਮਜ਼ਹਬ ਦੀ ਚਰਬੀ ਧਰ ਕੇ

ਪਹਿਲਾਂ ਰੌਸ਼ਨੀ ਕਰ ਲਓ
ਫੇਰ ਹਨੇਰ ਦੀ ਗੱਲ ਕਰਨਾ
ਹਨੇਰ ਵਿਚ ਹਨੇਰ ਦੀ ਗੱਲ ਕਰਦਿਆਂ
ਕੁੱਝ ਨਹੀਂ ਸਰਨਾ

ਮਾਸੂਮ ਮਰੇ ਹਨ
ਕੰਜਕਾਂ ਮਰੀਆਂ ਹਨ
ਭੈਣਾਂ ਮਰੀਆਂ ਹਨ
ਵੀਰੇ ਮਰੇ ਹਨ

ਕਿੰਨੀ ਦੇਰ ਹੋਰ ਚੱਲੇਗੀ ਉਸ਼ਟੰਡਤਾ
ਉੱਤਰ ਦਿਓ
ਮੁੱਲਕ ਦਿਓ ਹਾਕਮੋਂ
ਉੱਤਰ ਦਿਓ
.ਖਲਕ ਦਿਓ ਰਾਖਿਓ

ਬੜੇ ਮਹਿੰਗੇ ਹਨ
ਖੂਨ ਦੇ ਤੁਬਕੇ
ਸੜਕਾਂ ਤੇ ਨਾ ਡੋਲੇ
ਬੜੇ ਮਹਿੰਗੇ ਹਨ
ਲਾਲ ਮਾਵਾਂ ਦੇ
ਗੱਲੀਆਂ 'ਚ ਨਾ ਰੋਲੋ

ਖੁਸਹਾਲੀ ਦੀ ਮੰਗ ਵਾਲਿਓ
ਵਿਹੁ ਦੀ ਪਨੀਰੀ ਨਾ ਲਾਓ
ਨ.ਫਰਤ ਦੇ ਨਾਗ ਨੂੰ ਕੀਲੋ
ਮੌਤ ਦੀ ਮੁਹਾਰਨੀ ਨਾ ਗਾਓ

ਚੰਨ ਤੇ ਕਬਜ਼ਾ ਹੋਣ ਵਾਲਾ ਹੈ
ਤੁਸੀਂ ਮੰਦਰ ਲਈ
ਤੁਸੀਂ ਮਸਜਦ ਲਈ
ਲੜ ਰਹੇ ਹੋ
ਰੱਬ ਦੇ ਟੁਕੜੇ
ਕਰ ਰਹੇ ਹੋ

ਮੌਤ ਦਾ ਨਾਚ ਨੱਚਣ ਵਾਲਿਓ
ਜ਼ਿੰਦਗੀ ਦੇ ਸੱਖਣੇ ਭਾਂਡੇ 'ਚ
ਮੌਤ ਦੀ ਨਹੀਂ
ਖੁਸ਼ੀਆਂ ਭਰੀ ਜਿੰਦਗੀ ਦੀ
ਖੈਰ ਪਾਓ
ਜ਼ਿਦਗੀ ਜੀਉਣ ਲ.ਈ ਹੈ
ਮਰਨ ਲਈ
ਵਾਜਾਂ ਨਾ ਲਗਾਓ
ਪਿੰਡੋਂ ਖਬਰ ਆਈ ਹੈ
ਮੌਤ ਦੀ!

# ਇਕ ਖ਼ਤ : ਇਕ ਵਿਚਾਰ

ਪਿਆਰੇ ਸੰਪਾਦਕ ਜੀ,

ਭਾਰਤ ਹੁਣ ਉਸ ਚੁਰਾਹੇ 'ਤੇ ਖੜ੍ਹਾ ਹੈ ਜਿਥੋਂ ਹਵਾ ਦੇ ਬੁੱਲੇ ਨਾਲ ਕਿਸੇ ਪਾਸੇ ਨੂੰ ਵੀ ਉੜ੍ਹ ਸਕਦਾ ਹੈ। ਰਜੀਵ ਗਾਂਧੀ ਦੀ ਹਕੂਮਤ ਵੀ ਉਸ ਦੀ ਮਾਂ ਦੀ ਸਰਕਾਰ ਵਾਂਗੂ ਗੱਦੀ ਨੂੰ ਚੰਬੜ ਰਹੀ ਹੈ। ਲੋਕਾਂ ਦੇ ਜਜ਼ਬਾਤਾਂ ਨਾਲ ਖੇਲ ਕੇ ਜੇ ਚੋਣਾਂ ਜਿੱਤ ਵੀ ਲਈਆਂ ਤਾਂ ਕੀ ਭਾਰਤ ਦੇ ਮਸਲੇ ਹੱਲ ਹੋ ਜਾਣਗੇ? ਅੱਜ ਸਰਕਾਰ ਨੂੰ ਲੋਕਾਂ ਦਾ ਵਿਸ਼ਵਾਸ਼ ਜਿੱਤਣ ਲਈ ਕੌਮੀ ਸਰਕਾਰ ਬਣਾਉਣ ਦੀ ਲੋੜ ਸੀ ਨਾਂ ਕਿ ਚੋਣਾਂ ਕਰਵਾਉਣ ਦੀ। ਭਾਰਤ ਦੀ ਸਿਆਸੀ ਆਜ਼ਾਦੀ (1947) ਤੋਂ ਲੈ ਕੇ ਅੱਜ ਤੱਕ ਦੀਆਂ ਸਰਕਾਰਾਂ ਨੇ ਜਨਤਾ ਵਿਚ ਪਾਟਕ ਪਾ ਕੇ ਉਨ੍ਹਾਂ 'ਤੇ ਰਾਜ ਕਰਨਾ ਸਿੱਖਿਆ ਹੈ ਪਰ ਦੇਸ਼ ਦੀਆਂ ਲੋੜਾਂ ਨੂੰ ਪੂਰਾ ਕਰਨਾ ਇਨ੍ਹਾਂ ਲਈ ਸਦਾ ਹੀ ਦੂਜੇ ਦਰਜੇ 'ਤੇ ਆਇਆ। ਕਾਸ਼! ਜਨਤਾ ਇਨ੍ਹਾਂ ਦੀਆਂ ਕੋਝੀਆਂ ਚਾਲਾਂ ਨੂੰ ਸਮਝ ਲੈਂਦੀ!

ਸਿੱਖਾਂ ਦੀਆਂ ਮੰਗਾਂ ਪੰਜਾਬ ਦੇ ਲਾਭ ਲਈ ਸਨ ਨਾ ਕਿ ਅਕਾਲੀਆਂ ਲਈ। ਭਾਵੇਂ 1978 ਵਿਚ ਜਨ-ਸੰਘ ਅਤੇ ਸੀ.ਪੀ. ਆਈ ਐਮ. ਨੇ ਲੁਧਿਆਣੇ ਦੀ ਕਾਨਫਰੰਸ ਦੇ ਮਤੇ ਨੰਬਰ ਤਿੰਨ ਦੀ ਪਰੋੜਤਾ ਕੀਤੀ ਸੀ ਪਰ ਪੁਰ-ਜ਼ੋਰ ਸਿੱਖਾਂ ਦਾ ਸਾਥ ਨਾ ਦੇਣ ਕਰਕੇ, ਇਹ ਸੁਝਾਉ ਕੇਵਲ ਸਿੱਖਾਂ ਦੀਆਂ ਮੰਗਾਂ ਹੀ ਬਣ ਕੇ ਰਹਿ ਗਈਆਂ। ਇਸ ਦਾ ਫਲ ਰੂਪ ਸ੍ਰੀ ਡਿਸਾਈ ਅਤੇ ਸ੍ਰੀਮਤੀ ਗਾਂਧੀ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਮੰਗਾਂ ਨੂੰ ਮਾਨਤਾ ਦੇਣੋਂ ਨਾਂਹ।

ਪੰਜ ਜੂਨ ਦਾ ਹਰਿਮੰਦਰ ਸਾਹਿਬ 'ਤੇ ਹਮਲਾ ਕੇਵਲ ਸੰਤ ਭਿੰਡਰਾਂ ਵਾਲੇ ਨੂੰ ਖ਼ਤਮ ਕਰਨ ਲਈ ਸੀ ਨਾ ਕਿ ਕਿਸੇ ਭਾਰਤ ਦੀ ਭਾਰੀ ਨੂੰ ਦੂਰ ਕਰਨ ਲਈ ਸੀ। ਸੰਤ ਜੀ ਅਤੇ ਸਰਕਾਰੇ ਹਿੰਦ ਦੇ ਵਿਚਕਾਰ ਖ਼ਾਸ ਭੇਤ ਸਨ। ਸੰਤ ਜੀ ਨੂੰ ਕਚਹਿਰੀ ਵਿਚ ਲੈ ਕੇ ਆਉਣ ਨਾਲ ਸਾਰਾ ਭਾਂਡਾ ਫੁੱਟ ਜਾਣਾ ਸੀ। ਇਸ ਭੇਤ ਨੂੰ ਭੇਤ ਹੀ ਰੱਖਣ ਲਈ ਹਿੰਦ ਸਰਕਾਰ ਨੇ ਆਪਣੀ ਸਿਆਸਤ ਦਾ ਦੀਵਾਲਾ ਦੇ ਦਿੱਤਾ। ਕੌਮ ਨੂੰ ਫਿਰਕਾਪ੍ਰਸਤੀ ਦੇ ਰੰਗ ਦੇ ਕੇ ਦੇਸ਼ ਦੀ ਦੁਰਦਸ਼ਾ ਕਰ ਦਿੱਤੀ। ਸਾਰੇ ਦੇਸ਼ ਵਿਚ ਗੁਰਦੁਆਰੇ ਢਾਹੁਣ ਕਰਕੇ ਹਾਹਾਕਾਰ ਮੱਚ ਗਈ। ਦੱਖਣ ਤੋਂ ਉੱਤਰ ਤੱਕ, ਪੂਰਬ ਤੋਂ ਪੱਛਮ ਤੱਕ ਜਨਤਾ ਨੇ ਹ ਦਾ ਨਾਹਰਾ ਮਾਰ ਕੇ ਹਜ਼ਾਰਾਂ ਮਰੇ ਸਿੱਖਾਂ ਨੂੰ ਸਿਰ ਝੁਕਾਇਆ।

ਸ੍ਰੀਮਤੀ ਗਾਂਧੀ ਦੀ ਹੱਤਿਆ ਦਾ ਅਫਸੋਸ ਹੈ, ਪਰ ਉਸ ਤੋਂ ਉਪਰੰਤ ਵਾੜ ਨੇ ਖੇਤਾਂ ਨੂੰ ਉਜਾੜਨਾ ਆਰੰਭ ਦਿੱਤਾ ਜਿਸਨੇ ਹਰ ਨਾਰਮਲ ਵਿਅਕਤੀ ਦਾ ਦਿਲ ਹੀ ਤੋੜ ਦਿੱਤਾ। ਇਉਂ ਲੱਗਦਾ ਸੀ, ਜਿਵੇਂ ਪਹਿਲਾਂ ਹੀ ਇਹ ਸਭ ਪਲੈਨ ਕੀਤਾ ਹੋਇਆ ਸੀ। ਸਰਕਾਰੂ ਕਾਰਿੰਦੇ ਸਿੱਖਾਂ ਦੀਆਂ ਮੌਤਾਂ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਲੁੱਟ ਹੁੰਦਿਆਂ ਦੇਖ ਕੇ ਖੁਸ਼ ਹੁੰਦੇ ਦੇਖੇ ਗਏ। ਰਾਜੀਵ ਗਾਂਧੀ ਵੀ ਕਈ ਹਜ਼ਾਰ ਜਾਨਾਂ ਜਾਣ ਤੋਂ ਮਗਰੋਂ ਜਾਗੇ। ਲੋਕਾਂ ਨੂੰ ਵਿਸ਼ਵਾਸ਼ ਵਿਚ ਲੈਣ ਦੀ ਬਜਾਏ ਚੋਣਾਂ ਮਗਰ ਪੈ ਗਿਆ।

ਦੋਸਤੋ! ਇਹ ਲੜਾਈ ਭਾਰਤੀ ਲੋਕਾਂ ਅਤੇ ਉਥੋਂ ਦੀ ਸਰਕਾਰ ਦੀ ਹੈ ਨਾ ਕਿ ਹਿੰਦੂ ਸਿੱਖਾਂ ਦੀ। ਹੁਸ਼ਿਆਰ ਅਤੇ ਗੁਮਰਾਹ ਸਿਆਸੀ ਨੇਤਾ ਧਰਮ ਨੂੰ ਸਿਆਸੀ ਲਾਭਾਂ ਲਈ ਵਰਤ ਰਹੇ ਹਨ। ਬਾਹਰਲੇ ਦੇਸ਼ਾਂ ਵਿਚ ਬੈਠੇ ਭਾਰਤੀਆਂ ਦਾ ਫਰਜ਼ ਹੈ ਕਿ ਆਪਣੀ ਕਰੈਡੇਬਿਲੀਟੀ ਨੂੰ ਉੱਚਾ ਚੁੱਕਣ ਅਤੇ ਆਪਣੇ ਆਪ ਨੂੰ ਇਕ ਲੜੀ ਵਿਚ ਪਰੋਣ। ਸਿੱਖਾਂ ਦੀ ਏਕਤਾ ਅਤੇ ਉਨ੍ਹਾਂ ਦਾ ਬਾਕੀ ਭਾਰਤੀ ਕਮਿਊਨਿਟੀ ਨਾਲ ਭਰੱਪਣ ਪੈਦਾ ਕਰਨ ਨਾਲ ਹੀ ਮਸਲਿਆਂ ਦਾ ਹੱਲ ਮਿਲਣਾ ਹੈ। ਸਿੱਖ ਜੀਵਨੀ ਜਿਉਣਾ ਅਤੇ ਗੁਰੂ ਗੋਬਿੰਦ ਸਿੰਘ ਜੀ ਵਾਂਗੂੰ ਥੱਲੇ ਤੋਂ ਉਪਰ ਦੇ ਆਗੂ ਚੁਣਨ ਨਾਲ ਸਿੱਖ ਏਕਤਾ ਹੋਵੇਗੀ।

ਝਾਤ ਮਾਰ ਕੇ ਨਿਰਣਾ ਕਰਨ ਤੋਂ ਸਾਫ ਦਿਸਦਾ ਹੈ ਕਿ ਕਿਸੇ ਕਿਸਮ ਦੀ ਵੀ ਦੁਰਘਟਨਾ ਵਿਚ ਭਾਵੇਂ ਹਰਿਮੰਦਰ ਸਾਹਿਬ 'ਤੇ ਹਮਲਾ, ਫਿਰਕਾਪ੍ਰਸਤਾਂ ਦੇ ਫਸਾਦ ਜਾਂ ਸਰਮਾਏਦਾਰਾਂ ਦੇ ਮੁਨਾਫ਼ੇ ਦਾ ਨਤੀਜਾ (ਭਾਵ ਯੂਨੀਅਨ ਕਾਰਬਾਈਡ ਦਾ ਗੈਸ ਲੀਕ) - ਬਲੀਆਂ ਗਰੀਬਾਂ ਨੂੰ ਹੀ ਦੇਣੀਆਂ ਪੈਂਦੀਆਂ ਹਨ। ਕਰਦਾ ਕੋਈ ਹੈ ਅਤੇ ਭਰਦਾ ਕੋਈ ਹੈ। ਤਾਂਏ, ਆਉ 'ਕੱਠੇ ਹੋ ਕੇ ਇਨ੍ਹਾਂ ਲੋਕ ਧਰੋਹੀ ਰੂਲਿੰਗ ਜਮਾਤਾਂ ਨੂੰ ਸਿਰਤੋੜ ਹਾਰ ਦੇਈਏ।

ਹਿੰਦੁਸਤਾਨ ਦਾ ਕਲਿਆਣ ਤਦ ਹੀ ਹੋਵੇਗਾ ਜਦ ਉਥੋਂ ਦੇ ਲੋਕ ਉਥੋਂ ਦੇ ਰਾਜ-ਭਾਗ ਨੂੰ ਆਪਣੇ ਹੱਥਾਂ ਵਿਚ ਲੈ ਕੇ ਉਥੋਂ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਜੜ੍ਹਾਂ ਤੋਂ ਪੁੱਟ ਦੇਣ। ਕੁਣਬਾ-ਪਰਵਰੀ, ਫਿਰਕਾਪ੍ਰਸਤੀ, ਗੁੱਟ-ਬੰਦੀ, ਚੋਰ ਬਜ਼ਾਰੀ ਅਤੇ ਰਿਸ਼ਵਤਖ਼ੋਰੀ ਦਾ ਨਾਸ ਕਰਕੇ ਲੋਕਾਂ ਦਾ ਆਪਣੇ ਆਪ ਵਿਚ ਵਿਸ਼ਵਾਸ਼ ਪੈਦਾ ਕਰਨ। ਲੋਕਾਂ ਨੂੰ ਦਬਾਉਣ ਲਈ ਫੌਜਾਂ ਦੀ ਵਰਤੋਂ ਕਦੇ ਵੀ ਨਾ ਕਰਨੀ ਪਵੇ। ਜੇ ਕਿਸੇ ਨੇ ਆਪਣੀ ਗੱਦੀ ਨੂੰ ਕਾਇਮ ਰੱਖਣ ਲਈ ਲੋਕਾਂ ਦੇ ਜਜ਼ਬਾਤਾਂ ਨਾਲ ਖੇਲਣਾ ਚਾਹਿਆ ਤਾਂ ਲੋਕ ਇਸ ਤਰਾਂ ਦੀਆਂ ਸਰਕਾਰਾਂ ਨੂੰ ਪੈਰਾਂ ਥੱਲੇ ਕੁਚਲ ਦੇਣਗੇ ਅਤੇ ਭਾਰਤ ਦਾ ਨਕਸ਼ਾ ਵੀ ਬਦਲ ਦੇਣਗੇ। ● ਝਲਮਣ ਸਿੰਘ ਗੋਸਲ, ਬਰੈਂਪਟਨ (ONT.)(ਕੁਝ ਚਿਰ ਲਈ)





# Jay's Travel Ltd.

10421 - 80 Avenue, Edmonton, Alta. T6E 1V1
Ph. 403(432-7017)-4 lines

**COMPLETE TRAVEL SERVICE—WORLDWIDE**

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

**UNBEATABLE RATES TO**

*India, Pakistan, Sri Lanka, East Africa and Lebanon*

# BOMBAY SWEETS MFG. INCORPORATED

## FOR LARGEST VARIETY IN INDIAN SWEETS

• ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ

• ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ

ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722

**OPEN EVERY DAY 9 A.M. TO 9:30 P.M.**

# VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ੍ਹ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਾਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**

**KENNY K. H. NG** B.Sc. (PHARM.) R.P.E.B.C.

**PAUL C. Y. FU** B.Sc. (PHARM.) R.P.E.B.C.

**6407 MAIN ST.
VANCOUVER, B.C.**

# PAUL'S
*PLUMBING & ELECTRICAL SUPPLY*



'OPEN ON SUNDAYS TOO'

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***
***PH: 872-3118*** Supply
***872-7227*** Service



# kESri
**SWEETS & RESTAURANT LTD.**

*Retailer & Wholesaler*

*We Cater for*
*Weddings & Parties*

1424 GERRARD ST. EAST
TORONTO, ONT. M4L 1Z6
Tel. 466-0173

WATNO DUR
P.O. Box 9545
Edmonton, Alberta, T6E 5X2
Second Class Mail Reg. No. 3233
Date of issue: Jan 23, 1985

TO:

ਫਰੰਟੀਅਰ ਕਲਾਥ ਹਾਊਸ




NEW DESIGNS
& NEW FASHIONS
SAREES

We have the largest variety
in Punjabi suits
both in designs & Quality

FRONTIER CLOTH HOUSE LTD.
6695 MAIN STREET VANCOUVER, B.C.
PHONE NO. 325-4424 or 325-3515